ਸਾਲ ਤੇਰ੍ਹਵਾਂ, ਮਹੀਨਾ ਫਰਵਰੀ, 2008

ਫਾਉਂਡਰ ਚੇਅਰਮੈਨ

**ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ**

ਚੇਅਰਪਰਸਨ

**ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ**

## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order, Cheque, Draft & correspondence**
**V.G.R.M Charitable Trust 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.**

Office 'Atam Marg' Ph. No. - 0160-2255002,
Fax.-2255009, , *Mobile – 9417214391,79*

## FOREIGN (ਵਿਦੇਸ਼) CONTACT NO.

**U.S.A. - Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319
**Bibi Sukhvinder Kaur Bains**
Phone : 403-270-3387
**Canada - Bhai Sarmukh Singh Pannu**
Phone - 604-433-0408
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Australia - Bhai Jiwan Singh ji**
Phone : 03-943-65865, Fax : 03-943-65867

**For more information please visit us on internet at:-**
**Email : atammarg@glide.net.in**
http:# www.ratwarasahib.org, http # www.ratwarasahibmedia.org

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**

# ਤੱਤਕਰਾ


| | |
|---|---|
| 1. ਸੰਪਾਦਕੀ | 2 |
| 2. ਚਉਥੈ ਪਹਿਰ ਸਬਾਹ ਕੇ | 4 |
| 3. ਜਗਿਆਸੂਆਂ ਪ੍ਰਥਾਇ ਅਨੁਭਵੀ ਪ੍ਰਵਚਨ | 8 |
| 4. ਰਤਵਾੜਾ ਸਾਹਿਬ ਛਿਪੇ ਹੋਏ ਹੱਥ | 29 |
| 5. ਹਰਿਕੀਰਤ ਸਾਧ ਸੰਗਤਿ ਹੈ | 37 |
| 6. ਸੰਤ ਬਿਮਲਾ ਸਿੰਘ | 45 |
| 7. ਮਨੋਭਾਵਾਂ ਦੀ ਰਚਨਾਤਮਕ ਵਰਤ | 53 |
| 8. ਮਾਨਵਤਾ ਦੇ ਨਾਂ | 58 |


## SUBSCRIPTION – ਚੰਦਾ – (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- (For outstation cheques) | |

## ਸੰਪਰਕ ਨੰ. ਰਤਵਾੜਾ ਸਾਹਿਬ


| | |
|---|---|
| ਰਤਵਾੜਾ ਸਾਹਿਬ | 0160-2255001 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ – | 9417214378 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਜਰਨਲ – 9417214384, ਬੀ ਐਡ ਕਾਲਜ – | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |
| ਅਖੰਡਪਾਠ ਬੁਕਿੰਗ | 9417214386 |
| ਅਕਾਊਂਟੈਂਟ | 9417214390 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ –**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ – ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ

***ਬਾਰਹਮਾਹਾ ਮਾਝ ਮਹਲਾ ੫ ਘਰੁ ੪***
***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥***
***ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥***
***ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥***
***ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥***
***ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥***
***ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥***
***ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥***
***ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥***
***ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥***
***ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥***
***ਪੰਨਾ - 136***

ਫਲਗੁਣਿ ਦੇ ਮਹੀਨੇ ਪੋਹ ਮਾਹ ਦੀ ਕਰੜੀ ਸਰਦੀ ਕੱਕਰ ਪਾਲਾ, ਤੰਗ ਨਹੀਂ ਕਰਦਾ, ਸਗੋਂ ਰੁੱਤ ਫਿਰ ਜਾਂਦੀ ਹੈ, ਮੌਸਮ ਮਿੱਠਾ ਹੋ ਜਾਂਦਾ ਹੈ ਅਤੇ ਬਹਾਰ ਦੀਆਂ ਖੁਸ਼ੀਆਂ, ਹੋਲੀਆਂ ਦੇ ਰੰਗ ਤਮਾਸ਼ਿਆਂ ਰਾਹੀਂ ਪ੍ਰਗਟ ਕੀਤੀਆਂ ਜਾਂਦੀਆਂ ਹਨ ਪਰ ਗੁਰੂ ਮਹਾਰਾਜ ਅੰਦਰ ਦੀ, ਆਤਮਿਕ ਅਨੰਦ ਦੀ ਪ੍ਰਾਪਤੀ ਦੀ ਗੱਲ ਕਰਦੇ ਹਨ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ -

***ਅਨੰਦੁ ਅਨੰਦੁ ਸਭੁ ਕੋ ਕਹੈ ਅਨੰਦੁ ਗੁਰੂ ਤੇ ਜਾਣਿਆ॥***
***ਪੰਨਾ - 917***

ਅਰਥਾਤ ਸਾਰੇ ਹੀ ਬਾਹਰੀ ਸੰਸਾਰੀ ਖੁਸ਼ੀਆਂ ਦੀ ਗੱਲ ਕਰਦੇ ਹਨ, ਜੋ ਥੋੜ੍ਹੇ ਸਮੇਂ ਲਈ ਹੁੰਦੀ ਹੈ ਤੇ ਜਿਸ ਦਾ ਪ੍ਰਤੀਕਰਮ ਅਕਸਰ ਗਮੀ ਵਿਚ ਹੀ ਹੁੰਦਾ ਹੈ। ਅਸਲ ਅਨੰਦ, ਅਸਲ ਖੁਸ਼ੀ, ਵਿਸਮਾਦ ਦਾ ਭੇਦ ਗੁਰੂ ਹੀ ਦਸਣਯੋਗ ਹਨ। ਇਹ ਅਨੰਦ ਅੰਦਰ ਦੇ ਖੇੜੇ ਦਾ ਅਨੰਦ ਹੈ ਜੋ ਸਦੀਵ ਕਾਲ ਲਈ ਹੁੰਦਾ ਹੈ ਤੇ ਜਿਸ ਦਾ ਪ੍ਰਤੀਕਰਮ ਕਦੀ ਵੀ ਬੁਰਾ ਨਹੀਂ ਹੁੰਦਾ। ਸੋ ਫੱਗਣ ਵਿਚ ਉਨ੍ਹਾਂ ਜੀਵ ਇਸਤ੍ਰੀਆਂ ਦੇ ਅੰਦਰ ਆਤਮਕ ਅਨੰਦ ਪੈਦਾ ਹੁੰਦਾ ਹੈ ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪ੍ਰਤੱਖ ਆ ਵਸਦਾ ਹੈ। ***(ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ)*** ਇਸ ਪ੍ਰਭੂ ਮਿਲਾਪ ਵਿਚ ਸਹਾਇਤਾ ਕਰਦੇ ਹਨ, ਸੰਤ, ਜੋ ਪ੍ਰਭੂ ਪਿਆਰ, ਪ੍ਰਭੂ ਸਿਫਤਿ ਸਾਲਾਹ, ਨਾਮ-ਜਪ-ਸਿਮਰਨ ਰਾਹੀਂ ਜੀਵ ਇਸਤ੍ਰੀਆਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ ***(ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ)*** ਪਤੀ-ਪ੍ਰਭੂ ਮਿਲਣ ਨਾਲ ਉਨ੍ਹਾਂ ਜੀਵ ਇਸਤ੍ਰੀਆਂ ਦੀ ਹਿਰਦਾ ਸੇਜ ਸੁੰਦਰ ਬਣ ਜਾਂਦੀ ਹੈ, ਉਨ੍ਹਾਂ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਫੇਰ ਦੁਖਾਂ ਲਈ ਉਨ੍ਹਾਂ ਦੇ ਹਿਰਦੇ ਵਿਚ ਰਤਾ ਥਾਂ ਨਹੀਂ ਰਹਿ ਜਾਂਦੀ ***(ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ)*** ਇਸ ਤਰ੍ਹਾਂ ਐਸੀਆਂ ਵਡਭਾਗਣੀਆਂ ਇਸਤ੍ਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਉਹ ਹਰੀ-ਪ੍ਰਭੂ ਮਿਲ ਜਾਂਦਾ ਹੈ ਜਿਸਦੀ ਕਿੰਨੇ ਸਮੇਂ ਤੋਂ ਉਡੀਕ ਸੀ। ***(ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ)*** ਇਸ ਮਿਲਾਪ ਹੋਣ ਦੀ ਖ਼ੁਸ਼ੀ ਵਿਚ ਉਹ ਸਤ-ਸੰਗੀਆਂ ਸਖੀਆਂ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫਤਿ-ਸਾਲਾਹ ਦੇ ਗੀਤ ਗਾਉਂਦੀਆਂ ਹਨ, ਅਰਥਾਤ ਆਤਮਿਕ ਅਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਉਂਦੀਆਂ ਹਨ ***(ਮਿਲਿ ਸਹੀਆਂ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ)*** ਹੁਣ ਜਦੋਂ ਸਰਬ-ਸਮਰੱਥ ਸ੍ਰਿਸ਼ਟੀ ਦਾ ਰਚਨਹਾਰ ਮਾਲਕ ਪ੍ਰਭੂ-ਪਤੀ ਮਿਲ ਗਿਆ ਤਾਂ ਇਹ ਅਨੁਭਵ ਵੀ ਪ੍ਰਾਪਤ ਹੋਇਆ ਕਿ ਐਸੇ ਪ੍ਰਮਾਤਮਾ ਵਰਗਾ ਕੋਈ ਹੋਰ, ਉਸ ਦੇ ਨੇੜੇ ਤੇੜੇ ਦਾ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਹੈ ਨਹੀਂ, ਕਿਤੇ ਦਿਸਦਾ ਨਹੀਂ ***(ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ)।*** ਐਸਾ ਪਤੀ-ਪ੍ਰਮੇਸ਼ੁਰ-ਪ੍ਰਮਾਤਮਾ ਉਸ ਜੀਵ ਇਸਤ੍ਰੀ ਦਾ ਅਤੇ ਸਭਨਾਂ ਸਤਿਸੰਗੀਆਂ ਦਾ ਲੋਕ ਪਰਲੋਕ ਸੰਵਾਰ ਦਿੰਦਾ ਹੈ, ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ ਐਸੀ ਥਾਂ ਬਖਸ਼ਿਸ਼ ਕਰਦਾ ਹੈ ਜਿਥੇ ਪੁੱਜ ਕੇ ਕੋਈ ਜੀਵ-ਇਸਤ੍ਰੀ ਡੋਲਦੀ ਨਹੀਂ। ***(ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ)*** ਪ੍ਰਭੂ ਆਪ ਹੱਥ ਦੇ ਕੇ ਉਨ੍ਹਾਂ ਨੂੰ ਸੰਸਾਰ ਸਾਗਰ ਤੋਂ ਰੱਖ ਲੈਂਦਾ ਹੈ ਅਤੇ ਮੁੜ ਉਨ੍ਹਾਂ ਦੀ ਜਨਮ ਮਰਣ ਦੇ ਗੇੜ ਦੀ ਦੌੜ ਭੱਜ ਮੁੱਕ ਜਾਂਦੀ ਹੈ। ***(ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ)*** ਐਸੇ ਪ੍ਰਮਾਤਮਾ ਦੇ ਅਨੇਕਾਂ ਹੀ ਗੁਣ ਹਨ, ਬੇਅੰਤ ਵਡਿਆਈਆਂ ਹਨ -

***ਅੰਤ ਨ ਸਿਫਤੀ ਕਹਣਿ ਨ ਅੰਤੁ॥***
***ਅੰਤੁ ਨ ਕਰਣੈ ਦੇਣਿ ਨ ਅੰਤੁ॥ ਪੰਨਾ - 5***

ਪਰ ਸਾਡੀ ਜੀਭ ਇਕ ਹੈ, ਅਸੀਂ ਉਸ ਦੇ ਬੇਅੰਤ ਗੁਣ ਬਿਆਨ ਨਹੀਂ ਕਰ ਸਕਦੇ -

***ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ***
***ਤੂ ਸਾਹਿਬ ਗੁਣੀ ਨਿਧਾਨਾ॥ ਪੰਨਾ - 734***

ਐਸੇ ਪ੍ਰਭੂ ਦੇ ਜੋ ਜੀਵ ਚਰਨੀ ਲਗ ਜਾਂਦੇ ਹਨ, ਲੜ ਲਗ ਜਾਂਦੇ ਹਨ, ਉਹ ਸੰਸਾਰ ਸਮੁੰਦਰ ਤੋਂ ਅਵੱਸ਼ ਤਰ ਜਾਂਦੇ ਹਨ। ***(ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ)।*** ਮਹੀਨੇ ਦੀ ਆਖਰੀ ਪੰਕਤੀ ਵਿਚ ਸਾਰ ਰੂਪ ਵਿਚ ਗੁਰੂ ਮਹਾਰਾਜ ਉਪਦੇਸ਼ ਕਰਦੇ ਹਨ ਕਿ ਫੱਗਣ ਦੇ ਮਹੀਨੇ ਵਿਚ ਰੰਗ ਤਮਾਸ਼ਿਆਂ ਵਿਚੋਂ ਖੁਸ਼ੀ ਲੱਭਣ ਦੀ ਥਾਂ ਉਸ ਸੱਚੇ ਸਰਬ ਸਮਰੱਥ ਪ੍ਰਭੂ ਦੀ ਸਿਫਤਿ ਸਾਲਾਹ ਵਿਚੋਂ ਸੱਚਾ ਸਦੀਵ ਅਨੰਦ

(ਬਾਕੀ ਪੰਨਾ **7** ਤੇ)

# ਸੰਪਾਦਕੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵੱਲੋਂ ਮਹਾਂਪੁਰਸ਼ਾਂ ਰਾਹੀਂ ਸੰਚਾਲਿਤ ਮਹਾਨ ਪ੍ਰਉਪਕਾਰੀ ਕਾਰਜਾਂ ਰਾਹੀਂ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਬਹੁਤ ਹੀ ਚੜ੍ਹਦੀ ਕਲਾ ਦੇ ਨਾਲ ਰੂਹਾਨੀ ਅਤੇ ਵਿਦਿਅਕ ਖੇਤਰ ਵਿੱਚ ਮਹਾਨ ਯੋਗਦਾਨ ਪਾਇਆ ਜਾ ਰਿਹਾ ਹੈ। ਪ੍ਰਉਪਕਾਰੀ ਮਹਾਂਪੁਰਸ਼ਾਂ ਨੇ ਆਪਣਾ ਸਾਰਾ ਤਨ-ਮਨ-ਧਨ ਲਾ ਕੇ ਸਾਰੀ ਤਾਅ ਜਿੰਦਗੀ ਆਪਣੀ ਕਿਰਤ ਕਮਾਈ ਵਿੱਚੋਂ ਸਾਰਾ ਖਰਚ ਕਰਕੇ ਰੂਹਾਨੀ ਪ੍ਰਚਾਰ ਦੇ ਨਾਲ ਨਾਲ ਅਨੇਕਾਂ ਹੀ ਧਾਰਮਿਕ ਅਸਥਾਨਾਂ, ਹਸਪਤਾਲਾਂ, ਸਕੂਲਾਂ ਕਾਲਜਾਂ ਸੜਕਾਂ ਆਦਿ ਦੀ ਕਾਰਸੇਵਾ ਸੰਗਤਾਂ ਰਾਹੀਂ ਕਰਵਾ ਕੇ ਆਪਣੀ ਮਿਸਾਲ ਆਪ ਕਾਇਮ ਕੀਤੀ ਹੈ। ਇਸ ਸੰਸਥਾ ਵੱਲੋਂ ਵਿਦਿਅਕ ਅਦਾਰੇ ਬਹੁਤ ਹੀ ਸਲਾਹੁਣ ਯੋਗ ਨਤੀਜੇ ਕੱਢ ਰਹੇ ਹਨ। ਗੁ. ਰਤਵਾੜਾ ਸਾਹਿਬ ਦੇ ਪਵਿੱਤਰ ਪਾਵਨ ਚੌਗਿਰਦੇ ਅੰਦਰ ਬੱਚਿਆਂ ਦੀ ਰਹਾਇਸ਼ ਵਾਸਤੇ ਹੋਸਟਲ ਆਦਿ ਦਾ ਪੂਰਾ ਪੂਰਾ ਪ੍ਰਬੰਧ ਹੈ। ਦੇਸ਼ ਵਿਦੇਸ਼ ਤੋਂ ਸਿਆਣੇ ਮਾਪੇ ਆਪਣੇ ਬੱਚਿਆਂ ਨੂੰ ਗੁ. ਰਤਵਾੜਾ ਸਾਹਿਬ ਦੀ ਪਾਵਨ ਧਰਤੀ ਉਪਰ ਭੇਜ ਕੇ ਬੱਚਿਆਂ ਦੇ ਭਵਿੱਖ ਤੋਂ ਨਿਸਚਿੰਤ ਹੋ ਜਾਂਦੇ ਹਨ। ਟਰਸਟ ਰਤਵਾੜਾ ਸਾਹਿਬ ਵੱਲੋਂ ਸੀ.ਬੀ.ਐਸ.ਈ. ਬੋਰਡ ਅਤੇ ਸਟੇਟ ਬੋਰਡ ਦੇ ਨਾਲ ਸਬੰਧਤ ਵੱਖੋ ਵੱਖਰੇ ਅਸਥਾਨਾਂ ਤੇ  ਸਕੂਲ ਚਲਾਏ ਜਾ ਰਹੇ ਹਨ। ਬੀ.ਐਡ. ਕਾਲਜ ਰਤਵਾੜਾ ਸਾਹਿਬ ਵਿਖੇ ਧਾਰਮਿਕ ਪ੍ਰਵਿਰਤੀ ਵਾਲੇ ਅਧਿਆਪਕ ਸੁਸਿਖਿਅਤ ਕੀਤੇ ਜਾ ਰਹੇ ਹਨ। ਅਪ੍ਰੈਲ ਵਿੱਚ ਨਵੇਂ ਸ਼ੁਰੂ ਹੋ ਰਹੇ ਸੈਸ਼ਨ ਅੰਦਰ ਬਹੁਤ ਹੀ ਵੱਧ ਗਿਣਤੀ ਅੰਦਰ ਦੇਸ਼ਾਂ ਵਿਦੇਸ਼ਾਂ ਤੋਂ ਆਪਣੇ ਬੱਚਿਆਂ ਨੂੰ ਇਸ ਸੰਸਥਾ ਨਾਲ ਸਬੰਧਤ ਸਕੂਲਾਂ ਕਾਲਜਾਂ ਵਿੱਚ ਦਾਖਲੇ ਲੈਣ ਵਾਰੇ ਬੇਨਤੀਆਂ ਆ ਰਹੀਆਂ ਹਨ।

ਮਹਾਂਪੁਰਸ਼ਾਂ ਦੀ ਇਸ ਸੰਪ੍ਰਦਾਇ ਵੱਲੋਂ ਅਨੇਕਾਂ ਹੀ ਪ੍ਰਉਪਕਾਰੀ ਕਾਰਜ ਸੰਗਤਾਂ ਦੀ ਭਲਾਈ ਵਾਸਤੇ ਕਾਰਸੇਵਾ ਰਾਹੀਂ ਕੀਤੇ ਜਾ ਰਹੇ ਹਨ। ਮਾਘ ਮਹੀਨੇ ਦੇ ਅੰਦਰ ਪੁਰਾਤਨ ਸਮੇਂ ਤੋਂ ਹੀ ਤੀਰਥ ਇਸ਼ਨਾਨ ਕਰਨ ਨੂੰ ਮਹੱਤਤਾ ਦਿੱਤੀ ਜਾਂਦੀ ਰਹੀ ਹੈ। ਗੁ. ਰਤਵਾੜਾ ਸਾਹਿਬ ਕਾਰਸੇਵਾ ਰਾਹੀਂ ਬਣ ਰਹੇ ਸਰੋਵਰ ਵਿੱਚ ਜਿੱਥੇ ਸੰਗਤਾਂ ਸਰੀਰਕ ਇਸ਼ਨਾਨ ਕਰਦੀਆਂ ਹਨ ਉਥੇ ਕੁਦਰਤੀ ਬਨਸਪਤੀ ਨਾਲ ਭਰਪੂਰ ਇਸ ਇਕਾਂਤ ਅਸਥਾਨ ਤੇ ਨਾਮ ਜਪ ਕੇ ਅੰਦਰਲੇ ਤੀਰਥ ਵਿੱਚ ਮਹਾਂਪੁਰਸ਼ਾਂ ਰਾਹੀਂ ਦਰਸਾਈ ਸੇਧ ਅਨੁਸਾਰ ਇਸ਼ਨਾਨ ਕਰਦੀਆਂ ਹਨ। ਦਿਨ ਦੇ ਸਮੇਂ ਇਮਾਰਤ ਉਸਾਰੀ ਅਤੇ ਸੜਕਾਂ ਦੀ ਸੇਵਾ ਦੇ ਨਾਲ ਨਵੇਂ ਹਜ਼ਾਰਾਂ ਦਰਖਤਾਂ ਦੀ ਸੇਵਾ ਵੀ ਇਸ ਸੰਸਥਾ ਨਾਲ ਸਬੰਧਤ ਕਾਰਸੇਵਕਾਂ ਵੱਲੋਂ ਕੀਤੀ ਜਾ ਰਹੀ ਹੈ।

ਰੂਹਾਨੀ ਪ੍ਰਚਾਰ ਖੇਤਰ ਅੰਦਰ ਇਸ ਸੰਸਥਾ ਦਾ ਨਿਵੇਕਲਾ ਯੋਗਦਾਨ ਹੈ। ਅਜੋਕੇ ਸਮੇਂ ਅੰਦਰ ਇਲੈਕਟ੍ਰੌਨਿਕ ਮੀਡੀਆ ਬਹੁਤ ਹੀ ਉਚਾਈ ਉਪਰ ਸਿਖਰਾਂ ਨੂੰ ਛੋਹ ਰਿਹਾ ਹੈ। ਇੰਟਰਨੈਟ ਰਾਹੀਂ ਮਹਾਂਪੁਰਸ਼ਾਂ ਦਾ ਉਪਦੇਸ਼ ਇਸ ਮੀਡੀਏ ਨਾਲ ਹਰ ਜਗ੍ਹਾ ਉਪਰ ਪਹੁੰਚ ਰਿਹਾ ਹੈ। ਟੀ.ਵੀ. ਚੈਨਲਾਂ ਰਾਹੀਂ ਸੰਸਾਰ ਦੇ ਕੋਨੇ-ਕੋਨੇ ਅੰਦਰ ਸਤਿਪੁਰਸ਼ਾਂ ਦੇ ਗੁਰਮਤਿ ਅਨੁਸਾਰ ਅਨੁਭਵੀ ਬਚਨ ਅਤੇ ਕੀਰਤਨ ਉਪਦੇਸ਼ ਰਿਲੇਅ ਕੀਤੇ ਜਾ ਰਹੇ ਹਨ। ਆਤਮ ਮਾਰਗ ਚੈਨਲ ਗੁ. ਸਾਹਿਬ ਦੇ 50 ਕਿਲੋ ਮੀਟਰ ਘੇਰੇ ਅੰਦਰ 24 ਘੰਟੇ ਚਲ ਕੇ ਜਗਿਆਸੂਆਂ ਦੇ ਜੀਵਨ ਅੰਦਰ ਰੂਹਾਨੀ ਇੰਨਕਲਾਬ ਲਿਆ ਰਿਹਾ ਹੈ। ਟਰਸਟ ਦੇ ਬਾਨੀ ਮਹਾਂਪੁਰਸ਼ਾਂ ਨੇ ਦੂਰ ਦ੍ਰਿਸ਼ਟੀ ਰੱਖਦੇ ਹੋਏ ਜਿਥੇ ਆਪਣੀ ਸਾਰੀ ਨਿੱਜ ਕਿਰਤ ਕਮਾਈ ਅਤੇ ਸੰਗਤਾਂ ਦੇ ਤਿਲ ਫੁਲ ਭੇਟਾ ਨਾਲ ਰੂਹਾਨੀ ਸਾਹਿਤ ਦੀ ਸੇਵਾ ਵਾਸਤੇ ਕਰੋੜਾਂ ਹੀ ਰੁਪਏ ਦੀਆਂ ਫਿਕਸਡ ਡਿਪੌਸਿਟ ਕਰਵਾਈਆਂ ਉਥੇ ਨਾਲ ਹੀ ਗੁਰਮਤਿ ਪ੍ਰਕਾਸ਼ ਅੰਦਰ ਆਪਣੇ ਅਨੁਭਵ ਨੂੰ ਪ੍ਰਗਟ ਕਰਕੇ ਹਜਾਰਾਂ ਹੀ ਫਿਲਮਾਂ ਕੈਸਟਾਂ ਰਾਹੀਂ ਅਨਮੋਲ ਖਜਾਨਾਂ ਆਤਮ ਮਾਰਗ ਮੈਗਜ਼ੀਨ ਵਿੱਚ ਛਪਣ ਵਾਸਤੇ ਦਿੱਤਾ ਹੈ। ਹਰ ਸਾਲ ਹੀ ਵੱਖੋ ਵੱਖਰੇ ਵਿਸ਼ਿਆਂ ਉਪਰ ਪੁਸਤਕਾਂ ਛਪ ਕੇ ਰੂਹਾਨੀ ਸਾਹਿਤ ਵਿੱਚ ਵਾਧਾ ਕਰ ਰਹੀਆਂ ਹਨ।

ਇਸ ਮਹੀਨੇ ਦਾ ਮੈਗਜ਼ੀਨ ਮਹਾਂਪੁਰਸ਼ਾ ਦੇ ਸੁਭਾਅ ਮੁਤਾਬਿਕ ਰਾਗ ਦਵੇਸ਼ ਤੋਂ ਦੂਰ ਅਦਵੈਤ ਸਿਧਾਂਤ ਉਪਰ ਅਧਾਰਿਤ ਹੈ। ਇਸ ਵਿੱਚ ਜੋ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ ਉਹ ਕੇਵਲ ਤੇ ਕੇਵਲ ਗੁਰਮਤਿ ਦੇ ਉਪਰ ਅਧਾਰਿਤ ਹੈ। ਆਤਮ ਮਾਰਗ ਦੇ ਸਮੁੱਚੇ ਲੇਖ ਇੱਕ ਐਸੀ ਸ਼ਾਂਤੀ ਸ਼ਕੂਨ ਦਿੰਦੇ ਹਨ ਜਿੰਨਾਂ ਨੂੰ ਸ਼ਬਦਾਂ ਅੰਦਰ ਬਿਆਨ ਕਰਨਾਂ ਅਤਿਅੰਤ ਮੁਸ਼ਕਿਲ ਕੰਮ ਹੈ। ਨਿੱਤ ਦਿਹਾੜੇ ਅਦਾਰਾ ਆਤਮ ਮਾਰਗ ਨੂੰ ਸੰਗਤਾਂ ਆਪਣੇ ਮਨੋਭਾਵਾਂ ਨੂੰ ਟੈਲੀਫੋਨਾਂ ਅਤੇ ਚਿੱਠੀ ਪੱਤਰਾਂ ਰਾਹੀਂ ਦੱਸਣ ਦਾ ਯਤਨ ਕੀਤਾ ਜਾਂਦਾ ਹੈ। ਮਹਾਂਪੁਰਸ਼ਾਂ ਦੀਆਂ ਪਿਆਰ ਵਾਲੀਆਂ ਸੰਗਤਾਂ ਸਤਿਪੁਰਸ਼ਾਂ ਦੁਆਰਾ ਸੰਚਾਲਿਤ ਜਿੱਥੇ ਪ੍ਰਉਪਕਾਰੀ ਕਾਰਜਾਂ ਨੂੰ ਨਿਰੰਤਰ ਚੜ੍ਹਦੀ ਕਲਾ ਵਿੱਚ ਚਲਦੇ ਰੱਖਣ ਵਾਸਤੇ ਤੱਤਪਰ ਹਨ। ਰੋਜ਼ਾਨਾ ਹੀ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਗੁਰੂ ਦੀ ਬਖਸ਼ੀ ਕਿਰਤ ਕਮਾਈ ਵਿੱਚੋਂ ਪਿਆਰ ਭੇਟਾ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਭੇਜ ਕੇ ਪ੍ਰਉਪਕਾਰੀ ਕਾਰਜਾਂ ਦੀ ਚਲ ਰਹੀ ਕਾਰਸੇਵਾ ਵਿੱਚ ਮਹਾਨ ਯੋਗਦਾਨ ਪਾ ਰਹੀਆਂ ਹਨ।  ਅਜਿਹੀਆਂ ਪਿਆਰ ਵਾਲੀਆਂ ਰੂਹਾਂ ਦਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਸਦਾ ਹੀ ਰਿਣੀ ਹੈ। ਬੇਨਤੀ ਹੈ ਕਿ ਆਤਮ ਮਾਰਗ ਮੈਗਜ਼ੀਨ ਦੇ ਹੋਰ ਮੈਂਬਰ ਬਣਾ ਕੇ ਗੁਰ-ਸ਼ਬਦ ਲੰਗਰ ਵਿੱਚ ਤਨ ਮਨ ਧਨ ਨਾਲ ਯੋਗਦਾਨ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸਾਧਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

ਅੰਮ੍ਰਿਤ ਵੇਲੇ ਤੋਂ ਆਪ ਨੇ ਹਰੀ ਦਾ ਜਸ ਸਰਵਣ ਕੀਤਾ ਹੈ। ਗੁਰੂ ਮਹਾਰਾਜ ਜੀ ਨੇ ਜੋ ਹੁਕਮਨਾਮਾ ਦਿੱਤਾ ਹੈ ਬੜੇ ਸਿੱਧੇ ਸਾਦੇ ਅੱਖਰਾਂ ਵਿਚ ਸਭ ਦੀ ਸਮਝ ਆਉਣ ਵਾਲਾ ਹੈ। ਜਿਸ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਦੇ ਚਰਨ ਜੇ ਹਿਰਦੇ ਵਿਚ ਧਾਰ ਲਵੇ ਤਾਂ ਸਾਰੇ ਹੀ ਕੰਮ ਸਫਲ ਹੋ ਜਾਂਦੇ ਨੇ, ਵਿਘਨ ਨਹੀਂ ਰਹਿੰਦਾ ਕਿਸੇ ਕੰਮ ਵਿਚ ਵੀ। ਵਾਹਿਗੁਰੂ ਦੇ ਚਰਨ, ਕਿਉਂਕਿ ਉਸ ਦਾ ਰੂਪ-ਰੰਗ, ਰੇਖ-ਭੇਖ ਤਾਂ ਕੋਈ ਹੈ ਨਹੀਂ, ਦੋਵੇਂ ਤਰੀਕੇ ਨੇ ਇੱਕ ਹੈ ਸਾਕਾਰ ਦੀ ਭਗਤੀ, ਦੂਜੀ ਹੈ ਨਿਰਾਕਾਰ ਦੀ ਭਗਤੀ। ਸਾਕਾਰ ਅਸੀਂ ਗੁਰੂ ਦੇ ਰੂਪ ਵਿਚ ਭਗਤੀ ਕਰਦੇ ਹਾਂ ਕਿਉਂਕਿ ਵਾਹਿਗੁਰੂ ਜੀ ਦਾ ਕੋਈ ਕਲਪਿਤ ਰੂਪ ਨਹੀਂ ਹੈ -

***ਚੱਕ੍ਰ ਚਿਹਨ ਅਰੁ ਬਰਨ ਜਾਤਿ***
***ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ***
***ਕੋਊ ਕਹਿ ਨ ਸਕਤਿ ਕਿਹ॥*** ***ਜਾਪੁ ਸਾਹਿਬ***

ਜਦੋਂ ਉਸ ਦਾ ਰੂਪ ਕੋਈ ਨਹੀਂ ਹੈ ਫੇਰ ਉਸ ਦੇ ਬਚਨ ਵੀ ਕੋਈ ਨਹੀਂ ਹਨ। ਦੂਸਰਾ ਸਰੂਪ ਹੈ ਗੁਰੂ ਦਾ, ਵਾਹਿਗੁਰੂ ਜੀ ਦਾ ਜੋ ਸਰਗੁਣ ਸਰੂਪ ਹੈ ਉਹ ਗੁਰੂ ਰੂਪ ਹੋਇਆ ਕਰਦਾ ਹੈ ਕਿਉਂਕਿ ਤਿੰਨ ਕਿਸਮ ਦਾ ਧਿਆਨ ਹੁੰਦਾ ਹੈ - ਸੰਪਤ ਧਿਆਨ ਹੁੰਦਾ ਹੈ, ਪ੍ਰਤੀਕ ਧਿਆਨ ਤੇ ਅਹੰਗ੍ਰਹਿ ਧਿਆਨ ਹੁੰਦਾ ਹੈ। ਦੋ ਧਿਆਨਾਂ ਨੂੰ ਅਸੀਂ ਸਮਝ ਸਕਦੇ ਹਾਂ ਤੀਸਰਾ ਸਾਡੀ ਸਮਝ ਤੋਂ ਪਰ੍ਹੇ ਹੈ ਕਿਉਂਕਿ ਐਨੀ ਸਾਧਨਾ ਨਹੀਂ ਹੈ ਕਿ ਉਸ ਥਾਂ ਤੇ ਸਾਡੀ ਬਿਰਤੀ ਉਸਨੂੰ ਸਹੀ ਸਮਝ ਸਕੇ।

ਪਹਿਲਾ ਧਿਆਨ ਜੋ ਸੰਪਤ ਧਿਆਨ ਹੈ ਉਹ ਕੋਈ ਮੂਰਤੀ ਹੈ, ਕੋਈ ਚਿੰਨ੍ਹ ਹੈ, ਕੋਈ ਵੀ ਆਕਾਰ ਵਾਲੀ ਚੀਜ਼ ਹੈ ਜਿਸ ਦੇ ਵਿਚ ਜਾਨ ਨਾ ਹੋਵੇ, ਉਹ ਆਪ ਥਾਪੀ ਗਈ ਹੋਵੇ ਕਿਉਂਕਿ ਵਾਹਿਗੁਰੂ ਹਰੇਕ ਦੇ ਵਿਚ ਹੈ, ਕੋਈ ਥਾਂ ਐਸਾ ਨਹੀਂ ਜਿਸ ਦੇ ਵਿਚ ਪ੍ਰਮੇਸ਼ਰ ਨਾ ਹੋਵੇ। ਉਸ ਮੂਰਤੀ ਦੇ ਉਤੇ ਪ੍ਰਮੇਸ਼ਰ ਭਾਵਨਾ ਕਰਕੇ ਧਿਆਨ ਧਰਨਾ ਹਿਰਦੇ ਵਿਚ ਵਸਾਉਣੀ ਉਸਨੂੰ ਜੀਉਂਦੀ-ਜਾਗਦੀ ਸਮਝਣਾ, ਕੋਈ ਤਸਵੀਰ ਹੋਵੇ ਚਾਹੇ, ਚਾਹੇ ਪੱਥਰ ਦੀ ਮੂਰਤੀ ਹੋਵੇ, ਚਾਹੇ ਚਿੱਤਰਕਾਰ ਦਾ ਬਣਾਇਆ ਚਿੱਤਰ ਹੋਵੇ, ਉਸ ਦੇ ਵਿਚ ਪ੍ਰਮੇਸ਼ਰ ਭਾਵਨਾ ਧਾਰਨ ਕਰਕੇ ਹਿਰਦੇ ਵਿਚ ਧਾਰਨ ਕਰਨੀ ਇਸਨੂੰ 'ਸੰਪਤ ਧਿਆਨ' ਕਹਿੰਦੇ ਨੇ। ਇਹ ਕੇਵਲ ਉਸ ਦਾ ਧਿਆਨ ਨਹੀਂ ਹੋਇਆ ਕਰਦਾ ਕਿ ਉਹ ਕੋਈ ਮੂਰਤ ਹੈ ਕਾਗਜ਼ ਦੇ ਉਤੇ ਨਹੀਂ ਉਸਨੂੰ ਜੀਉਂਦਾ ਜਾਗਦਾ ਦੇਖ ਕੇ ਧਿਆਨ ਧਰਦੇ ਨੇ ਕਿਉਂਕਿ ਜਦੋਂ ਐਨੀ ਭਾਵਨਾ ਵਧ ਜਾਂਦੀ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੂੰ ਬਹਾਦਰਸ਼ਾਹ ਨੇ ਪੁੱਛਿਆ ਕਿ ਤੁਹਾਡੇ ਧਰਮ ਵਿਚ, ਮਜ਼੍ਹਬ ਵਿਚ ਤਾਂ ਬੁੱਤਾਂ ਨੂੰ ਪੂਜਦੇ ਨਹੀਂ, ਮੂਰਤੀ ਦੀ ਪੂਜਾ ਨਹੀਂ ਹੈ ਪਰ ਇਹ ਜੋ ਹਿੰਦੂ ਨੇ ਇਹ ਮੂਰਤੀ ਦੀ ਪੂਜਾ ਕਰਕੇ ਆਪੇ ਹੀ ਭੇਟਾ ਕਰ ਦਿੰਦੇ ਨੇ, ਆਪੇ ਹੀ ਖਾ ਲੈਂਦੇ ਨੇ ਵੰਡ ਕੇ ਫੇਰ ਇਹ ਤਾਂ ਕੁਛ ਮਨ ਨੂੰ ਗੱਲ ਨਹੀਂ ਲਗਦੀ।

ਮਹਾਰਾਜ ਜੀ ਕਹਿਣ ਲੱਗੇ, "ਬਾਦਸ਼ਾਹ! ਆਪਣਾ-ਆਪਣਾ ਧਰਮ ਹਰ ਇਕ ਨੂੰ ਪਿਆਰਾ ਹੋਇਆ ਕਰਦਾ ਹੈ, ਜਿਹੋ ਜਿਹੀ ਕਿਸੇ ਦੀ ਭਾਵਨਾ ਹੈ ਉਹੋ ਜਿਹਾ ਫਲ ਹੁੰਦਾ ਹੈ। ਭਾਵਨਾ ਤੋਂ ਬਗੈਰ ਚਾਹੇ ਕੋਈ ਧਰਮ ਹੈ ਫਲ ਨਹੀਂ ਦਿਆ ਕਰਦਾ। ਸੋ ਉਨ੍ਹਾਂ ਦੀ ਜੋ ਭਾਵਨਾ ਹੈ ਉਹ ਮੂਰਤੀ ਦੇ ਆਕਾਰ ਤੇ ਚਿੰਨ੍ਹ ਦੇ ਪਿਛੇ ਪ੍ਰਮੇਸ਼ਰ ਰੂਪ ਦੇਖਦੇ ਨੇ, ਜੀਉਂਦੀ-ਜਾਗਦੀ ਮੰਨਦੇ ਨੇ ਮੂਰਤੀ ਨੂੰ ਉਨ੍ਹਾਂ ਨੂੰ ਉਹ ਤਾਰ ਦਿਆ ਕਰਦੀ ਹੈ। ਉਨ੍ਹਾਂ ਦੀ ਉਨ੍ਹਾਂ ਨੂੰ ਮੁਬਾਰਕ ਸਾਡੀ ਸਾਨੂੰ ਮੁਬਾਰਕ, ਤੇਰੀ ਤੈਨੂੰ ਮੁਬਾਰਕ, ਕਿਸੇ ਨੂੰ ਆਪਾਂ ਮਾੜਾ ਨਹੀਂ ਕਹਿ ਸਕਦੇ।

ਸੋ ਇਹ ਸੰਪਤ ਧਿਆਨ ਹੋਇਆ ਕਰਦਾ ਹੈ। ਉਸ ਦੇ ਜੇ ਚਰਨ ਵੀ ਨੇ, ਉਸਦੀ ਸ਼ਕਲ ਵੀ ਹੈ, ਉਸਨੂੰ ਹਿਰਦੇ ਵਿਚ ਵਸਾਉਣਾ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਅੰਗ - ੮੬੪***

ਦੂਸਰਾ ਧਿਆਨ ਹੋਇਆ ਕਰਦਾ ਹੈ ਗੁਰੂ ਨੂੰ ਸਾਕਾਰ ਰੂਪ ਵਿਚ, ਗੁਰੂ ਨੂੰ ਮਨੁੱਖ ਦੀ ਸ਼ਕਲ ਦੇ ਅੰਦਰ ਪ੍ਰਮੇਸ਼ਰ ਤੋਂ ਘੱਟ ਨਾ ਜਾਨਣਾ, ਪ੍ਰਮੇਸ਼ਰ ਮੰਨਣਾ ਕਿ ਇਹੀ ਪ੍ਰਮੇਸ਼ਰ ਹੈ, ਉਸ ਦੇ ਨਾਲ ਹੀ ਪਿਆਰ ਕਰਨਾ, ਉਸ ਦੇ ਉਤੇ ਹੀ ਵੱਡੀ ਤੋਂ ਵੱਡੀ ਕੁਰਬਾਨੀ ਕਰਨੀ, ਉਸ ਨੂੰ ਹੀ ਹਿਰਦੇ 'ਚ ਵਸਾਉਣਾ-

***ਅਕਾਲ ਮੂਰਤਿ ਹੈ ਸਾਧ ਸੰਤਨ ਕੀ***
***ਠਾਹਰ ਨੀਕੀ ਧਿਆਨ ਕਉ ॥*** ***ਅੰਗ - ੧੨੦੮***

ਤੀਸਰਾ ਧਿਆਨ ਇਹ ਹੋਇਆ ਕਰਦਾ ਹੈ 'ਅਕਾਲ ਮੂਰਤਿ' ਦਾ ਕਿ ਪ੍ਰਮੇਸ਼ਰ ਨੂੰ ਸਾਰੇ ਪਰੀਪੂਰਨ ਜਾਣਨਾ ਉਸਨੂੰ ਸੁੰਨ ਨਾ ਜਾਨਣਾ ਕਿ ਇਹ ਕੋਈ ਸੁੰਨ ਹੈ ਸਗੋਂ ਉਸਨੂੰ ਇਕ ਹਸਤੀ ਜਾਨਣਾ। ਇਹ ਉਚਾ ਧਿਆਨ ਹੈ ਹਰ ਬੰਦੇ ਦੇ ਧਿਆਨ ਵਿਚ ਨਹੀਂ ਆਇਆ ਕਰਦਾ। ਕੋਈ ਵਿਰਲਾ ਹੈ ਜਿਸਨੂੰ ਅੰਦਰਲਾ ਗਿਆਨ ਹੈ, ਉਹ ਇਸ ਧਿਆਨ ਦੇ ਵਿਚ ਆਇਆ ਕਰਦਾ ਹੈ।

ਸੋ ਮਹਾਰਾਜ ਜੀ ਕਹਿੰਦੇ ਪਿਆਰਿਓ! ਜੇ ਹਰੀ ਦੇ ਚਰਨ ਹਿਰਦੇ ਵਿਚ ਵਸਾ ਲਈਏ....., ਪਹਿਲੇ ਦੋ ਦੇ ਤਾਂ ਚਰਨ ਹੋ ਸਕਦੇ ਨੇ ਤੀਸਰੇ ਦਾ ਚਰਨ ਨਹੀਂ ਹੈ ਜਿਸਨੂੰ ਵਾਹਿਗੁਰੂ ਕਹਿੰਦੇ ਨੇ, ਉਸ ਦੇ ਚਰਨ ਮੰਤਰ ਹੋਇਆ ਕਰਦੇ ਨੇ। ਜਿਹੜੇ ਮੰਤਰ ਦਾ ਜਾਪ ਕਰਦੇ ਨੇ ਓਹੀ ਉਸ ਦੇ ਚਰਨ ਹੁੰਦੇ ਨੇ। ਜਦੋਂ ਵਾਹਿਗੁਰੂ ਮੰਤਰ ਹਿਰਦੇ ਵਿਚ ਵਸ ਜਾਂਦਾ ਹੈ ਉਸ ਵੇਲੇ ਅਸੀਂ ਨਾਮ ਦੇ ਬਹੁਤ ਨਜ਼ਦੀਕ ਪਹੁੰਚ ਜਾਂਦੇ ਹਾਂ। ਨਾਮ ਦੇ ਮੰਡਲ ਦੇ ਅੰਦਰ ਪ੍ਰਵੇਸ਼ ਕਰ ਜਾਂਦੇ ਹਾਂ। ਜਿੰਨਾ ਅਸੀਂ ਵਾਹਿਗੁਰੂ ਦੇ ਮੰਤਰ ਦਾ ਜਾਪ ਕਰਾਂਗੇ, ਪਹਿਲਾਂ ਰਸਨਾ ਨਾਲ ਹੁੰਦਾ ਹੈ। ਬਹੁਤ ਮਿਹਨਤ ਕਰਨੀ ਪੈਂਦੀ ਹੈ, ਰਸਨਾ ਨੂੰ ਸੁੱਚਾ ਕਰਨਾ ਪੈਂਦਾ ਹੈ ਕਿਉਂਕਿ ਰਸਨਾ ਜੂਠੀ ਹੁੰਦੀ ਹੈ – ਝੂਠ ਬੋਲ ਕੇ, ਗਲਤ ਚੀਜ਼ਾਂ ਖਾ ਕੇ ਜੂਠੀ ਹੋਈ-ਹੋਈ ਰਸਨਾ ਨੂੰ ਸੁੱਚਾ ਕਰਨ ਵਾਸਤੇ ਬੰਦਗੀ ਕਰਨੀ ਪੈਂਦੀ ਹੈ ਰਸਨਾ ਦੇ ਨਾਲ, ਬਾਣੀ ਪੜ੍ਹਨੀ ਪੈਂਦੀ ਹੈ, ਹਰੀ ਦਾ ਜਸ ਗਾਉਣਾ ਪੈਂਦਾ ਹੈ ਫੇਰ ਜਾ ਕੇ ਇਹ ਸੁੱਚੀ ਹੁੰਦੀ ਹੈ। ਜੂਠੀ ਰਸਨਾ ਦੇ ਵਿਚੋਂ ਨਿਕਲਿਆ ਹੋਇਆ ਬਚਨ ਪੂਰਾ ਨਹੀਂ ਹੋਇਆ ਕਰਦਾ, ਉਸ ਦੇ ਵਿਚ ਸ਼ਕਤੀ ਨਹੀਂ ਹੋਇਆ ਕਰਦੀ। ਸੁੱਚੀ ਰਸਨਾ ਦੇ ਵਿਚੋਂ ਜੇ ਕੋਈ ਬਚਨ ਨਿਕਲ ਜਾਵੇ ਉਸੇ ਵੇਲੇ ਪੂਰਾ ਹੋ ਜਾਇਆ ਕਰਦਾ ਹੈ। ਜਿੰਨੀ ਉਸ ਦੇ ਵਿਚ ਸਚਾਈ ਹੈ, ਜਿੰਨੀ ਉਸ ਦੇ ਵਿਚ ਸੋਧ ਹੈ ਓਨਾ ਹੀ ਉਸ ਦਾ ਬਚਨ ਪੂਰਾ ਹੋ ਜਾਇਆ ਕਰਦਾ ਹੈ। ਸੋ ਰਸਨਾ ਸੁੱਚੀ ਹੁੰਦੀ ਹੈ ਪ੍ਰਭੂ ਦਾ ਨਾਮ ਜਪ ਕੇ, ਹਰੀ ਦਾ ਗੁਣ ਗਾ ਕੇ। ਸੋ ਹੌਲੀ-ਹੌਲੀ ਮੰਤਰ ਸ਼ਕਤੀ ਨੂੰ ਲਿਜਾ ਕੇ ਉਸ ਮੰਡਲ ਵਿਚ ਪ੍ਰਵੇਸ਼ ਕਰਾ ਦਿੰਦਾ ਹੈ, ਜਿੱਥੇ ਪਾਰਜਾਤ ਰੁੱਖ ਹੁੰਦਾ ਹੈ, ਜਿਥੇ ਕਾਮਧੇਨ ਗਊ ਹੁੰਦੀ ਹੈ, ਜਿੱਥੇ ਚਿੰਤਾਮਨ ਵੱਟੀ ਹੋਇਆ ਕਰਦੀ ਹੈ। ਮਹਾਰਾਜ ਜੀ ਕਹਿੰਦੇ ਉਸ ਥਾਂ ਤੇ ਸਾਰੀਆਂ ਸ਼ਕਤੀਆਂ ਨੇ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ***
***ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥***
***ਅੰਗ – ੬੪੯***

ਕਿਉਂਕਿ ਉਹ ਨਾਮ ਦਾ ਮੰਡਲ ਆ ਗਿਆ ਜਿਸ ਥਾਂ ਤੇ ਪਾਰਜਾਤ ਰੁੱਖ ਹੈ, ਜਿਸ ਦੇ ਮਾਹੌਲ ਵਿਚ ਆ ਕੇ ਜੋ ਬਚਨ ਕਰ ਦਿਤਾ ਜਾਵੇ ਉਹ ਉਸੇ ਵੇਲੇ ਪੂਰਾ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਜੀ ਕਹਿੰਦੇ ਜਦੋਂ ਚਰਨ ਹਿਰਦੇ ਵਿਚ ਵਸਾ ਲਏ, ਧਿਆਨ ਕਰ ਲਿਆ ਚਰਨਾਂ ਦਾ ਉਸ ਵੇਲੇ ਸਾਰੇ ਹੀ ਜੋ ਸਾਡੇ ਕਾਰਜ ਨੇ ਉਹ ਸਫਲ ਹੋ ਗਏ ਫੇਰ ਕੋਈ ਵਿਘਨ ਨਹੀਂ ਰਹਿੰਦਾ –

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***
***ਅੰਗ – ੨੬੨***

ਵਿਘਨ ਉਨਾਂ ਚਿਰ ਹੀ ਨੇ ਜਿੰਨਾ ਚਿਰ ਅਸੀਂ ਪ੍ਰਮੇਸ਼ਰ ਤੋਂ ਦੂਰ ਹਾਂ –

***ਕੋਟਿ ਬਿਘਨ ਤਿਸੁ ਲਾਗਤੇ***
***ਜਿਸ ਨੋ ਵਿਸਰੈ ਨਾਉ ॥ ਅੰਗ – ੫੨੨***

ਕ੍ਰੋੜਾਂ ਵਿਘਨ ਲਗਦੇ ਨੇ ਜਿਸਨੂੰ ਨਾਉਂ ਭੁੱਲ ਜਾਵੇ। ਸੋ ਇਸ ਕਰਕੇ ਵਿਘਨਾਂ ਦਾ ਖਾਤਮਾ ਪ੍ਰਮੇਸ਼ਰ ਦੇ ਨਾਮ ਜਪਣ ਦੇ ਨਾਲ ਹੁੰਦਾ ਹੈ, ਇਥੋਂ ਤੱਕ ਕਿ ਕੋਈ ਵੀ ਬਿਮਾਰੀ ਨਹੀਂ ਰਹਿੰਦੀ, ਕੋਈ ਘਾਟਾ ਨਹੀਂ ਰਹਿੰਦਾ, ਕੋਈ ਪਰੇਸ਼ਾਨੀ ਨਹੀਂ ਰਹਿੰਦੀ। ਸੱਚ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ।

***ਸਰਬ ਰੋਗ ਕਾ ਅਉਖਦੁ ਨਾਮੁ।***

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਚਰਨ ਹਿਰਦੇ ਵਿਚ ਵਸਦੇ ਨੇ ਉਸ ਵੇਲੇ ਸਾਰੇ ਕਾਰਜ ਸਫਲ ਹੋ ਜਾਂਦੇ ਨੇ ਤੇ ਵਿਘਨਾਂ ਦਾ ਨਾਸ਼ ਹੋ ਕੇ, ਜ਼ਿੰਦਗੀ ਬਹੁਤ ਰਸਦਾਇਕ ਹੋ ਜਾਂਦੀ ਹੈ ਫੇਰ ਕਿਸੇ ਤੋਟੇ ਵਿਚ ਨਹੀਂ ਆਉਂਦੀ, ਔਖ ਵਿਚ ਨਹੀਂ ਆਉਂਦੀ ਬੜੇ ਆਰਾਮ ਦੇ ਨਾਲ ਚਲਦੀ ਹੈ ਕਿਉਂਕਿ ਉਸ ਦੇ ਵਿਚ ਸੱਤ੍ਹਾ ਹੈ ਕੁਦਰਤੀ ਤੌਰ ਤੇ। ਸੋ ਮਹਾਰਾਜ ਜੀ ਕਹਿੰਦੇ ਅੱਜ ਕਲਜੁਗ ਦੇ ਅੰਦਰ ਆਦਮੀ ਕੋਈ ਪੁੰਨ ਕਰਦਾ ਹੈ, ਕੋਈ ਦਾਨ ਕਰਦਾ ਹੈ, ਕੋਈ ਤਪ ਕਰਦਾ ਹੈ, ਕੋਈ ਜਪ ਕਰਦਾ ਹੈ ਇਹ ਹੋਇਆ ਨਹੀਂ ਕਰਦੇ ਕਿਉਂਕਿ ਕਲਜੁਗ ਦਾ ਐਸਾ ਪ੍ਰਭਾਵ ਪੈ ਰਿਹਾ ਹੈ ਦਿਨੋ-ਦਿਨ ਕਿ ਬੰਦਾ ਰੁਲ੍ਹਦਾ ਜਾ ਰਿਹਾ ਹੈ ਜਿਹੜੇ ਬਾਣੀ ਪੜ੍ਹਨ ਵਾਲੇ ਨੇ ਉਹ ਵੀ ਰੁਲ ਰਹੇ ਨੇ, ਦੂਜੇ ਪਾਸੇ ਐਨੀ ਖਿੱਚ ਆ ਗਈ ਹੈ ਕਿ ਬੰਦਾ ਪੈਰ-ਪੈਰ ਤੇ ਭੁੱਲ ਰਿਹਾ ਹੈ, ਵਾਹਿਗੁਰੂ ਵਲੋਂ ਟੁੱਟਦਾ ਹੀ ਜਾਂਦਾ ਹੈ, ਪਿੱਛੇ ਨੂੰ ਹੀ ਹਟਦਾ ਜਾਂਦਾ ਹੈ, ਉਸ ਦਾ ਪ੍ਰਭਾਵ ਬਹੁਤਾ ਪੈਂਦਾ ਜਾਂਦਾ ਹੈ। ਸੋ ਇਸ ਦੇ ਵਿਚ ਕੀਤੇ ਹੋਏ ਜੋ ਪੁੰਨ ਨੇ ਉਹ ਫਲ ਨਹੀਂ ਦਿੰਦੇ ਪੂਰੇ। ਉਹ ਕਿਉਂ ਨਹੀਂ ਦਿੰਦੇ ਕਿਉਂਕਿ ਬੰਦੇ ਦੇ ਮਨ ਵਿਚ ਇਹ ਖਿਆਲ ਆ ਜਾਂਦਾ ਹੈ ਕਿ ਮੈਂ ਪੁੰਨ ਕਰਿਆ ਹੈ ਮੈਂ ਦਾਨ ਕਰਿਆ ਹੈ, ਮੈਂ ਐਨਾ ਜਪ ਕਰਿਆ ਹੈ, ਮਹਾਰਾਜ ਜੀ ਕਹਿੰਦੇ –

***ਜੇ ਕੋ ਸਤੁ ਕਰੇ ਸੋ ਛੀਜੈ***
***ਤਪ ਘਰਿ ਤਪੁ ਨ ਹੋਈ॥***
***ਜੇ ਕੋ ਨਾਉ ਲਏ ਬਦਨਾਵੀ***
***ਕਲਿ ਕੇ ਲਖਣ ਏਈ ॥ ਅੰਗ – ੯੦੨***

ਕਲਜੁਗ ਦੇ ਅੰਦਰ ਜੇ ਕੋਈ ਤਪ ਕਰਦਾ ਹੈ ਤਾਂ ਉਹ ਤਪ ਨਹੀਂ ਕਰ ਸਕਦਾ, ਜੇ ਕੋਈ ਜਪ ਕਰਦਾ ਹੈ ਤਾਂ ਜਪ ਨਹੀਂ ਕਰ ਸਕਦਾ ਕਿਉਂਕਿ ਇਸ ਜੁਗ ਦੇ ਅੰਦਰ ਖਿਆਲਾਤ ਜਿਹੜੇ ਨੇ ਉਹ ਬਹੁਤ ਦੂਸ਼ਿਤ ਹੋ ਗਏ ਉਨ੍ਹਾਂ ਦੇ ਵਿਚ ਮਰਿਆਦਾ ਨਹੀਂ ਕੋਈ ਰਹੀ, ਮਰਿਆਦਾ ਤੋਂ ਬਾਹਰ ਹੋ ਕੇ

ਖਿਆਲ ਗੰਦੇ ਹੋ ਗਏ, ਗੰਦੇ ਖਿਆਲ ਹੋਣ ਦੇ ਨਾਲ ਨਾਮ ਨਾਲ ਚਿੱਤ ਨਹੀਂ ਲਗਦਾ ਨਿਸ਼ਾਨੀ ਇਹੀ ਹੁੰਦੀ ਹੈ, ਜੇ ਨਾਮ ਨਾਲ ਚਿੱਤ ਨਾ ਲੱਗੇ, ਨਾਮ ਦੀ ਰੁਚੀ ਅੰਦਰ ਨਾ ਜਾਗੇ, ਉਬਾਸੀਆਂ ਆਉਣੀਆਂ ਸ਼ੁਰੂ ਹੋ ਜਾਣ, ਆਦਮੀ ਬੈਠ ਨਾ ਸਕੇ ਤੇ ਰਸ ਨਾ ਕੋਈ ਆਵੇ ਤਾਂ ਸਮਝ ਲਓ ਕਿ ਮੈਲ ਨਾਲ ਭਰਿਆ ਪਿਆ ਹੈ ਅੰਦਰ ਜਿੰਨਾ ਚਿਰ ਮੈਲ ਹੈ ਉਨਾਂ ਚਿੱਤ ਨਹੀਂ ਲੱਗਣ ਦਿੰਦੀ, ਮੈਲ ਨੂੰ ਕੱਟਦਾ ਨਾਮ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪*

ਉਹ ਵੀ ਨਾਮ ਨੇ ਕੱਟਣੀ ਹੈ। ਸੋ ਕਲਜੁਗ ਦੇ ਅੰਦਰ ਜਪਾਂ-ਤਪਾਂ ਦਾ ਫਲ ਨਹੀਂ ਮਿਲਦਾ, ਨਾ ਤੀਰਥਾਂ ਦਾ ਮਿਲਦਾ ਹੈ, ਨਾ ਦਾਨ ਦਾ ਫਲ ਮਿਲਦਾ ਹੈ ਇਸ ਦਾ ਕਾਰਨ ਇਹ ਹੈ ਕਿ ਇਸ ਕਲਜੁਗੀ ਬੰਦੇ ਦਾ ਮਨ ਇਹੋ ਜਿਹਾ ਬਣ ਗਿਆ ਇਹ ਸ਼ੁਕਰ ਨਹੀਂ ਕਰਦਾ ਵਾਹਿਗੁਰੂ ਜੀ ਦਾ ਕਿ ਸੱਚੇ ਪਾਤਸ਼ਾਹ! ਤੂੰ ਮੈਨੂੰ ਸੈਂਕੜੇ ਚੀਜ਼ਾਂ ਦਿੰਦਾ ਹੈਂ ਮੈਂ ਤੇਰੇ ਨਮਿੱਤ ਇਕ ਦਿੰਦਾ ਹਾਂ, ਨੜਿੱਨਵੇਂ ਤਾਂ ਮੈਂ ਆਪਣੇ ਕੋਲ ਹੀ ਰੱਖ ਲੈਂਦਾ ਹਾਂ -

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਅੰਗ - ੨੬੮*

ਇਕ ਚੀਜ਼ ਹੈ ਉਸਨੂੰ ਵੀ ਕਹਿੰਦਾ ਇਹ ਮੇਰੀ ਹੈ। ਜਦੋਂ ਗੁਰੂ ਦੇ ਭੇਟਾ ਕਰੇਗਾ ਤਾਂ ਕਹਿੰਦਾ ਹੈ ਮੈਂ ਦਿੱਤੀ ਹੈ। ਉਹ ਕਹਿੰਦੇ ਤੂੰ ਕੌਣ ਹੈ ਤੈਨੂੰ ਤਾਂ ਉਹ ਦਿੰਦਾ ਹੈ। ਉਸ ਦੀ ਦਿਤੀ ਹੋਈ ਦਾਤ ਨੂੰ ਉਸ ਦੇ ਚਰਨਾਂ ਵਿਚ ਨਹੀਂ ਭੇਟ ਕਰਦਾ। ਚਾਹੀਦਾ ਤਾਂ ਸੀ ਤੂੰ ਸਾਡੀ ਦਾਤ ਹੀ ਚਰਨਾਂ ਵਿਚ ਧਰਦਾ ਕਿਉਂਕਿ ਉਸੇ ਦੀ ਹੀ ਚੀਜ਼ ਹੈ ਲੇਕਿਨ ਤੂੰ ਨੌਂ ਚੀਜ਼ਾਂ ਤੇ ਕਬਜ਼ਾ ਕਰ ਲਿਆ, 99 ਤੇ ਕਬਜ਼ਾ ਕਰ ਲਿਆ, 100ਵਾਂ ਹਿੱਸਾ ਜਿਹੜਾ ਹੈ ਉਹ ਤੂੰ ਪ੍ਰਮੇਸ਼ਰ ਨੂੰ ਅਰਪਣ ਕਰਦਾ ਹੈ। ਮਹਾਰਾਜ ਕਹਿੰਦੇ ਜੇ ਭਲਾ ਉਹ ਨਾ ਦੇਵੇ -

ਫੇਰ ਕੀ ਕਰੇਂਗਾ ਜੇ ਇਕ ਵੀ ਨਾ ਦੇਵੇ। ਸੋ ਦਾਨ ਦੇ ਕੇ ਇਹ ਕਹਿੰਦਾ ਹੈ ਮੈਂ ਕਰ ਰਿਹਾ ਹਾਂ, ਮੈਂ ਦੇ ਰਿਹਾ ਹਾਂ ਦਾਨ, ਮੈਂ ਮਦਦ ਕਰ ਰਿਹਾ ਹਾਂ। ਸ਼ੁਕਰਾਨੇ ਵਿਚ ਨਹੀਂ ਆਉਂਦਾ ਕਿ ਹੇ ਪ੍ਰਭੂ! ਤੇਰੀਆਂ ਦਿਤੀਆਂ ਹੋਈਆਂ ਦਾਤਾਂ ਦੇ ਵਿਚੋਂ ਮੈਂ ਤੈਨੂੰ ਇਕ ਚੀਜ਼ ਦੇ ਰਿਹਾ ਹਾਂ ਤੂੰ ਪ੍ਰਵਾਨ ਕਰ, ਮੇਰੇ ਕੋਲ ਤਾਕਤ ਨਹੀਂ ਕਿ ਮੈਂ ਸਾਰੀਆਂ ਦੇ ਦੇਵਾਂ, ਮੈਨੂੰ ਵੀ ਲੋੜ ਹੈ, ਤੇਰੀਆਂ ਦਿਤੀਆਂ ਹੋਈਆਂ ਹੀ ਤੈਨੂੰ ਦਿੰਦਾ ਹਾਂ। ਸੋ ਉਨ੍ਹਾਂ ਵਿਚ ਮਾਣ ਕਰਦਾ ਹੈਂ - ਤੀਰਥ ਯਾਤਰਾ ਕਰਦਾ ਹੈ, ਮਾਣ ਕਰਦਾ ਹੈਂ, ਜਪ ਕਰਦਾ ਹੈਂ ਮਹਾਰਾਜ ਜੀ ਕਹਿੰਦੇ ਇਹ ਜੇ ਮਾਣ ਕਰ ਲਏ ਤਾਂ -

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ ਤਿਹ*
*ਜਿਉ ਕੁੰਚਰ ਇਸਨਾਨੁ ॥ ਅੰਗ - ੧੪੨੮*

ਇਹ ਨਿਹਫਲ ਚਲਿਆ ਜਾਇਆ ਕਰਦਾ ਹੈ। ਸੋ ਕਲਜੁਗ ਦੇ ਅੰਦਰ ਫੇਰ ਪੁੰਨ ਕੀ ਕਰਿਆ ਜਾਵੇ? ਮਹਾਰਾਜ ਜੀ ਕਹਿੰਦੇ ਇਕ ਪੁੰਨ ਐਡਾ ਵੱਡਾ ਹੈ ਜਿਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਿਆ ਕਰਦਾ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥*
*ਅੰਗ - ੬੬੨*

ਜਦੋਂ ਗੋਬਿੰਦ ਦੇ ਗੁਣ ਗਾਉਂਦੇ ਹਾਂ ਤਾਂ ਇਸ ਦਾ ਵੱਡਾ ਪੁੰਨ ਹੈ ਪਰ ਗੁਣ ਗਾਉਣ ਵਾਸਤੇ ਲੀਨ ਹੋਣਾ ਪੈਂਦਾ ਹੈ, ਸ਼ਬਦ ਦੇ ਅੰਦਰ ਬਾਕੀ ਸਾਰੇ ਖਿਆਲਾਂ ਨੂੰ ਭੁੱਲਣਾ ਪੈਂਦਾ ਹੈ ਤੇ ਜੋ ਬਚਨ ਆਉਂਦੇ ਨੇ ਉਨ੍ਹਾਂ ਨੂੰ ਮੰਨਣਾ ਪੈਂਦਾ ਹੈ ਤਾਂ ਹੀ ਗੁਣ ਗਾਏ ਥਾਂ ਪੈਂਦੇ ਨੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਸੋ ਇਸ ਕਰਕੇ ਜੋ ਹਰੀ ਦਾ ਜਸ ਹੈ ਉਸ ਦੇ ਬਾਰੇ ਮਹਾਰਾਜ ਜੀ ਨੇ ਹੁਣੇ ਦੱਸਿਆ ਹੈ ਕਿ ਪੂਜਾ, ਦਾਨ ਹੋਰ ਜਿੰਨੇ ਵੀ ਸਾਧਨ ਨੇ ਇਨ੍ਹਾਂ ਸਾਰਿਆਂ ਤੋਂ ਸ੍ਰੇਸ਼ਟ ਹਰੀ ਦਾ ਜਸ ਹੈ ਪਰ ਇਸਨੂੰ ਗਾਉਂਦਾ ਕੌਣ ਹੈ ਜਿਸ ਦੇ ਉਤੇ ਕ੍ਰਿਪਾ ਹੋ ਜਾਵੇ, ਦੂਜਾ ਨਹੀਂ ਗਾ ਸਕਦਾ, ਦੂਜਾ ਪੈਸੇ ਵਾਸਤੇ ਤਾਂ ਕਰੇਗਾ ਕਲਾ ਦਾ ਪ੍ਰਦਰਸ਼ਨ ਪਰ ਨਿਸ਼ਕਾਮ ਗੁਣ ਨਹੀਂ ਗਾ ਸਕਦਾ। ਜਿਹੜਾ ਨਿਸ਼ਕਾਮ ਕੀਰਤਨ ਹੈ ਕਰਮ ਧਰਮ ਦੇ ਮੁਕਾਬਲੇ ਤੇ ਕਰਮ ਧਰਮ ਲੁੱਟੇ ਜਾਂਦੇ ਨੇ -

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ ॥ ਅੰਗ - ੭੪੭*

ਕਹਿੰਦੇ ਜੇ ਇਕ ਅੱਖ ਦੇ ਝਮਕੇ ਜਿੰਨਾ ਚਿਰ ਵੀ ਉਸ ਦੀ ਸੁਰਤੀ ਪ੍ਰਮੇਸ਼ਰ ਦੇ ਨਾਲ ਜਾ ਕੇ ਲੱਗ ਗਈ, ਜੁੜ ਗਈ ਤੇ ਉਹ ਲੀਨ ਹੋ ਗਿਆ ਕੀਰਤਨ ਦੇ ਅੰਦਰ ਤਾਂ ਇਕ ਨਿਮਖ ਦਾ ਹੀ ਐਨਾ ਫਲ ਹੈ ਕਿ ਉਹ ਜਮ੍ਹਾਂ ਤੋਂ ਛੁੱਟ ਜਾਏਗਾ, ਜਮਦੂਤ ਉਸਨੂੰ ਲਿਜਾ ਨਹੀਂ ਸਕਿਆ ਕਰਦੇ। ਸੋ ਇਹ ਸਭ ਤੋਂ ਵੱਡਾ ਗੁਣ ਹੈ ਤੇ ਗਾਉਂਦਾ ਉਹ ਹੈ ਜਿਸ ਤੇ ਕ੍ਰਿਪਾ ਹੋ ਜਾਵੇ। ਜਿਸਨੂੰ ਚਰਨਾਂ ਦੇ ਵਿਚ ਲਾ ਲਵੇ। ਜਾਗ ਉਸਨੂੰ ਆਵੇਗੀ, ਅੰਮ੍ਰਿਤ ਵੇਲੇ ਜਾਗੇਗਾ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*

***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਉਹ ਹੀ ਸਤਿਸੰਗ ਦੇ ਵਿਚ ਆ ਸਕਦਾ ਹੈ ਉਸ ਦੇ ਹੀ ਭਾਗ ਬਣਦੇ ਨੇ –

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨***

ਸੋ ਮਹਾਰਾਜ ਜੀ ਦੀ ਕ੍ਰਿਪਾ ਹੈ ਸੰਗਤ ਆ ਜਾਂਦੀ ਹੈ ਅੰਮ੍ਰਿਤ ਵੇਲੇ ਉਠ ਕੇ ਹਰੀ ਦਾ ਜਸ ਹੋ ਜਾਂਦਾ ਹੈ, ਇਹ ਵਾਹਿਗੁਰੂ ਜੀ ਦੀ ਕ੍ਰਿਪਾ ਦੀ ਨਿਸ਼ਾਨੀ ਹੈ। ਜੇ ਪੂਰੀ ਵਿਧੀ ਦੇ ਨਾਲ ਕੀਰਤਨ ਸੁਣਿਆ ਜਾਵੇ, ਕੀਰਤਨ ਕਰਿਆ ਜਾਵੇ ਤਾਂ ਬਹੁਤ ਵੱਡੀ ਭਗਤੀ ਹੈ, ਬਹੁਤ ਵੱਡਾ ਫਲ ਹੁੰਦਾ ਹੈ ਕਿਉਂਕਿ ਇਸ ਭਗਤੀ ਨੂੰ ਪ੍ਰਧਾਨਗੀ ਦਿਤੀ ਹੋਈ ਹੈ –

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥***
***ਅੰਗ – ੧੦੭੬***

ਸੋ ਇਹ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਹੈ ਜੇ ਉਹ ਗਵਾਉਂਦਾ ਹੈ ਤਾਂ ਗਾਉਂਦੇ ਹਾਂ ਜੇ ਨਾ ਗੁਆਵੇ ਫੇਰ ਨਹੀਂ ਗਾਇਆ ਕਰਦਾ, ਨਾ ਉਸਨੂੰ ਗਾਉਣ ਦਾ ਪਤਾ ਲੱਗੇ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

---

(ਪੰਨਾ **2** ਦਾ ਬਾਕੀ)

ਤੇ ਖੁਸ਼ੀ ਲਵੋ। ਉਸ ਪ੍ਰਭੂ ਨੂੰ ਆਪਣੀ ਸਿਫਤਿ-ਸਾਲਾਹ ਦੀ ਕੋਈ ਤਮ੍ਹਾ ਨਹੀਂ, ਇਹ ਤਾਂ ਸਾਡੀ ਅਲਪੱਗ ਜੀਵਾਂ ਦੀ ਲੋੜ ਹੈ, ਇਸ ਵਿਚ ਸਾਡਾ ਹੀ ਭਲਾ ਹੈ। ***(ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ)***

ਸਾਲ ਦੀ ਅਖੀਰਲੇ ਮਹੀਨੇ 'ਫਲਗੁਣਿ ਦੀ ਵਿਚਾਰ ਉਪਰੰਤ ਗੁਰੂ ਮਹਾਰਾਜ ਬਾਰਹਮਾਹਾ ਦੇ ਆਖਰੀ ਬੰਦ ਵਿਚ ਸਾਲ ਦੇ ਸਾਰੇ ਮਹੀਨਿਆਂ ਦਾ ਉਪਦੇਸ਼ ਸਰਲ ਰੂਪ ਵਿਚ ਬਿਆਨ ਕਰਦੇ ਫੁਰਮਾਉਂਦੇ ਹਨ –

***ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥***
***ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥***
***ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥***
***ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥***
***ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥***
***ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥***
***ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥***
***ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥***
***ਪੰਨਾ – 136***

ਅਰਥਾਤ ਸਾਰਾ ਸਮਾਂ, ਸਾਰੇ ਮਹੀਨੇ, ਸਾਰੇ ਦਿਨ ਤੇ ਰਾਤਾਂ, ਸਭ ਰੁੱਤਾਂ, ਸਭ ਘੜੀਆਂ ਤੇ ਪਲ ਪ੍ਰਭੂ ਦੀ ਸਿਫਤਿ ਸਾਲਾਹ ਕਰਨ ਲਈ, ਬਖਸ਼ਿਸ਼ ਹੋਏ ਹਨ, ਸਭ ਪਵਿੱਤਰ ਤੇ ਸ਼ੁਭ ਹਨ, ਨਾਮ ਜਪਣ ਲਈ ਹਨ। ਗੁਰੂ ਜੀ ਦਾ ਉਪਦੇਸ਼ ਹੈ –

***ਚਲਤ ਬੈਸਤ ਸੋਵਤ ਜਾਗਤ ਗੁਰਮੰਤ੍ਰੁ ਰਿਦੈ ਚਿਤਾਰਿ॥***
***ਪੰਨਾ–1006***

ਅਰਥਾਤ ਹਰ ਸਮੇਂ ਤੁਰਦਿਆਂ ਫਿਰਦਿਆਂ, ਉਠਦਿਆਂ ਬੈਠਦਿਆਂ, ਸੌਂਦਿਆਂ ਜਾਗਦਿਆਂ ਗੁਰੂ ਦਾ ਨਾਮ ਹਿਰਦੇ ਵਿਚ ਹੋਣਾ ਚਾਹੀਦਾ ਹੈ। ਇਸ ਬੰਦ ਵਿਚ ਨਿਰਣੇ ਵਜੋਂ ਦੱਸਿਆ ਹੈ ਕਿ ਜਿਸ ਜਿਸ ਮਨੁੱਖ ਨੇ ਪ੍ਰਮਾਤਮਾ ਦਾ ਨਾਮ ਜਪਿਆ ਹੈ, ਉਨ੍ਹਾਂ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ ***(ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ)*** ਜਿਨ੍ਹਾਂ ਜਿਨ੍ਹਾਂ ਨੇ ਪ੍ਰਭੂ ਨੂੰ, ਪੂਰੇ ਗੁਰੂ ਨੂੰ ਆਰਾਧਿਆ ਹੈ, ਉਹ ਪ੍ਰਭੂ ਦੀ ਸੱਚੀ ਦਰਗਾਹ ਵਿਚ, ਹਜ਼ੂਰੀ ਵਿਚ ਸੁਰਖਰੂ ਹੁੰਦੇ ਹਨ। ਪ੍ਰਭੂ ਦੇ ਚਰਨ ਹੀ ਸਾਰੇ ਸੁਖਾਂ ਦਾ ਖਜ਼ਾਨਾ ਹਨ। ਜਿਹੜੇ ਜੀਵ ਪ੍ਰਭੂ ਦੇ ਚਰਨਾਂ ਨਾਲ ਜੁੜ ਜਾਂਦੇ ਹਨ, ਉਹ ਬਿਖੜੇ ਸੰਸਾਰ ਸਮੁੰਦਰ ਤੋਂ ਸਹੀ ਸਲਾਮਤ ਪਾਰ ਲੰਘ ਜਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਪ੍ਰਾਪਤ ਹੁੰਦੀ ਹੈ ਅਤੇ ਉਹ ਕਦੀ ਵੀ ਮਾਇਆ ਦੀ ਤ੍ਰਿਸ਼ਨਾ-ਅਗਨੀ ਵਿਚ ਨਹੀਂ ਜਲਦੇ। ਨਾਮ ਜਪਣ ਵਾਲਿਆਂ ਦੇ ਵਿਅਰਥ ਝੂਠੇ ਲਾਲਚ ਖਤਮ ਹੋ ਜਾਂਦੇ ਹਨ, ਉਨ੍ਹਾਂ ਦੇ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਉਹ ਪੂਰਨ ਤੌਰ ਤੇ ਇਕ ਪ੍ਰਭੂ ਦੀ ਟੇਕ ਵਿਚ ਟਿਕ ਜਾਂਦੇ ਹਨ ਅਤੇ ਆਪਣੇ ਮਨ ਵਿਚ ਇਕੋ ਪਰਮ ਜੋਤਿ ਪ੍ਰਮਾਤਮਾ ਨੂੰ ਵਸਾ ਕੇ ਸਦਾ ਉਸ ਨੂੰ ਸਿਮਰਦੇ ਰਹਿੰਦੇ ਹਨ। ਬੰਦ ਦੇ ਅੰਤ ਵਿਚ ਮਹਾਰਾਜ ਜੀ ਦਸਦੇ ਹਨ ਕਿ ਉਨ੍ਹਾਂ ਜੀਵ-ਇਸਤ੍ਰੀਆਂ ਲਈ ਸਾਰਾ ਸਮਾਂ, ਸਾਰੇ ਮਹੀਨੇ, ਸਭ ਦਿਨ, ਸਾਰੇ ਹੀ ਮਹੂਰਤ ਸ਼ੁਭ ਤੇ ਸੁਲੱਖਣੇ ਹਨ ਜਿਨ੍ਹਾਂ ਉਤੇ ਪ੍ਰਭੂ ਦੀ ਮਿਹਰ ਦ੍ਰਿਸ਼ਟੀ ਹੁੰਦੀ ਹੈ। ਗੁਰੂ ਜੀ ਵੀ ਪ੍ਰਭੂ ਅੱਗੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੇਰੇ ਤੇ ਵੀ ਮਿਹਰ ਕਰ, ਮੈਂ ਵੀ ਤੇਰੇ ਦਰ ਤੋਂ ਤੇਰੇ ਦਰਸ਼ਨਾਂ ਦੀ ਦਾਤਿ ਮੰਗਦਾ ਹਾਂ। ਇਹੋ ਸਾਡੀ ਸਭ ਜਗਿਆਸੂਆਂ ਦੀ ਅਰਦਾਸ ਹੋਣੀ ਚਾਹੀਦੀ ਹੈ।

(********)

# ਜਗਿਆਸੂਆਂ ਪ੍ਰਥਾਇ ਅਨੁਭਵੀ ਪ੍ਰਵਚਨ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ.***

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥***
***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਗੁਰੂ ਦਰਬਾਰ 'ਚ ਪਹੁੰਚੇ ਓਂ। ਇਕ ਬਹੁਤ ਵੱਡਾ ਸਹਿਜ ਤਪ ਗਰਮੀ ਦੇ ਮਹੀਨੇ ਦੇ ਅੰਦਰ ਆਪ ਸਾਰੇ ਇਸ ਪੰਡਾਲ ਦੇ ਅੰਦਰ ਬੈਠੇ ਕਰ ਰਹੇ ਓਂ, ਜਿਸ ਦਾ ਮਹਾਨ-ਮਹਾਨ ਫਲ ਪ੍ਰਾਪਤ ਹੋਇਆ ਕਰਦਾ। ਜੇ ਸਤਿਸੰਗ ਚਿੱਤ ਲਾ ਕੇ ਸਰਵਣ ਕਰੇ -

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥ ਅੰਗ - ੨੯੫***

ਸਾਵਧਾਨ ਹੋ ਕੇ ਚਿੱਤ ਨੂੰ ਏਕਾਗਰ ਕਰਕੇ ਜੇ ਹਰੀ ਦਾ ਜਸ ਸਰਵਣ ਕਰ ਲਵੇ ਤਾਂ ਫਲ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ - ੫੪੬***

ਕਈ ਕਰੋੜ ਜੱਗਾਂ ਦਾ ਫਲ ਜਿਹੜੇ ਸੁਣਦੇ ਨੇ ਤੇ ਫੇਰ ਪਿਆਰ ਦੇ ਨਾਲ ਗਾਉਂਦੇ ਨੇ। ਸੋ ਐਸਾ ਇਕ ਮਹਾਨ ਤਪ ਸਹਿਜ ਤਪ ਸਤਿਸੰਗ ਦਾ ਜਿਸ ਦਾ ਕਿ ਫਲ ਬਹੁਤ ਮਹਾਨ ਹੈ। ਇਹ ਨਿਰਣਾ ਹੋ ਚੁੱਕਿਆ ਹੈ ਕਿ 58000 ਸਾਲ ਦਾ ਕਠਿਨ ਤਪ ਚਾਰ ਘੜੀ ਦੇ ਸਤਿਸੰਗ ਦਾ ਮੁਕਾਬਲਾ ਨਹੀਂ ਕਰ ਸਕਦਾ। ਕਲਜੁਗ ਦੇ ਅੰਦਰ ਇਹ ਦੁਰਲੱਭ ਚੀਜ਼ ਆਪਾਂ ਨੂੰ ਪ੍ਰਾਪਤ ਹੋਈ ਹੈ। ਸੋ ਬੇਨਤੀ ਸੀ ਕਿ ਪਾਤਸ਼ਾਹ! ਬੜੀ ਦੇਰ ਹੋ ਗਈ ਸਾਨੂੰ ਘੁੰਮਦਿਆਂ ਨੂੰ, ਹੁਣ ਤੇਰੀ ਸ਼ਰਨ ਲਈ, ਹੁਣ ਕ੍ਰਿਪਾ ਕਰ ਆਪਣੀ ਭਗਤੀ ਲਾ ਲੈ, ਆਪਣਾ ਨਾਮ ਜਪਾ ਤੇ ਹੁਣ ਨਾ ਅਸੀਂ ਕਿਤੇ ਖੁੰਝ ਜਾਈਏ, ਕਿਉਂਕਿ ਸਾਡਾ ਸਫਰ ਬਹੁਤ ਲੰਮਾ ਹੋ ਗਿਆ। ਜਿਹੜਾ ਸਿਆਣਾ ਬੰਦਾ ਹੁੰਦਾ ਹੈ, ਸੰਜੀਦਾ ਬੰਦਾ ਹੁੰਦਾ ਹੈ, ਜਿਹਦੇ 'ਚ ਮਨੁੱਖ ਬੁੱਧੀ ਹੈ। ਉਹ ਕੁਦਰਤੀ ਤੌਰ ਤੇ ਸੋਚੇਗਾ ਕਿ ਮੈਂ ਕਿੱਥੋਂ ਆ ਗਿਆ, ਕੀ ਜਿਸ ਦਿਨ ਤੋਂ ਮੇਰਾ ਜਨਮ ਹੋਇਆ ਹੈ ਉਸ ਦਿਨ ਤੋਂ ਪੈਦਾ ਹੋਇਆ ਹਾਂ ਜਾਂ ਉਸ ਤੋਂ ਪਹਿਲਾਂ ਵੀ ਸੀਗਾ, ਜੇ ਪਹਿਲਾਂ ਸੀ ਤਾਂ ਮੇਰਾ ਘਰ-ਬਾਰ ਕਿਹੜਾ ਸੀ ਕਿੱਥੇ ਮੈਂ ਰਹਿੰਦਾ ਸੀ, ਮੇਰੇ ਮਾਂ ਬਾਪ ਕਿਹੜੇ ਸੀ। ਮੇਰਾ ਪਰਿਵਾਰ ਕਿਹੜਾ ਸੀ? ਆਹ ਵਾਹਿਗੁਰੂ ਨੇ ਪੜਦਾ ਪਾ ਦਿਤਾ ਸਾਰੀਆਂ ਚੀਜ਼ਾਂ ਦਾ, ਕਿਸੇ-ਕਿਸੇ ਨੂੰ ਪਤਾ ਹੁੰਦਾ ਹੈ ਜਿਥੇ ਪਤਾ ਹੁੰਦਾ ਹੈ ਉਥੇ ਫੇਰ ਰੌਲਾ ਪੈ ਜਾਂਦਾ ਹੈ।

ਇਕ ਵਾਰੀ ਲਾਇਲਪੁਰ ਇਕ ਛੇ ਸਾਲ ਦਾ ਬੱਚਾ, ਆਪਣੇ ਅੱਬਾ ਜਾਨ ਦੀ ਉਂਗਲੀ ਫੜੀ ਜਾਂਦਾ ਹੈ, ਇਸਲਾਮ ਵਾਲਾ ਹੈ ਤੇ ਜਾਂਦੇ-ਜਾਂਦੇ ਇਕ ਬੰਦਾ ਉਹਦੀ ਨਿਗ੍ਹਾ 'ਚ ਆਇਆ ਉਹਨੇ ਉਹਦੀ ਉਂਗਲੀ ਛੱਡ ਕੇ ਇਕ ਦਮ ਜਾ ਕੇ ਉਸ ਦਾ ਹੱਥ ਫੜ ਲਿਆ। ਨਾਲ ਰੋਣ ਲੱਗ ਗਿਆ, ਲੱਤਾਂ ਨੂੰ ਚਿੰਬੜ ਗਿਆ ਤੇ ਬਾਰ-ਬਾਰ ਕਹਿੰਦਾ ਹੈ ਕਿ ਪਿਤਾ ਜੀ ਮੈਨੂੰ ਬਚਾ ਲਓ, ਮੈਨੂੰ ਬਚਾ ਲਓ। ਉਹ ਹੈਰਾਨ ਹੈ ਕਿ ਮੇਰਾ ਪੁੱਤਰ, ਉਹਦਾ ਪਿਤਾ ਵੀ ਹੈਰਾਨ ਹੈ ਕਿ ਕੀ ਕਾਰਨ ਵਰਤ ਗਿਆ। ਭੀੜ ਇਕੱਠੀ ਹੋ ਗਈ। ਉਹ ਉਹਦਾ ਪਿੱਛਾ ਨਹੀਂ ਛੱਡਦਾ। ਉਹ ਕਹਿੰਦਾ ਹੈ ਕਿ ਇਹ ਮੇਰਾ ਪੁੱਤਰ ਨਹੀਂ। ਉਹ ਕਹਿੰਦਾ ਹੈ ਕਿ ਮੈਂ ਤੇਰਾ ਲੜਕਾ ਹਾਂ। ਉਧਰ ਉਹ ਕਹਿੰਦਾ ਹੈ ਕਿ ਇਹ ਮੇਰਾ ਲੜਕਾ ਹੈ, ਬੱਚਾ ਕਹਿੰਦਾ ਹੈ ਕਿ ਮੈਂ ਇਹ ਮੇਰਾ ਪਿਤਾ ਨਹੀਂ। ਅਖੀਰ ਸਾਰੇ ਇਕੱਠੇ ਹੋ ਗਏ, ਸਿਆਣੇ ਬੰਦੇ ਸੀ ਕਹਿਣ ਲੱਗੇ ਕਾਕਾ! ਗੱਲ ਸਮਝ 'ਚ ਨਹੀਂ ਆ ਰਹੀ, ਤੂੰ ਠੀਕ ਤਰ੍ਹਾਂ ਨਾਲ ਸਮਝਾਅ। ਕਹਿਣ ਲੱਗਿਆ, ਮੇਰਾ ਘਰ ਫਲਾਣੇ ਥਾਉਂ ਹੈ, ਫਲਾਣਾ ਮਹੱਲਾ ਹੈ, ਮੈਂ ਇਹਨੂੰ ਵੀ ਦੱਸਦਾ ਹਾਂ ਜਿਹਨੂੰ ਮੈਂ ਅੱਬਾ ਕਹਿੰਦਾ ਹਾਂ ਤੇ ਪਤਾ ਨਹੀਂ ਮੈਨੂੰ ਉਥੇ ਕੀ ਹੋਇਆ ਤੇ ਮੈਂ ਇਥੇ ਆ ਗਿਆ, ਇਨ੍ਹਾਂ ਦੇ ਘਰ ਛੋਟਾ ਜਿਹਾ ਬਣ ਕੇ, ਮੈਂ ਪੜ੍ਹਦਾ ਸੀ ਏਸ ਜਮਾਤ ਵਿਚ, ਐਹੋ ਜਿਹੇ ਕੱਪੜੇ ਪਹਿਨਦਾ ਸੀ, ਆਹ ਮੇਰੇ ਦੋਸਤਾਂ ਦਾ ਨਾਉਂ ਸੀ। ਪੜਤਾਲ ਕਰੀ ਗੱਲ ਠੀਕ ਨਿਕਲੀ। ਹੁਣ ਬੱਚਾ ਕਹਿੰਦਾ ਹੈ ਕਿ ਮੈਂ ਆਪਣੇ ਪੁਰਾਣੇ ਘਰ ਜਾਣਾ ਹੈ। ਬਹੁਤ ਮੁਸ਼ਕਲ ਹੋ ਜਾਂਦਾ ਹੈ ਐਸ ਤਰ੍ਹਾਂ। ਬੜੀ ਦੇਰ ਤੱਕ ਇਹ ਗੱਲ ਦੀ ਚਰਚਾ ਰਹੀ, ਆਹ ਥੋੜ੍ਹਾ ਜਿਹਾ ਚਿਰ ਹੋਇਆ, ਪਿਛਲੇ ਸਾਲ ਇਹ ਮੈਨੂੰ ਦੱਸਦੇ ਸੀ, ਸਾਡੇ ਪਿੰਡਾਂ ਵਲ ਵੀ ਐਸਾ ਕੌਤਕ ਵਰਤਿਆ ਹੋਇਆ ਹੈ ਕਿ ਇਕ ਇੰਜਨੀਅਰ ਸੀ, ਉਹ ਆਪਣੇ ਨਾਨਕੇ ਈਸੜੂ ਆਇਆ, ਈਸੜੂ ਆ ਕੇ ਉਹਨੇ ਟਰੈਕਟਰ ਤੇ ਜਾਂਦੇ ਨੇ ਸ਼ਰਾਬ ਪੀਤੀ ਹੋਈ ਸੀ, ਟਰੈਕਟਰ ਦਾ ਐਕਸੀਡੈਂਟ ਕਰ ਦਿਤਾ ਜਿਹੜਾ ਚਲਾਉਂਦਾ ਸੀ। ਉਹ ਵੀ ਚੜ੍ਹਾਈ ਕਰ ਗਿਆ, ਉਹ ਵੀ ਕਰ ਗਿਆ। ਦੋਵੇਂ ਟਰੈਕਟਰ ਦੇ ਥੱਲੇ ਆ ਗਏ, ਉਸ ਤੋਂ ਬਾਅਦ ਉਹ ਬੱਚਾ ਥੋੜ੍ਹੇ ਮੀਲਾਂ ਦੇ ਉਤੇ ਜਾ ਕੇ ਉਹਨੇ ਜਨਮ ਲੈ ਲਿਆ, ਲੇਕਿਨ ਉਹਦੇ ਪਿਛਲਾ ਜਨਮ ਯਾਦ ਰਹਿ ਗਿਆ। ਉਹ ਇਹੀ ਗੱਲ ਕਿਹਾ ਜਾਇਆ ਕਰੇ ਕਿ ਮੇਰਾ ਤਾਂ ਆਹ ਪਿੰਡ ਹੈ, ਮੇਰਾ ਆਹ ਪਿੰਡ ਹੈ। ਅਖੀਰ ਜਦੋਂ ਪੜ੍ਹਦਾ-ਪੜ੍ਹਦਾ ਕਾਫੀ ਵੱਡਾ ਹੋ ਗਿਆ, ਸੱਤਵੀਂ ਅੱਠਵੀਂ 'ਚ ਹੋ ਗਿਆ, ਉਸ ਵੇਲੇ ਉਥੇ ਟੂਰਨਾਮੈਂਟ ਖੇਲ੍ਹਣ ਵਾਸਤੇ ਜਾਂਦੇ ਨੇ ਨੇੜੇ ਤੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਮੇਰਾ ਪਿੰਡ ਤਾਂ ਨਾਲ ਹੀ ਹੈ, ਨੇੜੇ ਹੀ ਹੈ। ਮਾਸਟਰ ਨੇ ਕਿਹਾ ਕਿ ਤੇਰਾ ਪਿੰਡ

ਤਾਂ ਉਹ ਸੀ? ਕਹਿੰਦਾ ਨਾ ਮੇਰਾ ਤਾਂ ਉਹ ਐਵੇਂ ਹੀ ਹੈ, ਮੇਰਾ ਅਸਲੀ ਪਿੰਡ ਇਹ ਹੈ। ਅਖੀਰ ਹੋਇਆ ਫੈਸਲਾ ਕਿ ਪਤਾ ਕਰੋ, ਪਤਾ ਕੀਤਾ ਤਾਂ ਉਹਨੇ ਦੱਸ ਦਿਤਾ ਕਿ ਮੇਰੇ ਪਿਤਾ ਦਾ ਨਾਉਂ ਆ ਹੈ, ਮਾਂ ਦਾ ਆਹ ਹੈ। ਸਾਡਾ ਘਰ ਏਧਰ ਹੈ, ਬੰਦਾ ਭੇਜਿਆ ਤੇ ਜਾ ਕੇ ਪੁੱਛਿਆ ਕਿ ਐਸ ਤਰ੍ਹਾਂ ਦੀ ਕੋਈ ਗੱਲ ਹੈ, ਉਹ ਕਹਿੰਦੇ ਨਾ ਸਾਡਾ ਕੋਈ ਬੱਚਾ ਨਹੀਂ। ਅਖੀਰ ਓਸ ਬੱਚੇ ਨੂੰ ਨਾਲ ਲੈ ਕੇ ਉਥੇ ਆਉਂਦੇ ਨੇ, ਕਹਿੰਦਾ ਆਹ ਮੇਰਾ ਘਰ ਹੈ, ਆਹ ਮਾਸੀ ਦਾ ਘਰ ਹੈ, ਆਹ ਮੇਰੇ ਚਾਚੇ ਦਾ ਮੇਰੇ ਤਾਏ ਦਾ। ਘਰ ਵਿਚ ਚਲਿਆ ਜਾਂਦਾ ਹੈ, ਦਰਵਾਜ਼ੇ ਮੂਹਰੇ ਖੜ੍ਹ ਕੇ ਸਾਰੀਆਂ ਗੱਲਾਂ ਦੱਸਦਾ ਹੈ ਕਿ ਮੈਂ ਉਥੇ ਪੜ੍ਹਦਾ ਸੀ, ਉਥੇ ਮੇਰੀਆਂ ਕਿਤਾਬਾਂ ਪਈਆਂ ਨੇ, ਮੈਂ ਉਥੇ ਇੰਜਨੀਅਰ ਲੱਗਿਆ ਹੋਇਆ ਸੀਗਾ, ਰੂੜਕੇਲੇ ਪਲਾਂਟ ਦੇ ਅੰਦਰ। ਅਖੀਰ ਪਤਾ ਲੱਗਿਆ ਕਿ ਹਾਂ ਸਾਡਾ ਲੜਕਾ ਉਥੇ ਇੰਜਨੀਅਰ ਸੀ ਤੇ ਉਹ ਐਕਸੀਡੈਂਟ ਨਾਲ ਚੜ੍ਹਾਈ ਕਰ ਗਿਆ ਸੀ। ਹੁਣ ਉਹ ਛੁੱਟੀਆਂ ਦੇ ਵਿਚ ਤਾਂ ਆਪਣੇ ਪੁਰਾਣੇ ਪਿੰਡ ਜਾਂਦਾ ਹੈ, ਪੁਰਾਣੇ ਮਾਂ ਬਾਪ ਕੋਲ ਤੇ ਬਾਕੀ ਇਨ੍ਹਾਂ ਕੋਲ ਰਹਿੰਦਾ ਹੈ। ਏਸੇ ਤਰ੍ਹਾਂ ਆਪਣੇ ਡੇਰੇ ਦੇ ਨੇੜੇ ਵੀ ਏਸੇ ਤਰ੍ਹਾਂ ਹੋਇਆ ਹੈ ਕਿ ਉਹ ਬੱਚਾ ਦੱਸਦਾ ਹੈ ਕਿ ਚਮਕੌਰ ਸਾਹਿਬ ਉਹਦਾ ਪਹਿਲਾ ਪਿੰਡ ਹੈ, ਓਧਰ ਦੂਜਾ ਪਿੰਡ ਹੈ, ਮੈਂ ਇਥੋਂ ਸਿੰਘਾਂ ਨੂੰ ਪੁੱਛਿਆ ਕਿ ਤੂੰ ਪਤਾ ਕਰਕੇ ਆ ਪੂਰੀ ਤਰ੍ਹਾਂ, ਉਸ ਨੇ ਜਾ ਕੇ ਸਾਰੀ ਗੱਲ ਦਾ ਪਤਾ ਕਰਿਆ। ਸਕੂਲ ਵੀ ਗਿਆ, ਉਥੋਂ ਬੱਚੇ ਨੂੰ ਲਿਆ, ਛੇਵੀਂ ਜਮਾਤ ਵਿਚ ਪੜ੍ਹਦਾ ਸੀ, ਉਹਨੂੰ ਕਾਰ ਵਿਚ ਬਿਠਾ ਕੇ ਜਿਥੇ ਦਾ ਉਹ ਪਹਿਲਾਂ ਸੀ ਉਥੇ ਲੈ ਗਿਆ। ਉਹ ਕਹਿੰਦਾ ਕਿ ਜੀ ਕੀ ਇਹ ਤੁਹਾਡਾ ਕਾਕਾ ਹੈ? ਕਹਿੰਦੀ ਜੀ ਕਾਕਾ ਨਾ ਕਹੋ ਇਹ ਮੇਰਾ ਪਤੀ ਹੈ। ਇਹ ਹੁਣ ਵੀ ਮੈਨੂੰ ਆ ਕੇ ਦੱਸਦਾ ਰਹਿੰਦਾ ਹੈ ਕਿ ਇਥੇ ਘਰ ਪਾਉਣਾ ਹੈ, ਆਹ ਬੱਚਿਆਂ ਨੂੰ ਵੀ ਦੱਸਦਾ ਹੈ, ਹੈ ਛੋਟਾ ਲੇਕਿਨ ਗੱਲ ਬਹੁਤ ਆਉਂਦੀ ਹੈ।

ਸੋ ਇਹ ਵਾਹਿਗੁਰੂ ਜੀ ਨੇ ਕੁਛ ਪੜਦਾ ਪਾ ਦਿਤਾ, ਜੇ ਆਪਾਂ ਸਾਰਿਆਂ ਨੂੰ ਪਤਾ ਹੁੰਦਾ ਰੌਲਾ ਪੈ ਜਾਣਾ ਸੀ। ਕੋਈ ਓਧਰ ਨੂੰ ਨੱਠਿਆ ਜਾਂਦਾ ਹੈ ਕੋਈ ਓਧਰ ਨੂੰ ਨੱਠਿਆ ਜਾਂਦਾ ਹੈ। ਕਿਸੇ ਨੇ ਪਾਖੰਡ ਹੀ ਕਰਨਾ ਸੀ, ਝੂਠ ਬੋਲਣਾ ਸੀ, ਲੇਕਿਨ ਆਪ ਨੇ ਇਹ ਦੱਸ ਦਿਤਾ ਕਿ ਤੁਹਾਡਾ ਸਫਰ ਅਨਾਦੀ ਕਾਲ ਤੋਂ ਤੁਰਿਆ ਹੋਇਆ ਹੈ, ਜਦੋਂ ਕਾਲ ਵੀ ਅਜੇ ਬਣਿਆ ਨਹੀਂ ਸੀ ਉਸ ਵੇਲੇ ਵੀ ਤੁਸੀਂ ਸੀ, ਤੁਹਾਡੇ ਪੈਦਾ ਹੋਣ ਤੋਂ ਬਾਅਦ ਕਾਲ ਬਣਿਆ। ਫੇਰ ਅਸੀਂ ਰਹੇ ਕਿੱਥੇ। ਮਹਾਰਾਜ ਕਹਿੰਦੇ ਰਹੇ ਤਾਂ ਐਸ ਤਰ੍ਹਾਂ ਤਾਂ ਨਹੀਂ ਦੱਸਿਆ ਜਾ ਸਕਦਾ ਕਿਉਂਕਿ ਛੋਟੀ ਜਿਹੀ ਗੱਲ ਹੋਵੇ ਤਾਂ ਦੱਸਦੇ। ਖਰਬਾਂ-ਖਰਬਾਂ ਜਨਮ ਤੁਸੀਂ ਚੱਕਰ ਕੱਟਿਆ ਹੈ ਪਰ ਇਹ ਦੱਸ ਦਿੰਦੇ ਹਾਂ ਕਿ -

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥***
***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬***

ਕਿੰਨੇ ਜਨਮ ਤੂੰ ਕੀੜੇ ਮਕੌੜੇ ਬਣਦਾ ਰਿਹਾ ਹੈਂ, ਕਿੰਨੇ ਜਨਮ ਮੱਛੀਆਂ, ਹਾਥੀ ਤੇ ਹਰਨ ਵਗੈਰਾ ਬਣਦਾ ਰਿਹਾ ਹੈਂ ਤੇ ਏਸੇ ਤਰ੍ਹਾਂ ਕਿੰਨੇ ਵਾਰੀ ਤੂੰ ਪੰਖੀ, ਘੋੜੇ, ਬਲਦ ਬਣਦਾ ਰਿਹਾ।

***ਕਈ ਜਨਮ ਸੈਲ ਗਿਰਿ ਕਰਿਆ ॥***
***ਕਈ ਜਨਮ ਗਰਭ ਹਿਰਿ ਖਰਿਆ ॥***
***ਕਈ ਜਨਮ ਸਾਖ ਕਰਿ ਉਪਾਇਆ ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ਅੰਗ - ੧੭੬***

ਮਹਾਰਾਜ ਕਹਿੰਦੇ ਇਥੇ ਹੀ ਨਹੀਂ, ਕਈ ਜਨਮ ਤੂੰ ਪੱਥਰ ਵੀ ਬਣਦਾ ਰਿਹਾ, ਪਹਾੜ ਵੀ ਬਣਦਾ ਰਿਹਾ ਹੈਂ। ਕਈ ਜਨਮ ਤੂੰ ਮਾਤਾ ਦੇ ਗਰਭ ਵਿਚ ਆਉਂਦਾ ਸੀ, ਲੇਕਿਨ ਖਿਰ ਜਾਂਦਾ ਸੀ, ਟਿਕਦਾ ਨਹੀਂ ਸੀ, ਜਨਮ ਲੈਣ ਤੋਂ ਪਹਿਲਾਂ ਹੀ ਮਰ ਜਾਂਦਾ ਸੀ, ਕਿੰਨੇ ਜਨਮ ਤੂੰ ਦਰਖਤ ਬਣਦਾ ਰਿਹਾ, ਖੜ੍ਹਾ ਦੇਖਦਾ ਰਿਹਾ ਸਭ ਕੁਛ। ਕੀ ਸੋਝੀ ਵੀ ਸੀ? ਕਹਿੰਦੇ ਪੱਥਰ ਨੂੰ ਤਾਂ ਹੁੰਦੀ ਹੈ .001%, ਜਿਹੜਾ ਹੈ ਦਰਖਤ ਇਹਨੂੰ 1% ਤੋਂ ਲੈ ਕੇ 25% ਤੱਕ ਹੋਸ਼ ਹੁੰਦੀ ਹੈ, ਦੁੱਖ ਮੰਨਦਾ ਹੈ ਥੋੜ੍ਹਾ ਜਿਹਾ। ਜੇ ਇਹਦੇ ਕੋਲ ਰਾਗ ਵੱਜਦਾ ਰਹੇ, ਮਿਊਜ਼ਿਕ ਦੀਆਂ ਲਹਿਰਾਂ ਨੂੰ ਇਹ ਸਮਝਦਾ ਹੈ ਤੇ ਫੇਰ ਇਹ ਫੈਲਦਾ, ਫੁਲਦਾ ਬਹੁਤ ਹੈ। ਇਹਦਾ ਮਾਲਕ ਮਿਹਰਬਾਨ ਹੋਵੇ, ਚੰਗੀ ਦ੍ਰਿਸ਼ਟੀ ਨਾਲ ਦੇਖਦਾ ਰਹੇ, ਇਹ ਵਧਣ ਲਗ ਜਾਂਦਾ ਹੈ। ਜੇ ਇਰਾਦਾ ਕਰੇ ਇਹਨੂੰ ਕੱਟ ਲੈਣਾ ਹੈ ਇਹ ਸੁੰਗੜਨ ਲਗ ਜਾਂਦਾ ਹੈ। ਅਮਰੀਕਾ ਦੇ ਅੰਦਰ waves ਦੇ ਨਾਲ ਤਜਰਬਾ ਕਰਿਆ, ਆਦਮੀ ਦੇ ਸੁਭਾਅ ਦੇ ਨਾਲ। ਕੁਹਾੜਾ ਲੈ ਕੇ ਜਾਂਦੇ ਨੇ ਕਿ ਦਰਖਤ ਕੱਟ ਦੇਣਾ ਹੈ, ਦਰਖਤ ਦਿਖਾਇਆ ਵੀ ਆਹ ਸੁੰਗੜਦਾ ਜਾਂਦਾ ਹੈ, ਜਦੋਂ ਪਾਣੀ ਦੇਣ ਵਾਸਤੇ ਜਾਂਦੇ ਨੇ, ਖਾਦ ਪਾਉਣ ਵਾਸਤੇ ਜਾਂਦੇ ਨੇ, ਪਹਿਲਾਂ ਹੀ ਦਰਖਤ ਫੈਲਦਾ ਹੈ ਪੱਤੇ ਹਿਲਦੇ ਨੇ, ਯਾਨਿ ਉਹਨੂੰ ਮਹਿਸੂਸ ਹੁੰਦਾ ਹੈ, ਐਨੀ ਕੁ ਸਮਝ ਹੈਗੀ ਉਹਨੂੰ ਕਿ ਇਹ ਮੇਰਾ ਘਾਤ ਕਰਨ ਵਾਸਤੇ ਆ ਰਿਹਾ ਹੈ ਬੰਦਾ। ਸੋ ਇਸ ਤਰ੍ਹਾਂ ਦੇ ਨਾਲ 25 ਤੋਂ ਲੈ ਕੇ 50% ਤੱਕ ਸੋਝੀ ਹੋਇਆ ਕਰਦੀ ਹੈ, ਪਸ਼ੂਆਂ ਨੂੰ ਪੰਛੀਆਂ ਨੂੰ, 50% ਤੋਂ ਲੈ ਕੇ 75% ਤੱਕ ਹੋਇਆ ਕਰਦੀ ਹੈ ਮਨੁੱਖ ਨੂੰ। ਮਨੁੱਖ ਨੂੰ ਤਾਂ ਹੁੰਦੀ ਹੈ ਜਿਹੜਾ ਮਨੁੱਖ ਬਣ ਜਾਵੇ, ਜੇ ਮਨੁੱਖ ਬਣਿਆ ਹੀ ਨਹੀਂ ਉਹਨੂੰ ਪਸ਼ੂ ਸੋਝੀ ਹੁੰਦੀ ਹੈ, ਉਹ ਸੋਝੀ ਤੋਂ ਹੇਠਾਂ ਹੋਇਆ ਕਰਦਾ ਹੈ, ਪਸ਼ੂਆਂ ਵਾਲੀ ਸੋਝੀ ਹੁੰਦੀ ਹੈ ਏਸੇ ਕਰਕੇ ਮਨੁੱਖ ਨੂੰ ਕਿਹਾ ਜਾਂਦਾ ਹੈ ਕਿ ਤੂੰ ਬੰਦਾ ਬਣ ਜਾ, ਪਸ਼ੂਆਂ ਨੂੰ ਕੋਈ ਨਹੀਂ ਕਹਿੰਦਾ, ਗਧੇ ਨੂੰ ਕੋਈ ਨਹੀਂ ਕਹਿੰਦਾ ਕਿ ਤੂੰ ਗਧਾ ਬਣ ਜਾ, ਬੈਲ ਨੂੰ ਕੋਈ ਨਹੀਂ ਕਹਿੰਦਾ ਕਿ ਬੈਲ ਬਣ ਜਾ, ਸਿਰਫ ਮਨੁੱਖ ਹੈ ਜਿਹਨੂੰ ਐਸੀ ਗੱਲ ਕਹੀ

ਜਾਂਦੀ ਹੈ, ਇਹਦਾ ਮਤਲਬ ਹੈ ਕਿ ਉਹ ਮਨੁੱਖ ਨਹੀਂ ਹੈ, ਮਨੁੱਖ ਤੋਂ ਛੋਟੇ ਪੱਧਰ ਤੇ ਹੈ। ਗੁਰੂ ਮਹਾਰਾਜ ਵੀ ਐਵੇਂ ਕਹਿੰਦੇ ਨੇ ਕਿ ਸਾਰੇ ਮਨੁੱਖ ਨਹੀਂ ਹੋਇਆ ਕਰਦੇ, ਸਰੀਰ ਮਨੁੱਖ ਦਾ ਹੈ, ਲੇਕਿਨ ਇਹਦੇ ਵਿਚ ਜਿਹੜਾ intellectual level ਹੈ ਉਹ ਪਸ਼ੂ ਦੀ ਹੈ। ਉਹਦਾ ਪਤਾ ਕਿਵੇਂ ਲੱਗੇ ਕਿ ਇਹ ਪਸ਼ੂ ਪੱਧਰ ਦਾ ਹੈ ਜਾਂ ਇਹ ਮਨੁੱਖ ਪੱਧਰ ਦਾ ਹੈ। ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ –

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***
***ਅੰਗ – ੨੫੧***

ਕਹਿੰਦੇ ਜੇ ਉਹਨੇ ਬੁੱਝੀ ਨਹੀਂ ਨਾ ਗੱਲ, ਤਾਂ ਉਹ ਪਸ਼ੂ ਵੀ lower level ਦਾ ਪਸ਼ੂ ਹੈ, ਉਹ ਪਸ਼ੂ ਸਾਰੀ ਮਨੁੱਖਤਾ ਨੂੰ ਖਤਮ ਕਰ ਸਕਦਾ ਹੈ। ਐਸੀਆਂ ਚੀਜ਼ਾਂ ਬਣਾ ਸਕਦਾ ਹੈ ਜਿਹਦੇ ਨਾਲ ਮਨੁੱਖ ਜਾਤੀ, ਦੂਸਰੀਆਂ ਜਾਤੀਆਂ ਸਭ ਖਤਮ ਹੋ ਜਾਣ ਕਿਉਂਕਿ ਪਸ਼ੂ level ਦਾ ਬੰਦਾ ਹੈ ਮਨੁੱਖ level ਅਜੇ ਉਹਦੇ ਵਿਚ ਪੈਦਾ ਨਹੀਂ ਹੋਇਆ।

***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***
***ਅੰਗ – ੨੫੧***

ਕਿਹੜੀ ਗੱਲ ਬੁੱਝਣੀ ਹੈ? ਮਹਾਰਾਜ ਕਹਿੰਦੇ –

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥ ਅੰਗ – ੨੫੧***

ਆਇਆ ਤਾਂ ਸੀ ਤੂੰ ਇਕ ਪ੍ਰਮੇਸ਼ਰ ਨੂੰ ਬੁੱਝਣ ਵਾਸਤੇ, ਗੱਲ ਬੁੱਝਣੀ ਸੀ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅੰਗ – ੧੨***

ਲੇਕਿਨ ਗੋਬਿੰਦ ਤਾਂ ਕਿੱਥੇ ਰਹਿ ਗਿਆ, ਗੋਬਿੰਦ ਦਾ ਹੀ ਨਹੀਂ ਪਤਾ ਕਿ ਕੋਈ ਹੈਗਾ ਵੀ ਰੱਬ, ਉਹਨੂੰ ਮਿਲਣਾ ਜ਼ਰੂਰੀ ਹੈ ਕਿ ਨਹੀਂ ਜ਼ਰੂਰੀ। ਹੈਰਾਨ ਰਹਿ ਜਾਂਦਾ ਹਾਂ ਮੈਨੂੰ ਸਾਰਾ ਦਿਨ ਮਿਲਦੇ ਨੇ ਬੰਦੇ। ਐਸੇ-ਐਸੇ ਮਿਲਦੇ ਨੇ ਜਿਨ੍ਹਾਂ ਨੂੰ ਮੈਂ ਪੁੱਛਦਾ ਹਾਂ ਕਿ ਤੂੰ ਕਦੇ ਪਾਠ ਕਰਿਆ ਹੈ, ਕਹਿੰਦੇ ਨਾ ਜੀ! ਸਾਨੂੰ ਤਾਂ ਆਉਂਦਾ ਹੀ ਨਹੀਂ, ਅਸੀਂ ਤਾਂ ਅਨਪੜ੍ਹ ਹਾਂ, ਮੈਂ ਕਿਹਾ ਮਹਾਰਾਜ ਤਾਂ ਕਹਿੰਦੇ ਪੜ੍ਹੇ ਤੇ ਨਾ ਪੜ੍ਹੇ ਦੀ ਕੋਈ ਗੱਲ ਹੀ ਨਹੀਂ –

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***
***ਅੰਗ – ੧੪੦***

ਜਿਨ੍ਹਾਂ ਨੂੰ ਤੂੰ ਪੜਿਆ ਹੋਇਆ ਕਹਿੰਦਾ ਹੈਂ ਉਹ ਤਾਂ ਮੂਰਖ ਹੁੰਦੇ ਨੇ, ਜਿਨ੍ਹਾਂ 'ਚ ਲੋਭ ਹੋਵੇ ਅਹੰਕਾਰ ਹੋਵੇ, ਅਭਿਮਾਨ ਹੋਵੇ, ਲਭ ਹੋਵੇ, ਕ੍ਰੋਧ ਹੋਵੇ, ਮੋਹ ਹੋਵੇ। ਇਹ ਨਹੀਂ ਉਹ ਤਾਂ ਗੱਲ ਹੀ ਕੁਛ ਨਹੀਂ, ਰੱਬ ਨੂੰ ਜਾਣਦਾ ਹੈਂ? ਕਹਿੰਦਾ ਨਾ, ਮੈਨੂੰ ਰੱਬ ਦਾ ਤਾਂ ਪਤਾ ਨਹੀਂ ਕੌਣ ਹੈ ਕਿੱਥੇ ਰਹਿੰਦਾ ਹੈ। ਤੂੰ ਆਇਆ ਤਾਂ ਏਸੇ ਵਾਸਤੇ ਸੀ?

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥***
***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥***
***ਅੰਗ – ੨੫੧***

ਜਦੋਂ ਪੁੱਠਾ ਲਟਕਦਾ ਸੀ ਮਾਂ ਦੇ ਪੇਟ 'ਚ ਉਸ ਵੇਲੇ ਤੂੰ ਹਰ ਵਕਤ 24 ਘੰਟੇ ਨਾਮ ਦੇ ਆਧਾਰ ਤੇ ਜੀਉਂਦਾ ਰਹਿੰਦਾ ਸੀ, ਜੇ ਨਾਮ ਦੀ ਸ਼ਕਤੀ ਤੇਰੇ ਨਾਲ ਹੁੰਦੀ, ਹੁਣ ਲਟਕਾ ਕੇ ਦੇਖ ਲਓ ਦੱਸ ਦਿਨ ਇਹਨੂੰ ਪੁੱਠਾ, ਜੇ ਨਾ ਮਰ ਜਾਏ, ਬੱਚੇ ਨੂੰ ਹੀ ਲਟਕਾ ਕੇ ਦੇਖ ਲਓ, ਇਕ ਦਿਨ ਦਾ ਬੱਚਾ, ਦੋ ਦਿਨ ਦਾ ਬੱਚਾ, ਉਹਨੂੰ ਪੁੱਠਾ ਲਟਕਾ ਕੇ ਦੇਖ ਲਓ, ਫੇਰ ਦੇਖ ਲਓ ਇਕ ਦਿਨ ਕੱਟ ਲਏਗਾ ਕਿ ਨਹੀਂ, ਕਿਉਂਕਿ ਨਾਮ ਦੀ ਸ਼ਕਤੀ ਉਥੇ ਕੰਮ ਨਹੀਂ ਕਰ ਰਹੀ। ਉਹਦੇ ਅੰਦਰ ਨਾਮ ਸੀ, ਇਕ ਦਿਨ ਦੇ ਬੱਚੇ ਅੰਦਰ ਨਾਮ ਨਹੀਂ ਹੁੰਦਾ ਕਹਿੰਦੇ ਉਹ ਭੁੱਲ ਜਾਂਦਾ ਹੈ। ਕਿਉਂ ਭੁੱਲਦਾ ਹੈ? ਕਹਿੰਦੇ–

***ਪਹਿਲੈ ਪਿਆਰਿ ਲਗਾ ਥਣ ਦੁਧਿ ॥***
***ਦੂਜੈ ਮਾਇ ਬਾਪ ਕੀ ਸੁਧਿ ॥ ਅੰਗ – ੧੩੭***

ਉਹਨੂੰ ਦੁੱਧ ਦਾ ਪਿਆਰ ਲਗ ਜਾਂਦਾ ਹੈ ਦੁੱਧ ਦਾ ਪਿਆਰ ਜਿਹੜਾ ਹੈ ਉਹ ਨਾਮ ਨਾਲੋਂ ਤੋੜ ਦਿੰਦਾ ਹੈ, ਜਦੋਂ ਗਰਭ ਕੁੰਟ ਵਿਚ ਹੁੰਦਾ ਹੈ ਉਸ ਵੇਲੇ ਪੁੱਠਾ ਲਟਕਦਾ ਹੈ, ਮਹਾਰਾਜ ਕਹਿੰਦੇ ਉਰਧ, ਉਰਧ ਕਹਿੰਦੇ ਨੇ ਪੁੱਠਾ ਲਟਕਦੇ ਨੂੰ, ਪੁੱਠਾ ਲਟਕ ਕੇ ਤਪ ਕਰਦਾ ਸੀ –

***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥***
***ਅੰਗ – ੨੫੧***

ਹਰ ਸ੍ਵਾਸ ਪ੍ਰਮੇਸ਼ਰ ਦੇ ਨਾਮ ਵਿਚ ਰਹਿੰਦਾ ਸੀ, ਇਹ ਤਾਂ ਫੇਰ ਗੱਲ ਸਮਝਣ ਵਾਲੀ ਹੈ, ਬਹੁਤ ਵਿਚਾਰ ਹੈ, ਤਰਕ ਵਾਲੀ ਵੀ ਹੈ, ਅਸੀਂ ਤਾਂ ਕਹਿੰਦੇ ਹਾਂ ਕਿ ਨਾਮ ਪੰਜ ਪਿਆਰੇ ਦਿੰਦੇ ਨੇ, ਉਥੇ ਨਾਮ ਕਿਹਨੇ ਦੇ ਦਿਤਾ ਇਹਨੂੰ। ਜੇ ਨਾਮ ਦੇ ਦਿਤਾ ਫੇਰ ਉਹ ਗੁਰੂ ਵਾਲਾ ਸੀਗਾ। ਬੜੀ ਡੂੰਘੀ ਵਿਚਾਰ ਹੈ ਇਹ ਕਿ ਇਥੇ ਨਾਮ ਕਿਵੇਂ ਹੋ ਗਿਆ? ਉਹ ਪ੍ਰਮੇਸ਼ਰ ਨੇ ਨਾਮ ਸਾਰਿਆਂ ਦੇ ਅੰਦਰ ਰੱਖਿਆ ਹੋਇਆ ਹੈ, ਕੋਈ ਐਸਾ ਨਹੀਂ ਜਿਹਦੇ ਅੰਦਰ ਨਾਮ ਨਾ ਹੋਵੇ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ – ੨੯੩***

ਆਹ ਦੇਹੀ 'ਚ ਹੀ ਹੈ ਨਾਮ –

***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ – ੨੯੩***

ਐਨਾ ਅਨੰਦ ਹੈ ਕਿ ਜਿਹੜਾ ਕਿਹਾ ਨਹੀਂ ਜਾ ਸਕਦਾ। ਉਹ ਨਾਮ ਜਿਹੜਾ ਸੀ ਉਸ ਵੇਲੇ ਪ੍ਰਗਟ ਸੁਣਾਈ ਦਿੰਦਾ ਸੀ,

ਸ਼ਬਦ ਜਿਹੜਾ ਹੈ ਕਿਉਂਕਿ ਸ਼ਬਦ ਤੇ ਸਾਰਾ ਸੰਸਾਰ ਬਣਿਆ ਹੈ, 'ਏਕ ਕਵਾਵੈ ਤੇ ਸਭ ਹੋਆ' ਸੋ ਓਸ ਨਾਮ ਦੇ ਨਾਲ ਸੁਰਤ ਲੱਗੀ ਹੋਈ ਸੀ ਇਹਦੀ ਕਿਉਂਕਿ ਹੋਰ ਫੁਰਨਾ ਹੀ ਕੋਈ ਨਹੀਂ ਸੀ। ਏਥੇ ਤਾਂ ਪਹਿਲੇ ਦਿਨ ਹੀ ਮਹਾਰਾਜ ਕਹਿੰਦੇ –

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥ ਅੰਗ – ੯੨੧*

ਇਹਦੀ ਲਿਵ ਜਿਹੜੀ ਲੱਗੀ ਹੋਈ ਸੀ ਉਹ ਟੁੱਟ ਗਈ। ਬਣਿਆ ਤਾਂ ਮਨੁੱਖ ਹੈ ਲੇਕਿਨ ਨਾਮ ਨੂੰ ਭੁੱਲ ਗਿਆ, ਐਨਾ ਭੁੱਲਦਾ ਗਿਆ ਕਿ ਬਿਲਕੁਲ ਹੀ ਇਹਨੂੰ ਧਿਆਨ ਹੀ ਨਾ ਰਿਹਾ ਕਿ ਨਾਮ ਕੋਈ ਚੀਜ਼ ਹੈ ਕਿ ਨਹੀਂ ਹੈ। ਮਹਾਂਪੁਰਸ਼ ਇਹਨੂੰ ਬਾਰ-ਬਾਰ ਦੱਸਦੇ ਨੇ ਕਿ ਤੂੰ ਨਾਮ ਜਪਣ ਵਾਸਤੇ ਆਇਆ ਹੈਂ, ਉਹ ਕੰਮ ਤੂੰ ਕਰ ਨਹੀਂ ਰਿਹਾ ਤੇ ਹੋਰ ਹੀ ਪਾਸੇ ਪਿਆ ਹੋਇਆ ਹੈਂ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*
*ਅੰਗ – ੨੬੮*

ਸੋ ਨਾਮ ਦੇ ਆਧਾਰ ਤੇ ਜਿਹੜਾ ਜੀਉਂਦਾ ਹੈ, ਜੇ ਉਹਨੂੰ ਪੈਦਾ ਹੋਣ ਤੋਂ ਬਾਅਦ ਵੀ ਨਾਮ ਦਾ ਪਤਾ ਰਹੇ ਕਿ ਮੈਂ ਆਇਆ ਹੀ ਏਸ ਵਾਸਤੇ ਹਾਂ –

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਅੰਗ – ੨੫੧*

ਜੰਮਦਾ ਹੀ ਮਾਇਆ ਨੇ ਮੋਹ ਲਿਆ –

*ਉਰਝਿ ਪਰੇ ਜੋ ਛੋਡਿ ਛਡਾਨਾ ॥ ਅੰਗ – ੨੫੧*

ਜਿਹੜੀਆਂ ਚੀਜ਼ਾਂ ਛੱਡਣੀਆਂ ਸੀ, ਨਾਲ ਜਿਨ੍ਹਾਂ ਦਾ ਕੋਈ ਸਬੰਧ ਹੀ ਸੀ ਉਨ੍ਹਾਂ ਦੇ ਵਿਚ ਫਸ ਗਿਆ –

*ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ – ੨੫੧*

ਸੋ ਜਿਹੜਾ ਏਸ ਗੱਲ ਨੂੰ ਨਹੀਂ ਨਾ ਸਮਝਦਾ, ਮਹਾਰਾਜ ਕਹਿੰਦੇ ਉਹ ਪਸ਼ੂ ਹੈ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ – ੨੫੧*

ਕਹੇਗਾ ਤਾਂ ਸਹੀ ਕਿ ਮੇਰੀ ਇਜ਼ਤ ਹੈ, ਮੇਰੀ ਬੇਇਜ਼ਤੀ ਨਾ ਹੋ ਜਾਏ, ਆਹ ਨਾ ਹੋ ਜਾਏ ਮੇਰਾ ਨੱਕ ਨਹੀਂ ਰਹਿਣਾ ਆਹ ਗੱਲ ਕਰੇ ਤੇ। ਨੱਕ ਤਾਂ ਕਟਿਆ ਹੋਇਆ ਹੈ। ਮਹਾਰਾਜ ਕਹਿੰਦੇ ਜਿਹੜੇ ਬੰਦਗੀ ਨਹੀਂ ਕਰਦੇ ਸਭ ਨਕਟੇ ਨੇ। ਨੱਕ ਕਟੇ ਹੋਏ ਨੇ ਦਰਗਾਹ ਦੇ ਵਿਚ ਇਨ੍ਹਾਂ ਦੇ ਵਿਚ ਮੁੱਖ ਉਜਲਾ ਨਹੀਂ ਹੋਣਾ, ਮੁਖ ਮੈਲਾ ਹੋਣਾ ਹੈ। ਕਿਸੇ-ਕਿਸੇ ਬੰਦੇ ਦੇ ਮਨ ਵਿਚ ਇਹ ਵਿਚਾਰ seriously ਆਉਂਦੀ ਹੈ ਕਿ ਮੈਂ ਸੰਸਾਰ ਤੇ ਆਇਆ ਸੀ, ਬਣਿਆ ਕੀ, ਹੁਣ ਤੱਕ ਤਾਂ ਮੇਰਾ ਕੁਛ ਬਣਿਆ ਨਹੀਂ। ਜਿਹੜੇ ਕੰਮਾਂ 'ਚ ਮੈਂ ਪਿਆ ਹਾਂ ਉਹ ਪੂਰੇ ਨਹੀਂ ਹੋ ਸਕੇ। ਅੱਜ ਤੱਕ ਕਿਸੇ ਗ੍ਰਹਿਸਤੀ ਦਾ ਕੰਮ ਠੀਕ ਹੋਇਆ ਹੈ? ਇਕ ਠੀਕ ਕਰਦਾ ਹੈ, ਦੂਜਾ ਗਲਤ ਹੋ ਜਾਂਦਾ ਹੈ, ਦੂਜਾ ਠੀਕ ਕਰਦਾ ਹੈ ਤੀਸਰਾ ਗਲਤ ਹੋ ਜਾਂਦਾ ਹੈ। ਜੀਵ ਆਪਣੇ-ਆਪਣੇ ਕਰਮ ਲੈ ਕੇ ਆਉਂਦੇ ਨੇ, ਉਨ੍ਹਾਂ ਦੇ ਅਨੁਸਾਰ ਉਹ ਭੋਗਦੇ ਨੇ, ਉਹਦੇ ਮੁਤਾਬਿਕ ਅਕਲ ਹੁੰਦੀ ਹੈ ਓਸ ਅਕਲ ਦੇ ਮੁਤਾਬਿਕ ਕ੍ਰਿਆ ਕਰਦੇ ਨੇ, ਕਰਮ ਕਰਦੇ ਨੇ, ਕਰਮਾਂ ਦਾ ਫਲ ਭੋਗਦੇ ਨੇ। ਕੌਣ ਹੈ ਜਿਹੜਾ ਸਾਰਿਆਂ ਨੂੰ ਇਕ ਰਸਤੇ ਤੇ ਲੰਘਾ ਦੇਵੇ, ਕੋਈ ਨਹੀਂ ਦੁਨੀਆਂ ਦੇ ਅੰਦਰ ਐਸਾ ਆਇਆ। ਸੋ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਤੇ ਲੈ ਕੇ ਦੁਖੀ ਹੁੰਦਾ ਫਿਰਦਾ ਹੈ ਆਦਮੀ, ਕਲਪਨਾ 'ਚ ਪੈਂਦਾ ਹੈ। ਅਖੀਰ ਹੁੰਦਾ ਕੀ ਹੈ ਸਮਾਂ ਲੰਘ ਜਾਂਦਾ ਹੈ, ਉਮਰ ਲੇਖੇ 'ਚ ਨਹੀਂ ਪੈਂਦੀ, ਇਥੋਂ ਫੇਰ ਹੱਥ ਝਾੜ ਕੇ ਪਛਤਾਉਂਦਾ ਹੋਇਆ ਜਾਂਦਾ ਹੈ। ਜਿਹਨੂੰ ਸਮਝ ਹੈ ਉਹ ਫਿਕਰ ਕਰਦਾ ਹੈ, ਉਹ ਫੇਰ ਇਹਦਾ ਇਲਾਜ ਸੋਚਦਾ ਹੈ ਕਿ ਕੋਈ ਇਲਾਜ ਕਰੀਏ, ਇਹ ਤਾਂ ਬੜੀ ਬਿਮਾਰੀ ਹੈ ਗਲੋਂ ਨਹੀਂ ਲਹਿਣੀ, ਕਰੋੜਾਂ ਅਰਬਾਂ ਖਰਬਾਂ ਸਾਲ ਦੀ ਗਲ ਪਈ ਹੋਈ ਹੈ, ਜੰਮ ਪਈਦਾ ਹੈ ਮਰ ਜਾਈਦਾ ਹੈ, ਜੰਮ ਪਈਦਾ ਹੈ ਮਰ ਜਾਈਦਾ ਹੈ। ਕਿਤੇ ਜਾ ਕੇ ਕੋਈ ਛੁਟਕਾਰਾ ਵੀ ਹੋਏਗਾ? ਸੋ ਐਸੇ ਜਿਹੜੇ ਪੁਰਸ਼ ਨੇ ਉਹ ਫੇਰ ਇਹਦਾ ਇਲਾਜ ਸੰਤ ਰੂਪ ਡਾਕਟਰਾਂ ਤੋਂ, ਗੁਰੂ ਰੂਪ ਡਾਕਟਰਾਂ ਕੋਲ ਜਾ ਕੇ, ਇਹਦੀ ਦਵਾਈ ਪੁੱਛਦੇ ਨੇ ਕਿ ਸਾਨੂੰ ਆਹ ਦੁੱਖ ਹੈ।

ਇਸੇ ਤਰ੍ਹਾਂ ਦੇ ਨਾਲ ਤਿੰਨ ਗੁਰਸਿੱਖ ਗੁਰੂ ਅੰਗਦ ਸਾਹਿਬ ਵੇਲੇ ਭਾਈ ਦੀਪਾ ਇਕ ਦਾ ਨਾਮ, ਦੂਸਰੇ ਦਾ ਨਾਮ ਭਾਈ ਨਰਾਇਣ ਦਾਸ, ਤੀਸਰੇ ਦਾ ਨਾਮ ਭਾਈ ਬੁੱਲਾ ਉਹ ਤਿੰਨੋ ਹੀ ਇਕੱਠੇ ਸਤਿਸੰਗ ਕਰਿਆ ਕਰਦੇ ਸੀ। ਜਦੋਂ ਵੀ ਕੋਈ ਸਾਧੂ ਮਹਾਤਮਾ ਆਉਣਾ, ਜਿਥੇ ਸੁਣਨਾ ਉਥੇ ਹੀ ਚਲੇ ਜਾਂਦੇ ਸੀ। ਚਲਦੇ-ਚਲਦੇ ਸ਼ੁੱਭ ਸੰਸਕਾਰ ਵਧ ਗਏ। ਜਦੋਂ ਸੰਸਕਾਰ ਤੇ ਪੁੰਨ ਵਧ ਜਾਣ ਉਸ ਵੇਲੇ ਗੁਰੂ ਦਾ ਮਿਲਾਪ ਹੋਇਆ ਕਰਦਾ ਹੈ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ – ੨੦੪*

ਪੂਰੇ ਗੁਰੂ ਦਾ ਮਿਲਾਪ ਹੁੰਦਾ ਹੈ ਤੇ ਇਨ੍ਹਾਂ ਨੇ ਕਿਸੇ ਗੁਰਸਿੱਖ ਤੋਂ ਸੁਣਿਆ ਕਿ ਐਸ ਵੇਲੇ ਕਲਜੁਗ ਦੇ ਅੰਦਰ ਗੁਪਤ ਰੂਪ 'ਚ ਰਹਿ ਰਹੇ ਨੇ, ਬਹੁਤਾ ਪ੍ਰਗਟ ਨਹੀਂ ਹੋ ਰਹੇ ਤੇ ਉਹ ਗੁਰੂ ਅੰਗਦ ਸਾਹਿਬ ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਜੋ ਸਿੱਖੀ ਨੂੰ ਸੰਭਾਲ ਰਹੇ ਨੇ ਉਹ ਪੂਰਨ ਨੇ ਸਮਰੱਥ

ਨੇ, ਧੁਰਦਰਗਾਹ ਤੋਂ ਆਪ ਨਿਰੰਕਾਰ ਗੁਰੂ ਦਾ ਰੂਪ ਧਾਰ ਕੇ ਪ੍ਰਗਟ ਹੋਏ-ਹੋਏ ਨੇ ਸੰਸਾਰ ਦੇ ਉਧਾਰ ਵਾਸਤੇ। ਜਦੋਂ ਐਨੀ ਗੱਲ ਸੁਣੀ ਉਸ ਵੇਲੇ ਮਨ ਵਿਚ ਸ਼ਰਧਾ ਆ ਗਈ, ਸੋ ਗੁਰੂ ਦੇ ਪਾਸ ਜਾਣ ਵਾਸਤੇ ਸਭ ਤੋਂ ਪਹਿਲੀ ਚੀਜ਼ ਇਹ ਹੋਇਆ ਕਰਦੀ ਹੈ ਕਿ ਘਰੋਂ ਤੁਰਨ ਵੇਲੇ ਪੂਰੀ ਸ਼ਰਧਾ ਮਨ ਵਿਚ ਹੋਵੇ ਤਾਂ ਸਮਝ ਲਓ ਝੋਲੀ ਲੈ ਲਈ ਉਹਨੇ, ਉਸ ਝੋਲੀ ਵਿਚ ਫਲ ਕੀ ਪੈਂਦਾ ਹੈ, ਇਕ ਕਦਮ ਤੁਰਦਾ ਹੈ ਇਕ ਜਗ ਦਾ ਫਲ ਮਿਲ ਜਾਂਦਾ ਹੈ, ਇਕ ਕਦਮ ਤੁਰਦਾ ਹੈ ਇਕ ਜਗ ਦਾ ਫਲ ਮਿਲ ਜਾਂਦਾ ਹੈ। ਫੇਰ ਇਥੇ ਆ ਕੇ ਨਿਮਰਤਾ ਦੇ ਨਾਲ ਨਮਸਕਾਰ ਕਰਦਾ ਹੈ, ਉਸੇ ਭਾਵਨਾ ਦੇ ਵਿਚ। ਜਦੋਂ ਨਮਸ਼ਕਾਰ ਕਰਦਾ ਹੈ ਫੇਰ ਮਾੜੇ ਲੇਖ ਦਬ ਜਾਂਦੇ ਨੇ, ਜਿਹੜੇ ਚੰਗੇ ਲੇਖ ਦਬੇ ਹੋਏ ਨੇ, ਪਾਪ ਕਰਮਾਂ ਦੇ ਨਾਲ ਉਹ ਉਘੜ ਆਉਂਦੇ ਨੇ। ਫੇਰ ਜਿਥੇ ਬੈਠਦਾ ਹੈ ਨਿਰਅਭਿਮਾਨ ਹੋ ਕੇ ਨਿਮਰਤਾ ਦੇ ਨਾਲ ਆਪਣੇ ਹਿਰਦੇ ਨੂੰ ਨੀਵਾਂ ਕਰਦਾ ਹੈ। ਓਸ ਨੀਵੇਂ ਹਿਰਦੇ 'ਚ ਫੇਰ ਗੁਰੂ ਦਾ ਸ਼ਬਦ, ਉਪਦੇਸ਼ ਰੂਪੀ ਸ਼ਬਦ ਉਹਦੇ ਵਿਚ ਜਾ ਕੇ ਜਮ੍ਹਾਂ ਹੋਣ ਲਗ ਜਾਂਦਾ ਹੈ, ਜਿਹੜੇ ਉੱਚੇ ਮਨ ਨੇ ਉਥੇ ਨਹੀਂ ਟਿਕਿਆ ਕਰਦਾ।

***ਫਰੀਦਾ ਗਰਬੁ ਜਿਨ੍ਾ ਵਡਿਆਈਆ***
***ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***
***ਅੰਗ - ੧੩੮੩***

ਜਿਵੇਂ ਉਚਿਆਂ ਟਿੱਬਿਆਂ ਤੇ ਪਾਣੀ ਪੈਂਦਾ ਹੈ ਰੁੜ੍ਹ ਜਾਂਦਾ ਹੈ, ਉੱਚਿਆਂ ਹਿਰਦਿਆਂ ਵਿਚ ਗੁਰੂ ਦਾ ਉਪਦੇਸ਼ ਨਹੀਂ ਠਹਿਰਿਆ ਕਰਦਾ।

***ਕਬੀਰ ਬਾਂਸੁ ਬਡਾਈ ਬੂਡਿਆ***
***ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥***
***ਅੰਗ - ੧੩੬੫***

ਚੰਦਨ ਦੇ ਨੇੜੇ ਰਹਿੰਦਾ ਹੋਇਆ ਸੁਗੰਧੀ ਤੋਂ ਖਾਲੀ ਹੋ ਜਾਂਦਾ ਹੈ। ਸੋ ਇਨ੍ਹਾਂ ਦੇ ਕਰਮ ਜਾਗੇ, ਸ਼ਰਧਾ ਦੇ ਨਾਲ ਚੱਲੇ। ਮਨ ਵਿਚ ਬੜੀ ਭਾਵਨਾ ਹੈ ਕਿ ਅਸੀਂ ਗੁਰੂ ਪ੍ਰਮੇਸ਼ਰ ਦੇ ਦਰਸ਼ਨ ਕਰਨੇ ਨੇ ਤੇ ਉਨ੍ਹਾਂ ਦਾ ਬਚਨ ਜਿਹੜਾ ਹੋਏਗਾ ਸਾਡੇ ਨਮਿੱਤ, ਉਹ ਸਾਡੇ ਤਾਰਨ ਨੂੰ ਸਮਰੱਥਾ ਰੱਖਦਾ ਹੋਏਗਾ। ਸੋ ਜਦੋਂ ਅੱਗੇ ਆਏ ਤਾਂ ਗੁਰੂ ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਹੈ, ਬੇਅੰਤ ਸੰਗਤਾਂ ਦੂਰ-ਦਰਾਜ਼ ਤੋਂ ਆ ਕੇ ਇਕ ਟੱਕ ਗੁਰੂ ਮਹਾਰਾਜ ਦੇ ਨੂਰਾਨੀ ਚਿਹਰੇ ਵਲ ਦੇਖ ਰਹੀਆਂ ਨੇ, ਜਿਵੇਂ ਹਜ਼ਾਰਾਂ ਚਕੋਰਾਂ ਚੰਦਰਮਾਂ ਵਲ ਦੇਖਦੀਆਂ ਨੇ ਤੇ ਗੁਰੂ ਮਹਾਰਾਜ ਦੇ ਮੁੱਖ ਤੋਂ ਨਿਕਲਿਆ ਹੋਇਆ ਇਕ-ਇਕ ਬਚਨ, ਹਿਰਦੇ ਦੇ ਵਿਚ ਧਾਰਨ ਕਰਦੇ ਯਾਦ ਦੀ ਪੱਟੀ ਤੇ ਲਿਖਦੇ ਤੁਰੇ ਜਾਂਦੇ ਨੇ ਕਿ ਕਿਤੇ ਭੁੱਲ ਨਾ ਜਾਈਏ, ਕਿਉਂਕਿ ਹੁਣ ਅੱਜਕਲ੍ਹ ਤਾਂ ਟੇਪ ਰਿਕਾਰਡ ਨੇ, ਜੇ ਕੋਈ ਸ਼ੌਕ ਵਾਲਾ ਬੰਦਾ ਹੋਵੇ ਉਹ ਟੇਪ ਕਰ ਲੈਂਦਾ ਹੈ ਕਿ ਫੇਰ ਯਾਦ ਕਰਾਂਗੇ, ਫੇਰ ਯਾਦ ਕਰਾਂਗੇ। ਸਾਡੀ ਯਾਦਦਾਸ਼ਤ ਵੀ ਬਹੁਤ ਕਮਜ਼ੋਰ ਹੋ ਗਈ। ਜਿਹੜਾ ਟਿਕ ਕੇ ਸੁਣਦਾ ਹੈ ਉਹਨੂੰ ਸਾਰਾ ਯਾਦ ਰਹਿ ਜਾਇਆ ਕਰਦਾ ਹੈ। ਜਿਹੜਾ ਟਿਕ ਕੇ ਨਹੀਂ ਸੁਣਦਾ ਉਹਨੂੰ ਕੁਛ ਨਹੀਂ ਯਾਦ ਰਹਿੰਦਾ। ਮੈਂ ਕਿੰਨੀ ਵਾਰੀ ਦੀਵਾਨ ਤੋਂ ਬਾਅਦ ਪੁੱਛਦਾ ਹਾਂ ਕਿ ਤੁਸੀਂ ਪੰਜ ਮਿੰਟ ਦੱਸੋ ਭਾਈ, ਸਿਆਣਿਆਂ ਨੂੰ ਪੁੱਛਦਾ ਹਾਂ ਜਿਹੜੇ ਬਹੁਤੇ ਮੁਖੀ ਨੇ, ਮੈਂ ਹੈਰਾਨ ਹੋ ਜਾਂਦਾ ਹਾਂ ਪਤਾ ਹੀ ਨਹੀਂ ਹੈ, ਉਥੇ ਹੀ ਖੜ੍ਹ ਜਾਂਦੇ ਨੇ, ਸੋਚਣ ਲਗ ਜਾਂਦੇ ਨੇ, ਇਹਦਾ ਮਤਲਬ ਹੈ ਸੁਣਿਆ ਨਹੀਂ ਹਿਰਦੇ ਦਾ ਜਿਹੜਾ ਤਲ ਹੈ ਨਾ ਉਹ ਵਿਚੋਂ ਪਾਟਿਆ ਹੋਇਆ ਹੈ। ਉਹ ਲੀਕ ਹੋਈ ਜਾਂਦਾ ਹੈ ਸਭ ਨਿਕਲ ਜਾਂਦਾ ਹੈ, ਕੋਈ ਚੀਜ਼ ਰਹਿੰਦੀ ਨਹੀਂ ਹੈ, ਨਾ ਰਹਿਣ ਕਰਕੇ ਉਹ ਦੱਸ ਨਹੀਂ ਸਕਦੇ ਜਿਹੜਾ ਹਿਰਦਾ ਸਾਬਤ ਹੁੰਦਾ ਹੈ, ਜਿਹਦਾ ਤਲ ਠੀਕ ਹੈ, ਉਹਦੇ 'ਚ ਤਾਂ ਇਕ-ਇਕ ਚੀਜ਼ ਸਿੰਜਰ ਕੇ ਉਹ ਯਾਦ ਦੀ ਪੱਟੀ ਤੇ ਆ ਜਾਂਦਾ ਹੈ, ਉਸ ਤੋਂ ਸੁਣ ਲਓ ਜਿੰਨਾ ਸੁਣਨਾ ਹੈ, ਉਵੇਂ ਜਿਵੇਂ ਸੁਣਾ ਦਏਗਾ, ਕਿਉਂਕਿ ਉਹ ਵਿਚਾਰ ਦੇ ਨਾਲ, ਸ਼ਰਧਾ ਦੇ ਨਾਲ ਸੁਣ ਰਿਹਾ ਹੈ, ਜਿਹੜਾ ਰੁਟੀਨ ਨਾਲ ਸੁਣ ਰਿਹਾ ਹੈ ਉਹਦੇ ਹਿਰਦੇ 'ਚ ਚੀਜ਼ ਨਹੀਂ ਠਹਿਰਿਆ ਕਰਦੀ। ਉਹ ਭੁੱਲ ਜਾਂਦਾ ਹੈ ਇਹੀ ਨਿਸ਼ਾਨੀ ਹੁੰਦੀ ਹੈ, ਸੋ ਮਹਾਰਾਜ ਦੇ ਦਰਬਾਰ 'ਚ ਬੈਠੇ, ਇਕ-ਇਕ ਸ਼ਬਦ ਨੂੰ ਹਿਰਦੇ 'ਚ ਸਾਂਭ ਕੇ, ਰੱਖ ਕੇ ਯਾਦ ਦੇ ਸਟੋਰ ਵਿਚ ਜਮ੍ਹਾਂ ਕਰਦੇ ਜਾਂਦੇ ਨੇ। ਇਨ੍ਹਾਂ ਨੇ ਵੀ ਬਚਨ ਸੁਣੇ, ਜਦੋਂ ਗੁਰੂ ਮਹਾਰਾਜ ਨੇ ਬਚਨ ਸਮਾਪਤ ਕੀਤੇ ਉਸ ਵੇਲੇ ਸੰਗਤ ਦੂਰ-ਦਰਾਜ਼ ਦੀ ਆਈ ਹੋਈ ਸੀ, ਹਰੇਕ ਗੁਰੂ ਮਹਾਰਾਜ ਕੋਲ ਜਾਂਦਾ ਹੈ, ਆਪਣੀ-ਆਪਣੀ ਅਵਸਥਾ ਕਹਿੰਦੇ ਨੇ। ਸੰਤਾਂ ਕੋਲ ਦੋ ਕਿਸਮ ਦੇ ਬੰਦੇ ਆਉਂਦੇ ਨੇ ਇਕ ਤਾਂ ਉਹ ਆਉਂਦੇ ਨੇ, ਜਿਹੜੇ ਪਹਿਲੇ ਦਿਨ ਹੀ ਆ ਕੇ ਕਹਿੰਦੇ ਨੇ ਕਿ ਸਾਡੇ 'ਤੇ ਬਖਸ਼ਿਸ਼ ਕਰ ਦਿਓ, ਅਸੀਂ ਬਿਮਾਰ ਹਾਂ ਸਾਡੀ ਬਿਮਾਰੀ ਠੀਕ ਹੋ ਜਾਏ, ਜਿਵੇਂ ਇਥੇ ਫਰੀ ਹਸਪਤਾਲ ਹੁੰਦਾ ਹੈ। ਉਹਦੇ ਵਾਸਤੇ ਅਸੀਂ ਹਾਸਪੀਟਲ ਬਣਾਇਆ ਹੋਇਆ ਹੈ, ਡਿਸਪੈਂਸਰੀ, ਦਵਾਈ ਲਓ ਭਾਈ ਠੀਕ ਹੋ ਜਾਓ। ਇਕ ਐਸੇ ਹੁੰਦੇ ਨੇ ਕਿ ਆਹ ਚੀਜ਼ ਸਾਨੂੰ ਮਿਲ ਜਾਏ, ਔਹ ਮਿਲ ਜਾਏ, ਉਂਞ ਨਾ ਸੰਗਤ 'ਚ ਆਉਂਦਾ ਹੈ ਨਾ ਸੇਵਾ ਕਰਨੀ ਹੈ, ਨਾ ਕੋਈ ਕੁਰਬਾਨੀ ਕਰਨੀ ਹੈ, ਇਕ ਦਮ ਆਉਂਦੇ ਹੀ ਜਿਵੇਂ ਕਿਤੇ ਦੁਕਾਨ ਖੁੱਲ੍ਹੀ ਹੁੰਦੀ ਹੈ ਉਥੋਂ ਇਹ ਸੌਦਾ ਲੈਣ ਦੀ ਕੋਸ਼ਿਸ਼ ਕਰਦਾ ਹੈ। ਲੇਕਿਨ ਕੋਈ-ਕੋਈ ਜਗਿਆਸੂ ਹੁੰਦਾ ਹੈ ਜਿਹੜਾ ਸਹੀ ਤਰੀਕੇ ਨਾਲ ਆ ਕੇ ਰੂਹਾਨੀਅਤ ਦੀ ਗੱਲ ਸਮਝਣੀ ਚਾਹੁੰਦਾ ਹੈ। ਉਹਦੀ ਨਿਜੀ ਮੰਗ ਕੋਈ ਨਹੀਂ ਹੁੰਦੀ, ਉਹ ਕਹਿੰਦਾ ਹੈ ਸਾਰੀਆਂ ਮੰਗਾਂ ਇਹਦੇ ਵਿਚ ਆ ਜਾਣਗੀਆਂ। ਜੇ ਇਕ ਚੀਜ਼ ਮਿਲ ਜਾਏ ਸਭ ਕੁਝ ਆ ਜਾਏ, ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਤੋਂ ਸਾਰੇ ਆਪਣੀ ਅਵਸਥਾ ਦੇ ਮੁਤਾਬਿਕ ਬਚਨ ਕਰਕੇ ਮੰਗਦੇ ਨੇ ਤੇ ਉਸ ਵੇਲੇ ਜਦੋਂ ਥੋੜ੍ਹੀ ਜਿਹੀ ਭੀੜ ਘਟੀ ਤਾਂ ਉਹ ਤਿੰਨੇ ਸਿੱਖ ਭਾਈ ਦੀਪਾ, ਭਾਈ ਨਰਾਇਣ ਦਾਸ ਜੀ ਤੇ ਭਾਈ ਬੁੱਲਾ ਗੁਰੂ ਮਹਾਰਾਜ ਦੇ ਹਜ਼ੂਰ ਗਲ ਵਿਚ ਪੱਲੇ ਪਾਏ

ਹੋਏ ਨੇ, ਹੱਥ ਬੰਨ੍ਹੇ ਹੋਏ ਨੇ, ਤਿੰਨੋਂ ਸਨਮੁੱਖ ਹੋ ਕੇ ਖੜ੍ਹੇ ਹੋ ਗਏ, ਆਪਣਾ ਪਰੀਚਾ ਦਿਤਾ ਕਿ ਸੱਚੇ ਪਾਤਸ਼ਾਹ! ਅਸੀਂ ਐਸ ਪਿੰਡ ਤੋਂ ਆਏ ਹਾਂ, ਸਤਿਸੰਗ ਵੀ ਅਸੀਂ ਕਰਦੇ ਹਾਂ ਸਾਧੂ ਮਹਾਤਮਾ ਦਾ ਤੇ ਆਪ ਦੇ ਬਾਰੇ ਅਸੀਂ ਸੁਣ ਕੇ ਆਪ ਦੀ ਚਰਨ ਸ਼ਰਨ ਆਏ, ਆਪ ਕ੍ਰਿਪਾ ਕਰੋ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਦੱਸੋ ਗੁਰੂ ਨਾਨਕ ਦੇ ਘਰ ਵਿਚੋਂ ਜੋ ਤੁਸੀਂ ਮੰਗੋਂਗੇ ਉਹ ਪ੍ਰਾਪਤ ਹੋਏਗਾ, ਆਪਣੀ ਜੋ ਆਸ਼ਾ ਹੈ ਉਹ ਪ੍ਰਗਟ ਕਰੋ, ਉਸ ਵੇਲੇ ਤਿੰਨੋਂ ਜਣੇ ਐਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ। ਪਾਤਸ਼ਾਹ! ਬਹੁਤ ਵੱਡਾ ਦੁੱਖ ਲੱਗਿਆ ਹੋਇਆ ਹੈ, ਆਪ ਦੀ ਚਰਨ ਸ਼ਰਨ ਆਏ ਹਾਂ ਕਿ ਇਹ ਦੁੱਖ ਕੱਟ ਦਿਓ। ਕਹਿੰਦੇ–

***ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥ ਅੰਗ - ੩੨੯***

ਜਿਸ ਮੂੰਹ ਦੇ ਨਾਲ ਪੰਜ ਅੰਮ੍ਰਿਤ ਦੁੱਧ, ਦਹੀਂ, ਘੀ, ਖੰਡ, ਸ਼ਹਿਦ, ਇਹ ਖਾਂਦੇ ਹਾਂ ਕਹਿੰਦੇ

***ਤਿਹ ਮੁਖ ਦੇਖਤ ਲੂਕਟ ਲਾਏ ॥ ਅੰਗ - ੩੨੯***

ਕਹਿੰਦੇ ਉਸ ਮੁਖ ਨੂੰ ਦੇਖਦੇ–ਦੇਖਦੇ ਸਾਰੇ ਹਿਤੂ ਇਕੱਠੇ ਹੋ ਕੇ ਅੱਗ ਲਾ ਦਿੰਦੇ ਨੇ, ਅੱਗ ਵਿਚ ਜਾਲ ਦਿੰਦੇ ਨੇ ਉਸ ਮੁੱਖ ਨੂੰ ਤੇ –

***ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥***
***ਅੰਗ - ੩੨੯***

ਆਹ ਇਕ ਦੁੱਖ ਸਾਨੂੰ ਲੱਗਿਆ ਹੋਇਆ ਹੈ, ਕ੍ਰਿਪਾ ਕਰਕੇ ਕੱਟ ਦਿਓ –

***ਅਗਨਿ ਦਹੈ ਅਰੁ ਗਰਭ ਬਸੇਰਾ ॥ ਅੰਗ - ੩੨੯***

ਤ੍ਰਿਸ਼ਨਾ ਦੀ ਅੱਗ ਨਹੀਂ ਬੁੱਝਦੀ ਉਹਦੇ ਵਿਚ ਅਸੀਂ ਜਲਦੇ ਚਲੇ ਜਾਂਦੇ ਹਾਂ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ਰਹਾਉ ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥***
***ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩***

ਪਹਿਲਾਂ ਬੰਦਾ ਕਹਿੰਦਾ ਹੈ ਕਿ ਜੇ ਦੋ ਕੁ ਹਜ਼ਾਰ ਮਿਲ ਜਾਵੇ ਮਹੀਨੇ ਦਾ ਬਹੁਤ ਹੈ, ਦੋ ਹਜ਼ਾਰ ਮਿਲ ਜਾਂਦਾ ਹੈ ਫੇਰ ਕਹਿੰਦਾ ਹੈ ਥੋੜ੍ਹਾ ਹੈ ਪੰਜ ਹਜ਼ਾਰ ਚਾਹੀਦਾ ਹੈ, ਪੰਜ ਹੋ ਜਾਂਦਾ ਹੈ ਫੇਰ ਕਹਿੰਦਾ ਹੈ ਦੱਸ ਚਾਹੀਦਾ ਹੈ, ਲੱਖ ਚਾਹੀਦਾ ਹੈ ਮਹੀਨੇ ਦਾ, ਮੇਰੀ ਆਮਦਨ ਵੀਹ ਲੱਖ ਦੀ ਚਾਹੀਦੀ ਹੈ, ਪੰਜਾਹ ਲੱਖ ਦੀ ਚਾਹੀਦੀ ਹੈ, ਮੁੱਕਦਾ ਹੀ ਨਹੀਂ ਕਹਿੰਦੇ ਅੱਗ 'ਚ ਆਦਮੀ ਹਰ ਵਕਤ ਜਲਦਾ ਹੀ ਰਹਿੰਦਾ ਹੈ। ਕਦੇ ਟਾਈਮ ਨਹੀਂ ਮਿਲਦਾ ਕਿ ਰੋਟੀ ਪਾਣੀ ਤਾਂ ਹੁਣ ਪ੍ਰਮੇਸ਼ਰ ਨੇ ਦੇ ਦਿਤੀ, ਹੁਣ ਭਜਨ ਕਰੀਏ ਟਿੱਕ ਕੇ, ਕੋਈ ਵਿਰਲਾ ਬੰਦਾ ਹੈ ਜਿਹੜਾ ਇਸ ਗੱਲ ਤੇ ਆਉਂਦਾ ਹੈ ਕਿ ਹੁਣ ਬਥੇਰਾ ਵਾਹਿਗੁਰੂ ਨੇ ਦੇ ਦਿਤਾ ਤੇ ਹੁਣ ਭਜਨ ਕਰੀਏ, ਹੁਣ ਉਹ ਕੰਮ ਕਰੀਏ ਜਿਹੜੇ ਕੰਮ ਨੂੰ ਕਰਨ ਵਾਸਤੇ ਆਏ ਹਾਂ, ਕਰਨਾ ਤਾਂ ਪਹਿਲਾਂ ਹੀ ਚਾਹੀਦਾ ਸੀ, ਪਰ ਉਸ ਪ੍ਰਮੇਸ਼ਰ ਨੇ ਇਹ ਸਮਾਂ ਦੇ ਦਿਤਾ ਕਿ ਕਾਲ ਦਾ ਗੁਲੇਲਾ ਨਹੀਂ ਮਾਰਿਆ ਪਰ ਹੁਣ ਤਾਂ ਟਿਕ ਜਾਈਏ ਮਹਾਰਾਜ। ਇਕ ਤਾਂ ਮਹਾਰਾਜ ਇਹ ਅੱਗ ਨਹੀਂ ਛੱਡਦੀ ਤ੍ਰਿਸ਼ਨਾ ਦੀ, ਇਕ ਮਾਤਾ ਦੇ ਗਰਬ ਦੀ ਜਠਰ ਅਗਨ ਹੈ ਜਿਹੜਾ ਉਹਦੇ ਵਿਚ ਬਾਰ–ਬਾਰ ਸਾਨੂੰ ਜਾਣਾ ਪੈਂਦਾ ਹੈ, ਪੁੱਠੇ ਲਟਕਣਾ ਪੈਂਦਾ ਹੈ –

***ਅਗਨਿ ਦਹੈ ਅਰੁ ਗਰਭ ਬਸੇਰਾ ॥ ੧ ॥ ਰਹਾਉ॥***
***ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥***
***ਕੋ ਜਾਰੇ ਕੋ ਗਡਿ ਲੇ ਮਾਟੀ ॥ ਅੰਗ - ੩੨੯***

ਮਹਾਰਾਜ ਇਹ ਕਾਇਆ ਨੂੰ ਬੜੇ ਤਰੀਕਿਆਂ ਦੇ ਨਾਲ ਆਦਮੀ ਪਾਲਦਾ ਹੈ, ਪਲੋਸਦਾ ਹੈ, ਪਰ ਇਹ ਫੇਰ ਨਸ਼ਟ ਹੋ ਜਾਂਦੀ ਹੈ, ਬੜੇ ਤਰੀਕਿਆਂ ਨਾਲ ਹੋ ਜਾਂਦੀ ਹੈ, ਕੋਈ ਜਾਲ ਦਿੰਦਾ ਹੈ, ਕੋਈ ਮਿੱਟੀ 'ਚ ਦੱਬ ਦਿੰਦਾ ਹੈ, ਕੋਈ ਪਾਣੀ 'ਚ ਬਹਾਅ ਦਿੰਦਾ ਹੈ –

***ਕਹੁ ਕਬੀਰ ਹਰਿ ਚਰਣ ਦਿਖਾਵਹੁ ॥***
***ਪਾਛੈ ਤੇ ਜਮੁ ਕਿਉ ਨ ਪਠਾਵਹੁ ॥ ਅੰਗ - ੩੨੯***

ਹੇ ਪਾਤਸ਼ਾਹ! ਇਹ ਜਮ੍ਹਾਂ ਤੋਂ ਸਾਡਾ ਛੁਟਕਾਰਾ ਕਰਾ ਦਿਓ, ਉਸ ਵੇਲੇ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦੇ ਚਿਹਰਿਆਂ ਵਲ ਦੇਖਿਆ ਕਿ ਇਹ ਤਾਂ ਜਗਿਆਸੂ ਨੇ ਤਿੰਨੋਂ ਹੀ, ਏਸ ਚੀਜ਼ ਦੀ ਭਾਲ ਕਰਦੇ–ਕਰਦੇ ਇਸ ਥਾਂ ਤੇ ਪਹੁੰਚੇ ਨੇ। ਮਹਾਰਾਜ ਕਹਿਣ ਲੱਗੇ, ਬਹਿ ਜਾਓ ਤੁਸੀਂ, ਧਿਆਨ ਦੇ ਨਾਲ ਸਰਵਣ ਕਰਿਓ। ਜੋ ਬਚਨ ਅਸੀਂ ਕਹਿੰਦੇ ਹਾਂ ਉਹ ਤੁਸੀਂ ਉਸੇ ਤਰੀਕੇ ਨਾਲ ਜਦੋਂ ਕਰੋਂਗੇ, ਉਸ ਵੇਲੇ ਤੁਹਾਡਾ ਛੁਟਕਾਰਾ ਹੋ ਜਾਏਗਾ, ਮਹਾਰਾਜ ਕਹਿੰਦੇ, ਦੇਖੋ ਦੁਨੀਆਂ ਦੇ ਅੰਦਰ, ਪ੍ਰਮੇਸ਼ਰ ਨੂੰ ਮਿਲਣ ਦੇ ਅਨੇਕਾਂ ਰਸਤੇ ਨੇ, ਪਰ ਉਹ ਜਿਹੜੇ ਰਸਤੇ ਨੇ ਕੋਈ ਰਸਤਾ ਤਾਂ ਐਸਾ ਹੈ ਜਿਹੜਾ ਨੇੜੇ ਹੀ ਹੈ ਮਿਲਾ ਦਿੰਦਾ ਹੈ ਛੇਤੀ ਹੀ। ਕੋਈ ਰਸਤਾ ਐਸਾ ਹੈ ਜਿਸ ਵਿਚ ਖੇਚਲ ਬਹੁਤੀ ਹੁੰਦੀ ਹੈ, ਲੇਕਿਨ purpose ਹੱਲ ਨਹੀਂ ਹੁੰਦਾ, ਪ੍ਰਮੇਸ਼ਰ ਮਿਲਦਾ ਨਹੀਂ ਹੈ ਤੇ ਉਹ ਸਿਆਣਿਆਂ ਨੂੰ ਪਤਾ ਹੁੰਦਾ ਹੈ, ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ ਅਨੁਭਵੀਆਂ ਨੂੰ ਕਿ ਕਿਹੜਾ ਰਸਤਾ ਛੇਤੀ ਹੈ ਕਿਹੜਾ ਛੇਤੀ ਮਿਲਾ ਸਕਦਾ ਹੈ ਤੇ ਖਤਰੇ ਤੋਂ ਖਾਲੀ ਹੈ। ਸੋ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਇਹਦੇ ਵਿਚ ਹੱਠ ਯੋਗ ਵੀ ਹੈ, ਹੱਠ ਦੇ ਨਾਲ ਧੂਣੀਆਂ ਤਾਪਣੀਆਂ, ਜਲ ਧਾਰੇ ਕਰਨੇ, ਠੰਢੇ ਪਾਣੀ 'ਚ ਖੜ੍ਹਨਾ। ਪੁੱਠੇ ਲਟਕਣਾ, ਭੁੱਖੇ ਰਹਿਣਾ ਤੇ ਅਨੇਕਾਂ ਤਰ੍ਹਾਂ ਦੇ ਕਸ਼ਟ ਸਰੀਰ ਤੇ ਸਹਿ ਕੇ ਸਰੀਰ ਨੂੰ ਸੁਕਾ ਲੈਣਾ, ਸਰੀਰ ਦੀਆਂ ਜਿਹੜੀਆਂ ਸ਼ਕਤੀਆਂ ਨੇ ਉਨ੍ਹਾਂ ਨੂੰ ਕਮਜ਼ੋਰ ਕਰ ਲੈਣਾ। ਲੇਕਿਨ ਉਹਦਾ ਫਲ ਬਹੁਤ ਘੱਟ ਹੁੰਦਾ ਹੈ, ਮਾਮੂਲੀ ਹੁੰਦਾ ਹੈ ਜਿਵੇਂ ਇਕ ਆਦਮੀ ਹੀਰਿਆਂ ਦਾ ਵਪਾਰ ਕਰਦਾ ਹੈ, ਇਕ ਲੱਕੜੀਆਂ ਦਾ ਕਰਦਾ ਹੈ, ਇਕ ਤੂੜੀ ਦਾ ਕਰਦਾ ਹੈ ਕਿੰਨੀ ਉਹਨੂੰ ਖੇਚਲ ਹੁੰਦੀਆਂ, ਤੂੜੀ ਲਿਆਉਣ ਵਿਚ, ਫੇਰ ਵੇਚਦਾ ਹੈ ਮੁਨਾਫਾ ਕਿੰਨਾ ਕੁ ਹੁੰਦਾ ਹੈ? ਥੋੜ੍ਹਾ ਜਿਹਾ ਹੁੰਦਾ ਹੈ। ਜਿਹੜਾ ਹੀਰਿਆਂ ਦਾ ਵਪਾਰ ਕਰਦਾ ਹੈ, ਉਹਦਾ ਇਕ ਹੀਰਾ ਵਿਕ ਜਾਵੇ, ਹਫਤੇ 'ਚ,

ਬੇਅੰਤ ਧਨ ਕੱਢ ਲੈਂਦਾ ਹੈ। ਸੋ ਮਹਾਰਾਜ ਕਹਿੰਦੇ ਏਸ ਤਰ੍ਹਾਂ ਦੇ ਨਾਲ, ਸਾਧਨ ਨੇ ਬੇਅੰਤ, ਗਿਆਨ ਯੋਗ ਹੈ ਕਰਮ ਯੋਗ ਹੈ ਬੁੱਧ ਯੋਗ ਹੈ, ਧਿਆਨ ਯੋਗ ਹੈ, ਕਸ਼ਟ ਯੋਗ ਹੈ, ਰਾਜ ਯੋਗ ਹੈ, ਸੋ ਇਨ੍ਹਾਂ ਸਾਰਿਆਂ ਦੇ ਵਿਚ ਆਦਮੀ ਕੋਸ਼ਿਸ਼ ਕਰਦਾ ਹੈ ਪ੍ਰਮੇਸ਼ਰ ਨੂੰ ਮਿਲਣ ਦੀ। ਲੇਕਿਨ ਕਲਜੁਗ ਦੇ ਅੰਦਰ, ਸਾਧਨ ਜਿਹੜਾ ਸਾਰਿਆਂ ਨਾਲੋਂ ਸੁਖਾਲਾ ਹੈ ਉਹ ਭਗਤੀ ਦਾ ਸਾਧਨ ਸੁਖਾਲਾ ਹੈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਦੇਖੋ ਸਾਧਨ ਅਨੇਕ ਨੇ, ਲੇਕਿਨ ਜਿਹਦੇ ਨਾਲ ਸੁਖਾਲਾ ਪਹੁੰਚ ਜਾਵੇ, ਜੇ ਹਵਾਈ ਜਹਾਜ਼ ਤੇ ਚੜ੍ਹ ਜਾਵੇ ਤਾਂ ਹਜ਼ਾਰਾਂ ਮੀਲਾਂ ਦਾ ਸਫਰ ਕੁਛ ਘੰਟਿਆਂ 'ਚ ਨਿਬੜ ਜਾਏਗਾ, ਜੇ ਗੱਡੇ ਤੇ ਚੜ੍ਹ ਕੇ ਕਰੇ, ਅਬਲਾ ਤਾਂ ਗੱਡਾ ਐਨੀ ਦੂਰ ਪਹੁੰਚਦਾ ਹੀ ਨਹੀਂ, ਪੰਦਰਾਂ ਵੀਹ ਹਜ਼ਾਰ ਮੀਲ ਬੈਲ ਰਾਹ 'ਚ ਹੀ ਮਰ ਜਾਣਗੇ, ਆਪ ਬਿਮਾਰ ਹੋ ਜਾਏਗਾ, ਥੱਕ ਜਾਏਗਾ, ਸੋ ਸਫਰ-ਸਫਰ ਕਰਨ ਦੇ ਵਹੀਕਲ ਦੇ ਨਾਲ ਤੁਅੱਲਕ ਰੱਖਦਾ ਹੈ। ਸੋ ਆਪ ਕਹਿਣ ਲੱਗੇ ਕਿ ਜਿਹੜੀ ਭਗਤੀ ਹੈ ਇਹਦੇ ਨਾਲ ਨਿਰੰਕਾਰ ਦੇ ਘਰ ਵਿਚ ਵਾਸਾ ਮਿਲ ਜਾਂਦਾ ਹੈ। ਕਹਿੰਦੇ ਸੁਣੋ ਇਹਨੂੰ ਸਾਰੇ, ਸਾਰੇ ਲੋਕ ਸੁਣ ਲਓ ਤੁਹਾਨੂੰ ਇਕੱਲਿਆਂ ਨੂੰ ਨਹੀਂ ਅਸੀਂ ਸੁਣਾਉਂਦੇ। ਸਾਰੀ ਦੁਨੀਆਂ ਨੂੰ ਸੁਣਾਉਂਦੇ ਹਾਂ –

***ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥***
***ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥***
***ਹਰਿ ਨਾਮੁ ਧਿਆਏ ਤਾ ਸੁਖੁ ਪਾਏ***
***ਪੇਈਅੜੈ ਦਿਨ ਚਾਰੇ ॥***
***ਨਿਜ ਘਰਿ ਜਾਇ ਬਹੈ ਸਚੁ ਪਾਏ***
***ਅਨਦਿਨੁ ਨਾਲਿ ਪਿਆਰੇ ॥***
***ਵਿਣੁ ਭਗਤੀ ਘਰਿ ਵਾਸੁ ਨ ਹੋਵੀ***
***ਸੁਣਿਅਹੁ ਲੋਕ ਸਬਾਏ ॥***
***ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥***
***ਅੰਗ – ੬੮੯***

ਕਹਿਣ ਲੱਗੇ, ਭਗਤੀ ਦੇ ਨਾਲ ਪ੍ਰਮੇਸ਼ਰ ਛੇਤੀ ਮਿਲਦਾ ਹੈ, ਉਸ ਵੇਲੇ ਆਪ ਨੇ ਬੇਨਤੀ ਕੀਤੀ ਕਹਿਣ ਲੱਗੇ ਮਹਾਰਾਜ! ਅਸੀਂ ਅਣਜਾਣ ਬੰਦੇ ਹਾਂ, ਸਾਨੂੰ ਨਹੀਂ ਪਤਾ ਕਿ ਭਗਤੀ ਕੀ ਹੁੰਦੀ ਹੈ ਤੇ ਕਿਵੇਂ ਭਗਤੀ ਕਰੀਦੀ ਹੈ। ਕ੍ਰਿਪਾ ਕਰਕੇ ਆਪ ਇਸ ਗੱਲ ਦੇ ਉਤੇ ਕੋਈ ਚਾਨਣਾ ਪਾਓ ਤਾਂ ਕਿ ਸਾਨੂੰ ਪਤਾ ਲਗ ਜਾਏ ਕਿ ਭਗਤੀ ਕੀ ਹੋਈ। ਸੁਣਦੇ ਤਾਂ ਆਉਂਦੇ ਹਾਂ ਕਿ ਭਗਤੀ ਕਰਦਾ ਹੈ, ਫਲਾਣਾ ਭਗਤੀ ਕਰਦਾ ਹੈ, ਲੇਕਿਨ ਇਹਦੇ ਬਾਰੇ ਅਸੀਂ ਠੀਕ ਤਰ੍ਹਾਂ ਨਾਲ ਅਸੀਂ ਜਾਣਦੇ ਨਹੀਂ। ਨਾ ਪਤਾ ਹੋਣ ਕਰਕੇ ਅਸੀਂ ਕਿਸ ਤਰ੍ਹਾਂ ਭਗਤੀ ਕਰਾਂਗੇ, ਕ੍ਰਿਪਾ ਕਰਕੇ ਆਪ ਸੂਝ ਦਿਓ। ਮਹਾਰਾਜ ਕਹਿਣ ਲੱਗੇ ਕਿ ਦੇਖੋ, ਧਿਆਨ ਨਾਲ ਸੁਣੋਗੇ ਤਾਂ ਗੱਲ ਤੁਹਾਡੇ ਸਮਝ ਵਿਚ ਪੈ ਜਾਏਗੀ। ਕਹਿਣ ਲੱਗੇ, ਇਹ ਜਿਹੜਾ ਤੁਹਾਨੂੰ ਸੰਸਾਰ ਦਿਸਦਾ ਹੈ ਨਾ ਸਾਰਾ ਹੀ, ਇਹਦੇ ਵਿਚ ਅਨੇਕਾਂ ਜੀਵ ਨਜ਼ਰ ਆਉਂਦੇ ਨੇ, ਇਹ ਸਾਰਾ ਇਕ ਸਮਾਂ ਸੀ ਜਿਸ ਵਕਤ ਕੋਈ ਚੀਜ਼ ਨਹੀਂ ਸੀ ਇਥੇ, ਕੇਵਲ ਨਿਰੰਕਾਰ ਸੀ, ਵਾਹਿਗੁਰੂ ਸੀ ਆਪ ਹੀ ਆਪਣੇ ਸਰੂਪ ਦੇ ਵਿਚ ਸਥਿਤ ਤੇ ਜਦੋਂ ਉਹਨੂੰ ਮੌਜ ਆਈ ਉਸ ਵੇਲੇ ਆਪਣੇ ਆਪ ਤੋਂ ਹੀ ਉਹਨੇ ਕੁਦਰਤ ਪੈਦਾ ਕਰ ਦਿਤੀ ਤੇ ਕੁਦਰਤ ਪੈਦਾ ਕਰਕੇ ਅੱਡ ਨਹੀਂ ਹੋ ਗਿਆ, ਉਹਨੇ ਬਣਾਇਆ ਉਹਦਾ ਨਾਉਂ ਕਰਤਾ ਪੁਰਖ ਹੈ। ਕਰਤਾ ਕਹਿੰਦੇ ਨੇ ਬਣਾਉਣ ਵਾਲੇ ਨੂੰ, ਪੁਰਖ ਕਹਿੰਦੇ ਨੇ ਜਿਹੜਾ ਬਣਾ ਕੇ ਵਿਚ ਰਹੇ, ਲਾਂਭੇ ਨਾ ਹੋਵੇ। ਬਣਾਉਣ ਵਾਲੇ ਤਾਂ ਬਹੁਤ ਨੇ ਦੁਨੀਆਂ 'ਚ। ਕੁਰਸੀ ਬਣਾਉਂਦਾ ਹੈ, ਕੋਈ ਮੇਜ਼ ਬਣਾਉਂਦਾ ਹੈ, ਕੋਈ ਮਕਾਨ ਬਣਾਉਂਦਾ ਹੈ, ਕੁਰਸੀ ਬਣਾਉਣ ਵਾਲਾ ਕੁਰਸੀ ਦੇ ਵਿਚ ਨਹੀਂ ਸਮਾਇਆ ਹੋਇਆ। ਮਕਾਨ ਬਣਾਉਣ ਵਾਲਾ ਕੰਧਾਂ ਦੇ ਵਿਚ ਨਹੀਂ ਸਮਾਇਆ ਹੋਇਆ, ਵੱਖਰਾ ਹੈ। ਬੇਅੰਤ ਚੀਜ਼ਾਂ ਮਸ਼ੀਨਾਂ 'ਚ ਬਣ ਕੇ ਆਉਂਦੀਆਂ ਨੇ ਉਹਦੇ ਮਾਲਕ ਦਾ ਨਾਉਂ ਤਾਂ ਉਥੇ ਲਿਖਿਆ ਹੋਏਗਾ ਪਰ ਉਹਦੇ ਮਾਲਕ ਨੂੰ ਇਹ ਪਤਾ ਨਹੀਂ ਕਿ ਕਿੱਥੇ-ਕਿੱਥੇ ਚੀਜ਼ਾਂ ਚਲੀਆਂ ਗਈਆਂ ਕਿਉਂਕਿ ਉਹ ਵਿਚ ਨਹੀਂ ਹੈਗਾ, ਇਹ ਜਿਹੜਾ ਵਾਹਿਗੁਰੂ ਜੀ ਹੈ ਇਹਨੇ ਕੁਦਰਤ ਜਿੰਨੀ ਤੁਹਾਨੂੰ ਨਜ਼ਰ ਆਉਂਦੀ ਹੈ, ਜੋ ਕੁਛ ਵੀ ਤੁਹਾਨੂੰ ਨਜ਼ਰ ਆਉਂਦਾ ਹੈ, ਜੋ ਬੋਲਦੇ ਓਂ, ਜੋ ਪੜ੍ਹਦੇ ਓਂ, ਜੋ ਸੁਣਦੇ ਓਂ ਇਹ ਸਾਰੀ ਨੂੰ ਕੁਦਰਤ ਕਹਿੰਦੇ ਨੇ। ਇਹ ਕੁਦਰਤ ਨੂੰ ਆਪੇ ਹੀ ਸਾਜ ਕੇ ਉਹਦੇ ਵਿਚ ਆਪ ਹੀ ਆਪੇ ਆਸਨ ਲਾ ਕੇ ਬੈਠਾ ਹੋਇਆ ਹੈ।

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***
***ਦਾਤਾ ਕਰਤਾ ਆਪਿ ਤੂੰ***
***ਤੁਸਿ ਦੇਵਹਿ ਕਰਹਿ ਪਸਾਉ ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥***
***ਕਰਿ ਆਸਣੁ ਡਿਠੋ ਚਾਉ ॥ ਅੰਗ – ੪੬੩***

ਮਹਾਰਾਜ ਕਹਿਣ ਲੱਗੇ, ਪਿਆਰਿਓ! ਪਹਿਲਾਂ ਆਹ ਗੱਲ ਸਮਝੋ ਤੁਸੀਂ, ਜੇ ਇਹ ਗੱਲ ਪਹਿਲੀ ਸਮਝ ਲਈ ਫੇਰ ਅਗਾਹਾਂ ਦੀਆਂ ਗੱਲਾਂ ਤੁਹਾਡੇ ਸਮਝ ਵਿਚ ਆ ਜਾਣਗੀਆਂ। ਉਹ ਜੋ ਵਾਹਿਗੁਰੂ ਹੈ ਉਸਨੇ ਆਪਣੇ ਆਪ ਤੋਂ ਪਹਿਲਾਂ ਨਾਮ ਪ੍ਰਗਟ ਕੀਤਾ। ਜਦੋਂ ਕੁਦਰਤ ਸਾਜਣੀ ਸੀ ਸਾਰੀ ਚੀਜ਼ ਨਾਮ 'ਚੋਂ ਪੈਦਾ ਹੋਈ, ਹੁਣ ਸਾਨੂੰ ਐਉਂ ਨਹੀਂ ਪਤਾ ਲਗਦਾ ਕਿ ਨਾਉਂ ਕਿਹੜਾ ਪ੍ਰਗਟ ਕਰਿਆ। ਉਹਦੇ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ –

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***
***ਭਾਈ ਗੁਰਦਾਸ ਜੀ ਵਾਰ 26/2***

ਜਦੋਂ ਸੰਸਾਰ ਨੂੰ ਬਣਾਉਣਾ ਸੀ ਉਦੋਂ ਏਕੰਕਾਰ ਦੇ ਰੂਪ ਦੇ ਵਿਚ ਆਪ ਨੇ ਆਪਣੇ ਆਪ ਨੂੰ ਪ੍ਰਗਟ ਕਰਿਆ।

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ ਵਾਰ 26/2***

ਉਥੋਂ ਫੇਰ ਸ਼ਬਦ ਧੁਨ ਹੋਈ, ਕੋਈ ਸ਼ਬਦ ਹੋਇਆ ਤੇ ਉਹਦੀ ਧੁਨ ਕਿਹੋ ਜਿਹੀ ਉਹਨੂੰ ਕੋਈ ਦੱਸ ਨਹੀਂ ਸਕਦਾ

ਕਿਉਂਕਿ ਪ੍ਰਕ੍ਰਿਤਕ ਧੁਨ ਨਹੀਂ ਹੈ, ਜੇ ਤਾਂ ਪ੍ਰਾਕ੍ਰਿਤਕ ਧੁਨ ਹੋਵੇ ਤਾਂ ਅਸੀਂ ਦੱਸ ਦੇਈਏ ਕਿ ਐਉਂ ਧਮਾਕਾ ਪਿਆ ਜਿਹੜੇ ਸਾਇੰਸ ਵਾਲੇ ਕਹਿੰਦੇ ਨੇ ਕਿ ਇਕ ਹੋਇਆ, ਇਕ ਧਮਾਕਾ ਹੋਇਆ ਉਹ ਪ੍ਰਕ੍ਰਿਤੀ ਜਦੋਂ ਹੋਈ ਉਸ ਵੇਲੇ ਹੋਇਆ। ਉਸ ਤੋਂ ਪਹਿਲਾਂ ਜਿਹੜਾ ਸ਼ਬਦ ਸੀ ਉਹਨੂੰ ਨਹੀਂ ਕੋਈ ਸਮਝ ਸਕਦਾ ਕਿਹੜਾ ਸ਼ਬਦ ਸੀ, ਲੇਕਿਨ ਮਹਾਂਪੁਰਸ਼ਾਂ ਦੇ ਅਨੁਭਵ ਨੇ ਮੁਹੰਮਦ ਸਾਹਿਬ, ਐਸਾ ਕੁਰਾਨ ਸ਼ਰੀਫ ਵਿਚ ਲਿਖਿਆ ਹੋਇਆ ਹੈ ਕਿ ਅੱਲਾਹ ਜਦੋਂ ਸੀ ਆਪ ਹੀ ਆਪ ਉਸ ਵੇਲੇ ਉਹਦੇ ਨਾਲ ਸ਼ਬਦ ਸੀਗਾ। ਇਸੇ ਤਰ੍ਹਾਂ ਇਸਾਈਅਤ ਵਾਲਿਆਂ ਨੇ ਲਿਖਿਆ ਹੈ ਕਿ ਜਦੋਂ ਪ੍ਰਮੇਸ਼ਰ ਸੀ ਆਪਣੇ ਆਪ ਉਹਦੇ ਨਾਲ ਸ਼ਬਦ ਸੀ, ਲੇਕਿਨ ਗੁਰੂ ਮਹਾਰਾਜ ਦਾ ਮਤ ਇਹਦੇ ਨਾਲੋਂ ਥੋੜ੍ਹਾ ਜਿਹਾ ਕਰਦਾ ਹੈ। ਉਹ ਇਹ ਕਰਦਾ ਹੈ ਕਿ ਨਿਰੰਕਾਰ ਆਪੇ ਆਪ ਸੀ, ਉਸ ਵੇਲੇ ਕੋਈ ਸ਼ਬਦ ਨਹੀਂ ਸੀਗਾ, ਸ਼ਬਦ ਕਿੱਥੇ ਸੀ ਉਹਦੇ ਵਿਚ ਸਮਾਇਆ ਹੋਇਆ ਸੀ। ਜਿਵੇਂ ਖਿਆਲ ਸਾਡੇ ਅੰਦਰ ਸਮਾਇਆ ਹੋਇਆ ਹੈ, ਉਹ ਸਾਡਾ ਹੀ ਹੈ ਕੋਈ ਅਲਾਹਿਦਾ ਨਹੀਂ ਸੀਗਾ ਲੇਕਿਨ ਜਦੋਂ ਪ੍ਰਗਟ ਹੋਇਆ ਉਸ ਵੇਲੇ ਉਹ ਸ਼ਬਦ ਨੇ ਆਪਣਾ ਰੂਪ ਧਾਰਿਆ ਤੇ ਉਹਦਾ ਨਾਉਂ ਹੋਇਆ, ਓਅੰਕਾਰ।

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***

***ਭਾਈ ਗੁਰਦਾਸ ਜੀ ਵਾਰ 26/2***

ਤੇ ਇਕ ਥਾਉਂ ਫੁਰਮਾਨ ਕਰਦੇ ਨੇ ਕਿ –

***ਗੁਰਮੁਖਿ ਏਕੰਕਾਰੁ ਆਪਿ ਉਪਾਇਆ।***
***ਓਅੰਕਾਰਿ ਅਕਾਰੁ ਪਰਗਟੀ ਆਇਆ।***

***ਭਾਈ ਗੁਰਦਾਸ ਜੀ ਵਾਰ 19/1***

ਪਹਿਲਾਂ ਏਕੰਕਾਰ ਦੇ ਰੂਪ ਵਿਚ ਪ੍ਰਗਟ ਹੋਇਆ, ਫੇਰ ਓਅੰਕਾਰ ਸ਼ਬਦ ਧੁਨ ਦੇ ਨਾਲ ਸਾਰੇ ਆਕਾਰ ਬਣੇ,

***ਪੰਜ ਤਤ ਵਿਸਥਾਰੁ ਚਲਤੁ ਰਚਾਇਆ।***
***ਖਾਣੀ ਬਾਣੀ ਚਾਰਿ ਜਗਤੁ ਉਪਾਇਆ।***

***ਭਾਈ ਗੁਰਦਾਸ ਜੀ ਵਾਰ 19/1***

ਚਾਰ ਖਾਣੀਆਂ-ਅੰਡਜ, ਜੇਰਜ, ਸੇਤਜ, ਉਤਭੁਜ। ਅੰਡਿਆਂ ਤੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਜੇਰ ਤੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਗਰਮੀ ਤੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਧਰਤੀ 'ਚੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਚਾਰ ਖਾਣੀਆਂ ਬਣਾਈਆਂ, ਚਾਰ ਬਾਣੀਆਂ ਬਣਾਈਆਂ, ਚਾਰ ਤਰੀਕਿਆਂ ਨਾਲ ਅਸੀਂ ਬੋਲਦੇ ਹਾਂ, ਪਹਿਲੀ ਬਾਣੀ ਸਾਡੀ ਨੂੰ ਟੈਲੀਪੈਥੀ ਕਹਿੰਦੇ ਨੇ, ਜਿਹਨੂੰ ਪਰਾ ਬਾਣੀ ਕਹਿੰਦੇ ਨੇ, ਬਗੈਰ ਬੋਲੇ, ਬੁੱਲ੍ਹ ਹਿਲਾਏ ਗੱਲ ਕਰੀ ਜਾਣੀ, ਗੱਲ ਓਧਰੋਂ ਆ ਜਾਣੀ, ਲੇਕਿਨ ਟੈਲੀਪੈਥੀ ਤੋਂ ਇਹ ਥੋੜ੍ਹਾ ਅੱਗੇ ਹੈ, ਜਿਹਨੂੰ ਪਰਾ ਬਾਣੀ ਕਹਿੰਦੇ ਨੇ, ਪਰਾ ਬਾਣੀ ਜਿਹੜੀ ਹੈ ਉਹ ਹਿਰਦੇ ਦੀ ਬਾਣੀ ਹੈ, ਜਿਹਨੂੰ ਪਸੰਤੀ ਕਹਿੰਦੇ ਨੇ, ਉਹ ਵੀ ਬੋਲੀ ਨਹੀਂ ਜਾਂਦੀ, ਅੰਦਰ ਹੀ ਅੰਦਰ ਗੱਲ ਚਲਦੀ ਰਹਿੰਦੀ ਹੈ, ਇਸ਼ਾਰੇ ਦੀ ਵੀ ਨਹੀਂ ਲੋੜ, ਅੱਖਾਂ ਨਾਲ ਵੀ ਲੋਕ ਗੱਲਾਂ ਕਰਦੇ ਨੇ, ਉਂਗਲੀਆਂ ਨਾਲ ਵੀ ਗੱਲਾਂ ਕਰਦੇ ਨੇ, ਸਰੀਰ ਨੂੰ ਹਿਲਾ ਕੇ ਵੀ ਗੱਲ ਕਰਦੇ ਨੇ, ਲੇਕਿਨ ਬੋਲੀ ਹੈ ਨਹੀਂ, ਪਰ ਉਹ ਬੋਲੀ ਹੈਗੀ, ਭਾਵ ਨੇ। ਪਰ ਜਿਹੜੀ ਪਸੰਤੀ ਬਾਣੀ ਹੈ ਇਹ ਹਿਰਦੇ ਦੀ ਬਾਣੀ ਹੋਇਆ ਕਰਦੀ ਹੈ, ਲੇਕਿਨ ਅਜੇ ਪ੍ਰਗਟ ਨਹੀਂ ਹੋਇਆ ਕਰਦੀ, ਉਹਦੇ ਉਪਰਲੇ ਪਾਸੇ ਫੇਰ ਮਧਮਾ ਬਾਣੀ ਹੁੰਦੀ ਹੈ, ਜੋ ਗਲ 'ਚ ਹੁੰਦੀ ਹੈ, ਉਹਦੇ ਬਾਅਦ ਜਿਵੇਂ ਮੈਂ ਬੋਲਦਾ ਹਾਂ ਇਹ ਬੈਖਰੀ ਬਾਣੀ ਹੈ, ਕਹਿੰਦੇ –

***ਖਾਣੀ ਬਾਣੀ ਚਾਰਿ ਜਗਤੁ ਉਪਾਇਆ।***

***ਭਾਈ ਗੁਰਦਾਸ ਜੀ ਵਾਰ 19/1***

ਚਾਰ ਖਾਣੀਆਂ ਚਾਰ ਬਾਣੀਆਂ –

***ਕੁਦਰਤਿ ਅਗਮ ਅਪਾਰੁ ਅੰਤੁ ਨ ਪਾਇਆ।***

***ਭਾਈ ਗੁਰਦਾਸ ਜੀ ਵਾਰ 19/1***

***ਸਚੁ ਨਾਉ ਕਰਤਾਰੁ ਸਚਿ ਸਮਾਇਆ॥***

***ਭਾਈ ਗੁਰਦਾਸ ਜੀ ਵਾਰ 19/1***

ਸੱਚਾ ਨਾਉਂ ਪ੍ਰਗਟ ਹੋਇਆ, ਉਹ ਸੱਚਾ ਨਾਉਂ ਸੀ –

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥***

***ਅੰਗ – ੪੬੩***

ਹੁਣ ਜਿਹੜਾ ਤਾਂ ਏਕੰਕਾਰ ਹੈ, ਨਿਰੰਕਾਰ ਹੈ ਵਾਹਿਗੁਰੂ ਜੀ ਨੇ ਏਕੰਕਾਰ ਦੇ ਰੂਪ ਦੇ ਅੰਦਰ ਉਨ੍ਹਾਂ ਨੇ ਸ਼ਬਦ ਤੋਂ ਮਾਇਆ ਪ੍ਰਕ੍ਰਿਤੀ ਨੂੰ ਸਾਜਿਆ। ਪੰਜੇ ਤੱਤ ਸਾਜੇ, ਪਹਿਲਾਂ ਤ੍ਰਿਗੁਣ ਮਾਇਆ ਸਾਜੀ। ਰਜੋ ਗੁਣ, ਤਮੋ ਗੁਣ, ਸਤੋ ਗੁਣ। ਮਹਿਤੱਤ ਸਾਜਿਆ। ਅਭਿਮਾਨ, ਅਹੰਕਾਰ ਸਾਜਿਆ ਜਿਹਨੂੰ ਹਉਮੈ ਕਹਿੰਦੇ ਨੇ, ਉਹਦੇ ਤੋਂ ਫੇਰ ਸਾਰੀ ਪ੍ਰਕ੍ਰਿਤੀ ਤੇ ਸਾਰਾ ਕੁਛ ਪੈਦਾ ਹੋ ਕੇ ਆਹ ਸੰਸਾਰ ਦੇ ਅੰਦਰ –

***ਪੰਜ ਤਤ ਵਿਸਥਾਰੁ ਚਲਤੁ ਰਚਾਇਆ।***
***ਖਾਣੀ ਬਾਣੀ ਚਾਰਿ ਜਗਤੁ ਉਪਾਇਆ।***

***ਭਾਈ ਗੁਰਦਾਸ ਜੀ ਵਾਰ 19/1***

ਪੰਜ ਤੱਤ, 25 ਪ੍ਰਕ੍ਰਿਤੀਆਂ। ਇਕੋ ਵਾਰ ਬੋਲੇ ਨੇ, ਮਹਾਰਾਜ ਕਹਿੰਦੇ –

***ਪ੍ਰਥਮ ਓਅਕੰਾਰ ਤਿਨ ਕਹਾ***
***ਸੋ ਧੁਨ ਪੁਰ ਜਗਤ ਮੋ ਰਹਾ।***

ਇਕੋ ਸ਼ਬਦ ਬੋਲਿਆ, ਓਅੰਕਾਰ। ਇਹ ਤਾਂ ਅਸੀਂ ਕਹਿੰਦੇ ਹਾਂ ਨਾ ਲੇਕਿਨ ਉਹ ਕਿਵੇਂ ਸੀਗਾ, ਉਹ ਤਾਂ ਅੰਦਰ ਜਿਹਦੀ ਸੁਰਤੀ ਜਾਂਦੀ ਹੈ ਉਹਨੂੰ ਪਤਾ ਹੈ। ਕਿਉਂਕਿ ਅੰਦਰ ਸਾਰਿਆਂ ਦੇ ਵਜਦਾ ਹੈ ਉਹ। ਉਹਦੇ ਤੱਕ ਜਦੋਂ ਅਸੀਂ ਪਹੁੰਚ ਜਾਈਏ, ਫੇਰ ਅਸੀਂ ਸਮਝ ਜਾਂਦੇ ਹਾਂ ਕਿ ਆਹ ਸ਼ਬਦ ਹੈ, ਲੇਕਿਨ ਉਹ ਦੱਸਣਾ ਨਹੀਂ ਆਉਂਦਾ, ਕੋਈ ਸਾਜ ਨਹੀਂ ਉਹਦਾ ਜਿਹੜਾ ਉਹੋ ਜਿਹਾ ਬੋਲਦਾ ਹੋਵੇ। ਉਹ ਆਦਮੀ ਆਪੇ ਹੀ ਜਾਣਦਾ ਹੈ ਜਿਹਦੇ ਅੰਦਰ ਸ਼ਬਦ ਹੈ। ਜਿੰਨਾ ਚਿਰ ਸ਼ਬਦ ਨਹੀਂ ਪ੍ਰਗਟ ਹੁੰਦਾ –

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਸੋ ਓਅੰਕਾਰ ਨੇ ਆਕਾਰ ਕੀਤਾ।

***ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਜਦੋਂ ਓਅੰਕਾਰ ਅਵਸਥਾ ਵਿਚ ਵਾਹਿਗੁਰੂ ਆਇਆ।

ਇਕ ਕਵਾਉ ਇਕ ਧੁਨ ਪ੍ਰਗਟ ਹੋਈ। ਉਸ ਤੋਂ ਪਸਾਰਾ ਹੋਇਆ –

***ਪੰਜ ਤਤ ਪਰਵਾਣੁ ਕਰਿ....।***
***ਭਾਈ ਗੁਰਦਾਸ ਜੀ, ਵਾਰ 4/1***

ਪੰਜਾਂ ਤੱਤਾਂ ਨੂੰ ਬਰਾਬਰ ਦਾ ਬਣਾਇਆ ਸੰਤੁਲਨ। ਉਹ ਪੰਜਾਂ ਦੇ ਵਿਚੋਂ ਜੇ ਵੱਧ ਘੱਟ ਹੁੰਦਾ ਹੈ ਤਾਂ ਗੜਬੜ ਹੁੰਦੀ ਹੈ। ਤਿੰਨ ਗੁਣਾਂ ਨੂੰ ਸਮਾਨਤਾ ਦਿਤੀ ਜਦੋਂ ਤਿੰਨਾਂ ਦੇ ਵਿਚ ਹਿਲਜੁਲ ਆਈ, ਉਸ ਵੇਲੇ ਸ੍ਰਿਸ਼ਟੀ ਪੈਦਾ ਹੋਣੀ ਸ਼ੁਰੂ ਹੋ ਗਈ। 25 ਪ੍ਰਕ੍ਰਿਤੀਆਂ ਦੇ ਨਾਲ ਗਿਆਨ ਇੰਦਰੇ ਬਣਾਏ।

***ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਹਰੇਕ ਦੇ ਅੰਦਰ ਤਿੰਨ ਭਵਨ ਨੇ ਸਾਰੇ ਦੇ ਸਾਰੇ ਲੁਕੇ ਹੋਏ।

***ਕਾਦਰੁ ਕਿਨੇ ਨ ਲਖਿਆ***
***ਕੁਦਰਤਿ ਸਾਜਿ ਕੀਆ ਅਵਤਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਵਾਹਿਗੁਰੂ ਤਾਂ ਕਦੇ ਕਿਸੇ ਨੇ ਦੇਖਿਆ ਹੀ ਨਹੀਂ ਕਹਿੰਦੇ। ਲੇਕਿਨ ਆਹ ਕੁਦਰਤ ਤੋਂ ਨਜ਼ਰ ਆਉਂਦਾ ਹੈ।

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥ ਅੰਗ - ੪੬੯*

***ਇਕਦੂ ਕੁਦਰਤਿ ਲਖ ਕਰਿ***
***ਲਖ ਬਿਅੰਤ ਅਸੰਖ ਅਪਾਰਾ॥***
***ਭਾਈ ਗੁਰਦਾਸ ਜੀ, ਵਾਰ 4/1***

ਕਹਿੰਦੇ, ਐਨੀ ਕੁਦਰਤ ਸਾਜ ਦਿਤੀ ਕਿ ਕਿਤੇ ਅੰਤ ਹੀ ਨਹੀਂ ਹੈ, ਨਾ ਬ੍ਰਹਿਮੰਡਾਂ ਦਾ ਨਾ ਖੰਡਾਂ ਦਾ, ਨਾ ਕਿਤੇ ਆਬਾਦੀਆਂ ਦਾ ਕੋਈ ਅੰਤ ਹੀ ਨਹੀਂ ਹੈ। ਬੇਅੰਤ-ਬੇਅੰਤ ਹੈ

***ਰੋਮ ਰੋਮ ਵਿਚਿ ਰਖਿਓਨਿ***
***ਕਰਿ ਬ੍ਰਹਿਮੰਡਿ ਕਰੋੜਿ ਸੁਮਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਕ੍ਰੋੜਾਂ ਬ੍ਰਹਿਮੰਡ ਇਕ-ਇਕ ਰੋਮ 'ਚ ਰੱਖੇ ਹੋਏ ਨੇ,

***ਇਕਸ ਇਕਸ ਬ੍ਰਹਿਮੰਡਿ ਵਿਚਿ***
***ਦਸ ਦਸ ਕਰਿ ਅਵਤਾਰ ਉਤਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਹਰੇਕ ਬ੍ਰਹਿਮੰਡ ਦੇ ਅੰਦਰ ਦੱਸ-ਦੱਸ ਅਵਤਾਰ ਭੇਜੇ ਨੇ।

***ਕੇਤੇ ਬੇਦ ਬਿਆਸ ਕਰਿ***
***ਕਈ ਕਤੇਬ ਮੁਹੰਮਦ ਯਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਬੇਅੰਤ ਵਿਦਵਤਾ ਦੇ ਅਵਤਾਰ ਭੇਜੇ, ਬੇਅੰਤ ਧਰਮ ਨੂੰ ਚਲਾਉਣ ਵਾਲੇ ਮੁਹੰਮਦ ਤੇ ਅਉਲੀਆ ਭੇਜੇ।

***ਕੁਦਰਤਿ ਇਕੁ ਏਤਾ ਪਾਸਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਸੋ ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਇਹਦੇ ਵਿਚ ਜਿਹੜਾ ਮਾਇਆ ਦਾ ਤੱਤ ਹੈ ਇਹ ਇਸਤ੍ਰੀ ਤੱਤ ਹੈ ਤੇ ਜਿਹੜੇ ਸਾਧਨ ਨੇ ਪ੍ਰਮੇਸ਼ਰ ਨੂੰ ਮਿਲਣ ਵਾਲੇ, ਉਹ ਪੁਰਖ ਤੱਤ ਨੇ। ਸੋ ਇਸਤ੍ਰੀ ਤੱਤ ਜਿਹੜਾ ਹੈ ਇਹ ਸਾਰੀ ਕੁਦਰਤ ਨੂੰ ਮੋਹਿਤ ਕਰ ਲੈਂਦਾ ਹੈ, ਸਭ ਨੂੰ ਇਹਨੇ ਵਸ ਕੀਤਾ ਹੋਇਆ ਹੈ ਤੇ ਇਹਦਾ ਕੰਮ ਹੀ ਹੈ ਸਭ ਤੋਂ ਪਹਿਲਾ ਕਿ ਨਿਰੰਕਾਰ ਜੀ ਨੇ ਸਾਰੀਆਂ ਸ੍ਰਿਸ਼ਟੀਆਂ ਸਾਜੀਆਂ ਨੇ, ਉਹਨੂੰ ਭੁਲਾਉਣਾ। ਉਸ ਮਾਇਆ ਨੇ ਜਿਹਦੇ ਰੂਪਾਂ ਦਾ ਕੋਈ ਅੰਤ ਨਹੀਂ ਹੈ। ਕਿਤੇ ਪੁੱਤਰ ਦੇ ਰੂਪ 'ਚ ਹੈ, ਕਿਤੇ ਪਤੀ ਵਿਚ, ਕਿਤੇ ਪਤਨੀ ਦੇ ਰੂਪ 'ਚ, ਕਿਤੇ ਭਰਾ ਦੇ ਰੂਪ 'ਚ, ਕਿਤੇ ਮਾਇਆ ਦੇ ਰੂਪ, ਕਿਤੇ ਪ੍ਰਭਤਾ ਦੇ ਰੂਪ, ਕਿਤੇ ਸਰੀਰ ਦੀ ਸੁੰਦਰਤਾ ਦੇ ਰੂਪ 'ਚ, ਅਨੇਕਾਂ ਹੀ ਰੂਪ ਇਸਨੇ ਧਾਰਨ ਕਰੇ ਹੋਏ ਨੇ, ਇਸ ਤ੍ਰਿਗੁਣੀ ਮਾਇਆ ਨੇ ਇਸ ਜੀਵ ਨੂੰ ਭੁਲਾ ਦਿਤਾ। ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਐਨੀ ਸ਼ਕਤੀ ਦਾ ਮਾਲਕ, ਉਸਨੂੰ ਤਾਂ ਸੰਸਾਰ ਭੁੱਲ ਗਿਆ ਜਿਹੜੀ ਉਹਨੇ ਚੀਜ਼ ਬਣਾਈ ਹੈ ਉਸਨੇ ਭੁਲਾ ਦਿਤਾ। ਆਪਣੇ ਵਲ ਮੋਹਿਤ ਕਰ ਲਿਆ –

*ਇਨਿ ਮਾਇਆ ਜਗਦੀਸ ਗੁਸਾਈ*
*ਤੁਮ੍ਰੇ ਚਰਨ ਬਿਸਾਰੇ ॥ ਅੰਗ - ੮੫੭*

ਭੋਰਾ ਜਿੰਨਾ ਵਿਚ ਪਿਆਰ ਪ੍ਰਮੇਸ਼ਰ ਦੇ ਨਾਲ ਨਹੀਂ ਕਰ ਰਿਹਾ। ਮਾਇਆ ਨਾਲ ਬੇਅੰਤ ਪਿਆਰ ਹੈ, ਦੇਖਣ ਵਾਲੀਆਂ ਚੀਜ਼ਾਂ ਨਾਲ ਬੇਅੰਤ ਪਿਆਰ ਹੈ ਤੇ ਵਾਹਿਗੁਰੂ ਨਾਲ ਨਹੀਂ ਪਿਆਰ। ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਆਹ ਮਾਇਆ ਨੇ ਪ੍ਰਮੇਸ਼ਰ ਨੂੰ ਛੁਪਾ ਲਿਆ।

ਕ੍ਰਿਸ਼ਨ ਮਹਾਰਾਜ ਅਰਜਨ ਨੂੰ ਕਹਿਣ ਲੱਗੇ, ਹੇ ਅਰਜਨ! ਕਿਉਂਕਿ ਬ੍ਰਹਮ ਭਾਵ ਵਿਚ ਬੋਲ ਰਹੇ ਸੀ ਆਪ ਇਕ ਜੀਵ ਭਾਵ ਹੁੰਦਾ ਹੈ, ਜੀਵ ਭਾਵ 'ਚ ਬੋਲਣਾ ਹੋਰ ਹੁੰਦਾ ਹੈ, ਜੀਵ ਭਾਵ 'ਚ ਬੋਲਣਾ ਹੋਰ ਹੁੰਦਾ ਹੈ। ਸੋ ਆਪ ਕਹਿਣ ਲੱਗੇ ਕਿ ਆਹ ਸਾਰਾ ਸੰਸਾਰ ਜਿਹੜਾ ਹੈ ਇਹਦੇ ਵਿਚ ਮੈਂ ਯੋਗ ਮਾਇਆ ਦੇ ਓਹਲੇ ਹੋ ਕੇ ਮੈਂ ਹੀ ਕੰਮ ਕਰ ਰਿਹਾ ਹਾਂ। ਮੈਂ ਸਾਰੇ ਕੰਮ ਕਰ ਰਿਹਾ ਹਾਂ ਜਿੰਨੇ ਹੋ ਰਹੇ ਨੇ, ਇਹ ਮੇਰੀ ਹੀ ਸੱਤਾ ਦੇ ਨਾਲ ਹੋ ਰਹੇ ਨੇ, ਮੈਂ ਹੀ ਮਾਇਆ ਨੂੰ ਸੱਤਾ ਦਿੰਦਾ

ਹਾਂ, ਇਹ ਮਾਇਆ ਲੜਾਈ, ਝਗੜੇ-ਝਾਟੇ ਸਭ ਕਰਾ ਰਹੀ ਹੈ। ਇਹ ਤ੍ਰਿਗੁਣੀ ਮਾਇਆ ਜਿਹੜੀ ਮਿਲੀ ਹੈ ਇਹਨੂੰ ਤਰਨਾ ਬਹੁਤ ਕਠਿਨ ਹੈ, ਕੋਈ ਤਰ ਨਹੀਂ ਸਕਦਾ। ਕੋਈ ਇਹਦੇ ਸਾਮ੍ਹਣੇ ਠਹਿਰ ਨਹੀਂ ਸਕਦਾ ਤੇ ਮੈਨੂੰ ਭੁੱਲ ਜਾਂਦਾ। ਅਰਜਨ ਕਹਿਣ ਲੱਗਿਆ, ਮਹਾਰਾਜ! ਮੈਨੂੰ ਤਾਂ ਤੁਸੀਂ ਨਹੀਂ ਭੁੱਲਦੇ। ਮੈਂ ਤੁਹਾਡੇ ਕੋਲ ਬੈਠਾ ਹਾਂ, ਤੁਸੀਂ ਮੇਰੇ ਨਾਲ ਰਹਿੰਦੇ ਓ। ਮੇਰਾ ਤੁਹਾਡੇ ਨਾਲ ਸਖਾ ਦਾ ਤੁਅਲਕ ਹੈ। ਕਹਿਣ ਲੱਗੇ, ਅਰਜਨ! ਇਹ ਤਾਂ ਮੇਰੀਓ ਮਿਹਰ ਹੈ ਕਿ ਤੂੰ ਨਾ ਭੁੱਲੇਂ। ਜੇ ਮੇਰੀ ਨਾ ਮਿਹਰ ਹੋਵੇ ਤਾਂ ਤੂੰ ਮੈਨੂੰ ਤਾਂ ਭੁਲਣਾ ਹੀ ਹੈ, ਤੂੰ ਆਪਣੇ ਆਪ ਨੂੰ ਵੀ ਭੁੱਲ ਸਕਦਾ ਹੈਂ। ਕੋਈ ਬੰਦਾ ਨਹੀਂ ਜਿਹੜਾ ਮੇਰੀ ਮਾਇਆ ਦੇ ਅੱਗੇ ਟਿਕ ਸਕੇ।

ਕਹਿਣ ਲੱਗੇ, ਅਰਜਨ! ਤੂੰ ਤਾਂ ਕੀ ਹੈਂ, ਸੰਸਾਰ ਦੇ ਅੰਦਰ ਵੱਡੇ-ਵੱਡੇ ਯੋਗੀ, ਵੱਡੇ-ਵੱਡੇ ਸਿੱਧ ਇਥੇ ਤੱਕ ਕਿ ਜਿਹੜੇ ਵੱਡੇ ਦੇਵਤੇ ਨੇ, ਇਹ ਵੀ ਮਾਇਆ ਦੇ ਅੱਗੇ ਟਿਕ ਨਹੀਂ ਸਕਦੇ। ਕਿਉਂਕਿ ਮਾਇਆ ਐਨੀ ਪ੍ਰਬਲ ਹੈ, ਬਹੁਤ ਵੱਡੀ ਸ਼ਕਤੀ ਹੈ ਭੁਲਾਉਣ ਵਾਲੀ। ਮਾਇਆ ਕਹਿੰਦੇ ਕਿਹਨੂੰ ਨੇ, ਕਹਿੰਦੇ ਇਹਦਾ ਨਾਉਂ ਹੀ ਇਹੀ ਹੈ -

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ ॥ ਅੰਗ - ੯੨੧***

ਇਕ ਨੂੰ ਛੱਡ ਕੇ ਜਦੋਂ ਦੂਜਾ ਦਿਸਣ ਲਗ ਜਾਂਦਾ ਹੈ, ਸਮਝ ਲਓ ਮਾਇਆ ਹੈ, ਮਾਇਆ ਪਈ ਹੋਈ ਹੈ। ਸੋ ਤ੍ਰਿਗੁਣੀ ਮਾਇਆ ਦੇ ਅੱਗੇ ਕੋਈ ਟਿਕ ਨਹੀਂ ਸਕਦਾ। ਉਹ ਐਡੀ ਬਲਵਾਨ ਹੈ ਕਿ -

***ਜਿਨਿ ਕੀਨੇ ਵਸਿ ਅਪੁਨੈ***
***ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥ ਅੰਗ - ੬੭੩***

ਰਜੋ ਗੁਣ, ਤਮੋ ਗੁਣ, ਸਤੋ ਗੁਣ ਤਿੰਨੇ ਗੁਣ ਵਸ ਕਰਕੇ, ਸਾਰੇ ਸੰਸਾਰ ਨੂੰ ਵਸ ਕੀਤਾ ਹੋਇਆ ਹੈ, ਜਿੰਨਾ ਵੀ ਨਜ਼ਰ ਆਉਂਦਾ ਹੈ।

***ਜਗ ਇਸਨਾਨ ਤਾਪ ਥਾਨ***
***ਖੰਡੇ ਕਿਆ ਇਹੁ ਜੰਤੁ ਵਿਚਾਰਾ ॥ ਅੰਗ - ੬੭੩***

ਜਗ ਦੇ ਜਿੰਨੇ ਧਰਮ ਤੀਰਥ ਸੀਗੇ, ਜਿੰਨੇ ਜਪ ਨੇ ਜਿੰਨੇ ਤਪ ਨੇ, ਜਿੰਨੇ ਇਸ਼ਨਾਨ ਨੇ ਸਾਰਿਆਂ ਨੂੰ ਫਤਹਿ ਕਰ ਲਿਆ ਮਾਇਆ ਨੇ। ਕਹਿੰਦੇ, ਇਹ ਜੀਵ ਕੀ ਹੈ ਵਿਚਾਰਾ। ਇਹ ਤਾਂ ਛੁਟਦਾ ਤਾਂ ਹੈ ਜੇ ਵਾਹਿਗੁਰੂ ਦੀ ਓਟ ਲੈ ਲਵੇ।

***ਪ੍ਰਭ ਕੀ ਓਟ ਗਹੀ ਤਉ ਛੂਟੋ ॥***
***ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ***
***ਬਿਖੈ ਬਿਆਧਿ ਤਬ ਹੂਟੋ ॥ ਅੰਗ - ੬੭੩***

ਜਦੋਂ ਕੋਈ ਪੂਰਾ ਸਤਿਗੁਰੂ ਮਿਲ ਜਾਵੇ। ਫੇਰ ਹਰੀ ਦਾ ਜਸ ਗਾਉਂਦਾ ਹੈ ਫੇਰ ਕਹਿੰਦੇ, ਵਿਸ਼ਿਆਂ ਦੀ ਜਿਹੜੀ ਬਿਆਧੀ ਲੱਗੀ ਹੋਈ ਹੈ ਇਹ ਥੱਕ ਜਾਂਦੀ ਹੈ। ਫੇਰ ਇਹਦਾ ਅਸਰ ਨਹੀਂ ਚਲਦਾ ਪਰ ਇਹ ਜਿਹੜੀ ਮਾਇਆ ਹੈ ਕਹਿੰਦੇ ਕਿੱਥੇ ਹੈ ਜੀ, ਪਤਾ ਤਾਂ ਲੱਗੇ ਕਿ ਆਹ ਮੋਹਣ ਵਾਲੀ ਕਿੱਥੋਂ ਆ ਗਈ।

ਮਹਾਰਾਜ ਕਹਿੰਦੇ ਨਾ -

***ਨਹ ਸੁਣੀਐ ਨਹ ਮੁਖ ਤੇ ਬਕੀਐ***
***ਨਹ ਮੋਹੈ ਉਹ ਡੀਠੀ ॥ ਅੰਗ - ੬੭੩***

ਕਹਿੰਦੇ ਨਾ ਤਾਂ ਉਹ ਸੁਣੀ ਹੈ ਕਿ ਉਥੇ ਬੈਠੀ ਹੈ, ਨਾ ਮੂੰਹ ਤੋਂ ਬੋਲਦੀ ਹੈ, ਨਾ ਉਹ ਦੇਖੀ ਹੋਈ ਮੋਂਹਦੀ ਹੈ, ਲੇਕਿਨ ਉਹਦੇ ਕੋਲ ਇਕ ਐਸੀ ਚੀਜ਼ ਹੈ, ਉਹਦੇ ਕੋਲ ਇਕ ਬੂਟੀ ਹੈ ਜਿਹਨੂੰ ਠਗਮੂਰੀ ਕਹਿੰਦੇ ਨੇ, ਉਹ ਜਦੋਂ ਸੁੰਘਾ ਦਿੰਦੀ ਹੈ ਕੁਛ ਤੋਂ ਕੁਛ ਦਿਸਣ ਲਗ ਜਾਂਦਾ ਹੈ। ਆਹ ਜਿਹੜੇ drug ਖਾਂਦੇ ਨੇ, ਇਕ ਦਿਨ ਮੈਂ ਪੁੱਛਿਆ ਕਿ ਤੈਨੂੰ ਅਸਰ ਕੀ ਹੁੰਦਾ ਹੈ, ਕਹਿੰਦਾ ਅਸਰ? ਕਹਿੰਦਾ ਦੁਨੀਆਂ ਹੀ ਹੋਰ ਹੋ ਜਾਂਦੀ ਹੈ, ਆਹ ਜਿਹੜੇ ਖੰਭੇ ਨੇ ਨੱਚਦੇ ਨਜ਼ਰ ਆਉਂਦੇ ਨੇ, ਤੁਹਾਨੂੰ ਟਿਕੇ ਲਗਦੇ ਨੇ, ਸਾਨੂੰ ਨੱਚਦੇ ਲਗਦੇ ਨੇ। ਆਹ ਜਿਹੜੀ ਰੋਸ਼ਨੀ ਹੈ ਸੱਤ-ਸੱਤ ਰੋਸ਼ਨੀਆਂ ਨਜ਼ਰ ਆਉਂਦੀਆਂ ਨੇ, ਇਕ-ਇਕ ਦੇ ਵਿਚ। ਕਿਉਂਕਿ ਠਗਮੂਰੀ ਚੜ੍ਹ ਗਈ ਓਸਨੂੰ। ਇਸੇ ਤਰ੍ਹਾਂ ਨਾਲ ਸੀਗਾ ਤਾਂ ਵਾਹਿਗੁਰੂ ਹੀ ਉਥੇ, ਪਰ ਮਾਇਆ ਦੀ ਬੂਟੀ ਜਦੋਂ ਸੂੰਘੀ ਇਸ ਜੀਵ ਨੇ। ਓਸ ਵੇਲੇ ਇਹ ਭੁੱਲ ਗਿਆ। ਕਹਿੰਦੇ -

***ਐਸੀ ਠਗਉਰੀ ਪਾਇ ਭੁਲਾਵੈ***
***ਮਨਿ ਸਭ ਕੈ ਲਾਗੈ ਮੀਠੀ ॥***
***ਮਾਇ ਬਾਪ ਪੂਤ ਹਿਤ ਭ੍ਰਾਤਾ***
***ਉਨਿ ਘਰਿ ਘਰਿ ਮੇਲਿਓ ਦੂਆ ॥ ਅੰਗ - ੬੭੩***

ਮਾਂ-ਬਾਪ, ਪੁੱਤ-ਧੀਆਂ ਇਕੱਠੇ ਹੋ ਗਏ, ਦ੍ਵੈਤ ਹੀ ਦ੍ਵੈਤ ਹੋ ਗਏ।

***ਕਿਸ ਹੀ ਵਾਧਿ ਘਾਟਿ***
***ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥***
***ਅੰਗ - ੬੭੩***

ਕਿਸੇ ਕੋਲ ਥੋੜ੍ਹੀ ਹੈ, ਕਿਸੇ ਕੋਲ ਬਹੁਤੀ ਹੈ, ਕਹਿੰਦੇ ਲੜ-ਲੜ ਕੇ ਮਰ ਰਿਹਾ ਹੈ।

***ਹਉ ਬਲਿਹਾਰੀ ਸਤਿਗੁਰ ਅਪੁਨੇ***
***ਜਿਨਿ ਇਹੁ ਚਲਤੁ ਦਿਖਾਇਆ ॥ ਅੰਗ - ੬੭੩***

ਬਲਿਹਾਰ ਜਾਂਦੇ ਹਾਂ ਗੁਰੂ ਤੋਂ ਜਿਹਨੇ ਇਹ ਸਾਨੂੰ ਪ੍ਰਗਟ ਕਰਕੇ ਖੇਲ੍ਹ ਦਿਖਾ ਦਿਤਾ।

***ਗੂਝੀ ਭਾਹਿ ਜਲੈ ਸੰਸਾਰਾ***
***ਭਗਤ ਨ ਬਿਆਪੈ ਮਾਇਆ ॥ ਅੰਗ - ੬੭੩***

ਸਾਰਾ ਸੰਸਾਰ ਇਸ ਗੁੱਝੀ ਅੱਖ ਦੇ ਵਿਚ ਜਲ ਰਿਹਾ ਹੈ।

***ਸੰਤ ਪ੍ਰਸਾਦਿ ਮਹਾ ਸੁਖੁ ਪਾਇਆ***
***ਸਗਲੇ ਬੰਧਨ ਕਾਟੇ ॥***
***ਹਰਿ ਹਰਿ ਨਾਮੁ ਨਾਨਕ ਧਨੁ ਪਾਇਆ***
***ਅਪੁਨੈ ਘਰਿ ਲੈ ਆਇਆ ਖਾਟੇ ॥ ਅੰਗ - ੬੭੩***

ਕਹਿਣ ਲੱਗੇ ਅਰਜਨ! ਤੂੰ ਕਿਹਦਾ ਵਿਚਾਰਾ ਹੈਂ। ਕਹਿਣ ਲੱਗਿਆ, ਮਹਾਰਾਜ! ਤੁਸੀਂ ਮਹਾਂਭਾਰਤ ਦੇ ਯੁੱਧ ਦੇ ਅੰਦਰ ਗਿਆਨ ਕਰਾਇਆ ਹੈ, ਮੇਰੇ ਤਾਂ ਗਿਆਨ ਸਾਰਾ ਯਾਦ ਹੈ। ਕਹਿੰਦੇ, ਨਾ ਗਿਆਨ ਵਗੈਰਾ ਤਾਂ ਕਿਧਰੇ ਹੀ ਜਾਂਦਾ ਹੈ। ਇਹ ਐਡੀ ਪ੍ਰਬਲ ਹੈ ਜਦੋਂ ਸੁੱਟਣ ਤੇ ਆਉਂਦੀ ਹੈ ਫੇਰ ਨਹੀਂ ਆਦਮੀ ਬਚਦਾ। ਕੋਈ ਬੰਦਾ ਨਹੀਂ ਦ੍ਰਿੜ੍ਹਤਾ ਨਾਲ ਕਹਿ ਸਕਦਾ ਕਿ ਮੈਂ ਬਚ ਸਕਦਾ ਹਾਂ। ਕਹਿੰਦੇ, ਮੂਰਖ ਹੈ ਜੇ ਇਹ ਦਾਹਵਾ ਕਰੇ। ਪਤਾ ਨਹੀਂ ਕਿਹੜੇ ਵੇਲੇ ਗਿਰ ਜਾਵੇ ਆਦਮੀ। ਸੋ ਏਸ ਨੇ ਬਾਰ-ਬਾਰ ਜਦੋਂ ਏਸ ਗੱਲ ਦਾ ਹੱਠ ਕਰਿਆ ਕਿ ਮੈਨੂੰ ਤੁਸੀਂ ਆਪਣੀ ਤ੍ਰਿਗੁਣੀ ਮਾਇਆ ਦਿਖਾ ਤਾਂ ਦਿਓ। ਉਹ ਕਹਿੰਦੇ, ਤੂੰ ਮੈਨੂੰ ਤਾਂ ਭੁੱਲਣਾ ਹੀ ਹੈ ਤੂੰ ਆਪਣੇ ਆਪ ਨੂੰ ਵੀ ਭੁੱਲ ਜਾਏਂਗਾ। ਜਦੋਂ ਹੱਠ ਕਰਿਆ, ਤਾਂ ਕਹਿੰਦੇ ਚੰਗਾ ਫੇਰ ਕਦੇ ਮੌਕਾ ਆਇਆ ਤਾਂ ਤੈਨੂੰ ਦਿਖਾਵਾਂਗੇ। ਦੂਸਰੇ ਦਿਨ ਰੱਥ ਤੇ ਚੜ੍ਹ ਕੇ ਆ ਗਏ। ਕਹਿਣ ਲੱਗੇ, ਆਹ ਸੋਹਣਾ ਥਾਉਂ ਹੈ, ਸਰੋਵਰ ਬਹੁਤ ਵਧੀਆ ਹੈ, ਇਥੇ ਆਪਾਂ ਦਾਤਣ ਕੁਰਲਾ ਕਰ ਲਈਏ ਤੇ ਦਾਤਣ ਕਰਨ ਵਾਸਤੇ ਬੈਠ ਗਏ। ਇਹਨੂੰ ਕਹਿੰਦੇ ਤੂੰ ਐਉਂ ਕਰ ਮਾਇਆ ਦੇਖਣੀ ਹੈ, ਕਹਿੰਦਾ ਹਾਂ ਮਹਾਰਾਜ, ਮਾਇਆ ਮੈਨੂੰ ਦਿਖਾ ਦਿਓ। ਕਹਿੰਦੇ, ਦੇਖ ਮੈਂ ਇਥੇ ਬੈਠਣਾ ਹੈ, ਨਾ ਕਿਤੇ ਜਾਣਾ ਹੈ, ਇਹ ਮੇਰੀ ਹੈਗੀ ਪ੍ਰਤਿਗਿਆ ਤੇਰੇ ਨਾਲ। ਮੈਂ ਨਹੀਂ ਕਿਤੇ ਵੀ ਜਾਂਦਾ। ਆਹ ਰੱਥ ਨਹੀਂ ਜਾਂਦਾ ਕਿਤੇ। ਐਥੇ ਹੀ ਬੈਠਾ ਮੈਂ ਤੈਨੂੰ ਨਜ਼ਰ ਨਹੀਂ ਆਉਣਾ, ਤੂੰ ਭੁੱਲ ਜਾਏਂਗਾ, ਕਹਿੰਦਾ ਮਹਾਰਾਜ ਤੁਸੀਂ ਐਥੇ ਬੈਠੇ ਹੋਵੋਂਗੇ ਤੇ ਮੈਨੂੰ ਕਿਵੇਂ ਨਹੀਂ ਨਜ਼ਰ ਆਵੋਂਗੇ। ਕਹਿੰਦੇ ਮੇਰੀ ਮਾਇਆ ਐਸੀ ਪ੍ਰਬਲ ਹੈ ਹੁਣ ਮੈਂ ਸਾਰੀ ਸ੍ਰਿਸ਼ਟੀ 'ਚ ਰਹਿੰਦਾ ਹਾਂ, ਕਿਹਨੂੰ ਨਜ਼ਰ ਆਉਂਦਾ ਹਾਂ, ਕੋਈ ਹੈ ਬੰਦਾ ਜਿਹੜਾ ਕਹਿ ਦੇਵੇ ਕਿ ਮੈਨੂੰ ਨਜ਼ਰ ਆਉਂਦਾ ਹੈ ਵਾਹਿਗੁਰੂ। ਸਾਰੇ ਹੀ ਭੁੱਲੇ ਪਏ ਨੇ, ਮਾਇਆ ਨੂੰ ਤਾਂ ਕਹਿੰਦੇ ਨੇ ਜਿਹੜਾ ਕੁਛ ਦਿਖਦਾ ਹੈ, ਜਿਹੜਾ ਕੁਛ ਸੁਣਦਾ ਹੈ ਕਿ ਇਹ ਹੈਗਾ। ਨਕਲੀ ਚੀਜ਼ ਨੂੰ ਅਸਲੀ ਮੰਨਦੇ ਨੇ, ਕਿਵੇਂ ਮੰਨਦੇ ਨੇ, ਕਹਿੰਦੇ ਹਨ੍ਹੇਰੇ ਵਿਚ ਰੱਸੀ ਪਈ ਹੋਵੇ, ਉਹਨੂੰ ਸੱਪ ਹੀ ਕਹੀ ਜਾਣਗੇ , ਜਦੋਂ ਚਾਨਣਾ ਹੋਏਗਾ ਫੇਰ ਪਤਾ ਲੱਗੇਗਾ ਕਿ ਇਹ ਤਾਂ ਰੱਸੀ ਹੀ ਸੀ, ਸੱਪ ਤਾਂ ਇਹਦੇ 'ਚ ਹੋਇਆ ਹੀ ਨਹੀਂ ਨਾ ਕਦੇ ਹੋ ਸਕਦਾ ਹੈ, ਇਸੇ ਤਰ੍ਹਾਂ ਦੇ ਨਾਲ ਹੈਗਾ ਤਾਂ ਮੈਂ ਹੀ ਸੰਸਾਰ ਦੇ ਅੰਦਰ ਪਰ ਮੈਨੂੰ ਕੋਈ ਨਹੀਂ ਦੇਖਦਾ, ਮੇਰੀ ਮਾਇਆ ਨੂੰ ਦੇਖ ਕੇ ਵੰਡੀਆਂ ਪਾਉਂਦੇ ਨੇ, ਮੇਰਾ ਪੋਤਾ, ਮੇਰੀ ਧੀ, ਮੇਰੀ ਕੋਠੀ ਹੈ, ਮੇਰੀ ਕਾਰ ਹੈ, ਮੇਰਾ ਫਲਾਣਾ; ਵੰਡੀਆਂ ਪਾ ਕੇ ਕਹਿੰਦੇ ਭੁੱਲ ਕੇ ਬਹਿ ਜਾਂਦੇ ਨੇ। ਅਸਲੀਅਤ ਨਹੀਂ ਪਤਾ ਲੱਗਦੀ, ਕਹਿੰਦਾ ਲਓ ਮਹਾਰਾਜ! ਤੁਸੀਂ ਇਥੋਂ ਨਾ ਹਿਲਿਓ, ਮੈਂ ਕਿਵੇਂ ਭੁੱਲ ਜਾਵਾਂਗਾ? ਕਹਿੰਦੇ, ਜਾਹ, ਜਾਹ ਕੇ ਇਸ਼ਨਾਨ ਕਰ ਲੈ। ਜਾ ਕੇ ਸਰੋਵਰ ਵਿਚ ਇਸ਼ਨਾਨ ਕਰਨ ਲੱਗਿਆ, ਇਕ ਟੁੱਭੀ ਮਾਰੀ, ਜਦ ਬਾਹਰ ਨਿਕਲ ਕੇ ਦੇਖਦਾ ਹੈ ਸਮਾਂ ਬਦਲ ਗਿਆ, ਚਾਰ ਸੌ ਸਾਲ ਨੂੰ ਜਿਹੜੀ ਗੱਲ ਆਉਣੀ ਸੀ ਉਹ ਸਮਾਂ ਪੈਦਾ ਕਰ ਦਿਤਾ ਉਥੇ। ਨਾ ਸਰੋਵਰ, ਨਾ ਕਿਤੇ ਇਹਦੇ ਕੱਪੜੇ, ਤਿਆਰ-ਬਰ-ਤਿਆਰ ਖੜ੍ਹਾ ਹੈ, ਧਨੁਸ਼ ਬਾਣ ਮੋਢੇ 'ਚ ਪਾਇਆ ਹੋਇਆ ਹੈ, ਲੇਕਿਨ ਹੈਰਾਨ ਹੁੰਦਾ ਹੈ ਕਿ ਕਿੱਥੇ ਚਲੇ ਗਏ ਕ੍ਰਿਸ਼ਨ ਮਹਾਰਾਜ, ਇਥੇ ਬੈਠੇ ਸੀ। ਗੱਲ ਵੀ ਯਾਦ ਆਉਂਦੀ ਹੈ ਕਿ ਇਥੇ ਬੈਠੇ ਸੀ। ਹਾਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕਿ ਮਹਾਰਾਜ, ਤੁਸੀਂ ਬੋਲਦੇ ਕਿਉਂ ਨਹੀਂ, ਬੋਲੋ-ਬੋਲੋ, ਸਾਰਾ ਦਿਨ ਹਾਕਾਂ ਮਾਰੀ ਗਿਆ, ਕੋਈ ਜਵਾਬ ਨਾ ਉਨ੍ਹਾਂ ਨੇ ਦਿਤਾ। ਰਾਤ ਪੈ ਗਈ, ਜੰਗਲੀ ਜਾਨਵਰ ਆ ਗਏ, ਸ਼ੇਰ ਲੰਘੇ ਫਿਰਦੇ ਨੇ, ਵੱਡੇ-ਵੱਡੇ ਸੱਪ ਤੁਰੇ ਫਿਰਦੇ ਨੇ, ਉਸ ਵੇਲੇ ਦਰਖਤ ਦੇ ਉਤੇ ਚੜ੍ਹ ਗਿਆ, ਸਾਰੀ ਰਾਤ ਜਾਗਦੇ ਨੇ ਕੱਟੀ, ਨਾਲੇ ਰੋਂਦਾ ਹੈ ਕਿ ਮੈਂ ਆ ਕਿੱਥੇ ਗਿਆ। ਇਸ਼ਨਾਨ ਕਰਨ ਵੜਿਆ ਸੀ, ਐਨਾ ਕੁ ਤਾਂ ਯਾਦ ਹੈ, ਉਸ ਤੋਂ ਬਾਅਦ ਨਹੀਂ ਕੋਈ ਵੀ ਗੱਲ ਯਾਦ ਨਹੀਂ ਹੈ ਕਿ ਮੈਂ ਆ ਕਿੱਥੇ ਗਿਆ। ਫੇਰ ਆਵਾਜ਼ਾਂ ਦਿੰਦਾ ਹੈ, ਤਿੰਨ ਦਿਨ, ਤਿੰਨ ਰਾਤਾਂ ਲੰਘ ਗਈਆਂ, ਅਖੀਰ ਜੰਗਲ 'ਚੋਂ ਨਿਕਲਿਆ ਕਿ ਬਾਹਰ ਨਿਕਲ ਕੇ ਦੇਖਾਂ, ਅਤਾ ਪਤਾ ਕਰਾਂ ਕਿ ਮੈਂ ਹਾਂ ਕਿੱਥੇ? ਜਦੋਂ ਇਹ ਬਾਹਰ ਨਿਕਲਿਆ ਤਾਂ ਉਥੇ ਇਕ ਬੰਦਾ ਮਿਲਿਆ ਇਸਨੂੰ? ਇਹ ਕਹਿਣ ਲੱਗਿਆ ਕਿ ਮੈਨੂੰ ਤੂੰ ਐਉਂ ਦੱਸ ਕਿ ਹਸਤਨਾਪੁਰ ਕਿੱਥੇ ਹੈ ਤੇ ਕ੍ਰਿਸ਼ਨ ਮਹਾਰਾਜ ਕਿਤੇ ਦੇਖੇ ਹੋਣ ਤੂੰ? ਉਹ ਕਹਿੰਦਾ ਕ੍ਰਿਸ਼ਨ ਮਹਾਰਾਜ, ਹਸਤਨਾਪੁਰ? ਹਸਤਨਾਪੁਰ ਨੂੰ ਉੱਜੜੇ ਨੂੰ ਵੀ ਬੜੀ ਦੇਰ ਹੋ ਗਈ। ਕਹਿੰਦੇ, ਤੇਰਾ ਨਾਉਂ ਕੀ ਹੈ? ਕਹਿੰਦਾ ਮੇਰਾ ਨਾਉਂ ਅਰਜਨ? ਮੈਂ ਪਾਂਡਵ ਹਾਂ। ਉਹ ਕਹਿੰਦਾ ਅਰਜਨ! ਤੇਰੇ ਦਿਮਾਗ ਵਿਚ ਕੁਛ ਫਰਕ ਹੈ?

ਕਹਿੰਦਾ, ਕਿਉਂ?

ਕਹਿੰਦਾ, ਆਜਾ ਉਥੇ ਕਥਾ ਹੁੰਦੀ ਹੈ ਸਾਡੇ, ਕਹਿੰਦੇ ਉਹ ਕਥਾ ਅਰਜਨ ਦੇ ਪੜੋਤੇ ਨੂੰ ਸੁਣਾਈ ਸੀ, ਉਹ ਕਥਾ ਜਿਹੜੀ ਹੈ ਨਾ ਥਾਂ-ਥਾਂ ਤੇ ਹੋ ਰਹੀ ਹੈ, ਸਾਡੇ ਵੀ ਹੋ ਰਹੀ ਹੈ, ਕਿਉਂਕਿ ਸਾਡੇ ਇਥੇ ਦਾ ਰਾਜਾ ਜੋ ਹੈ ਉਹ ਕ੍ਰਿਸ਼ਨ ਭਗਤ ਹੈ। ਸੋ ਉਹਦੇ ਨਾਲ ਚੱਲ ਪਿਆ। ਹੁਣ ਸ਼ੱਕ ਪੈਂਦਾ ਜਾਂਦਾ ਹੈ ਕਿ ਇਹ ਗੱਲ ਕੀ ਹੋ ਗਈ? ਮੈਨੂੰ ਤਾਂ ਕੁਛ ਪਤਾ ਹੀ ਨਹੀਂ ਲਗਦਾ। ਹਾਂ ਮਾਂ ਜਾਗਦਾ, ਸੁੱਤਾ ਪਿਆ ਨਹੀਂ ਹਾਂ। ਉਥੇ ਚਲਿਆ ਗਿਆ ਤਾਂ ਉਥੇ ਕਥਾ ਸੁਣੀ ਜਾ ਕੇ ਕਿ ਪਾਂਡਵਾਂ ਨੇ ਬੜੀ ਦੇਰ ਤੱਕ ਰਾਜ ਕਰਿਆ, ਇਹ ਰਾਜ ਨਹੀਂ ਸੀ ਕਰਦਾ, ਭੀਸ਼ਮ ਪਿਤਾਮਾ ਨੇ ਬਾਣਾਂ ਦੀ ਸੇਜਾਂ ਤੇ ਪਏ ਹੋਏ ਅਰਜਨ ਨੂੰ ਸਮਝਾਇਆ ਕਿ ਤੁਸੀਂ ਰਾਜ ਕਰੋਂਗੇ, ਰਾਜ ਵਾਸਤੇ ਯੁੱਧ ਕਰਿਆ ਹੈ, ਰਾਜ ਕਰਿਆ ਤੇ ਉਸ ਤੋਂ ਬਾਅਦ ਹਿਮਾਲਿਆ ਪਰਬਤ 'ਚ 'ਪੰਡ ਰਾਜਯ ਜੋਗ ਕਮਾਵਾ' ਜਿਥੇ ਗੁਰੂ ਮਹਾਰਾਜ ਨੇ ਲਿਖਿਆ ਹੈ, ਹੇਮਕੁੰਟ ਦੇ ਨੇੜੇ ਚਲੇ ਗਏ, ਉਥੇ ਆਪਣੀ ਸਾਧਨਾ ਸਾਧਦੇ ਰਹੇ ਤੇ ਇਧਰ ਰਾਜ ਪ੍ਰੀਸ਼ਦ ਨੂੰ ਦੇ ਗਏ, ਪੋਤੇ ਨੂੰ, ਪ੍ਰੀਸ਼ਦ ਨੂੰ ਸੱਪ ਨੇ ਕੱਟ ਲਿਆ, ਉਸ ਤੋਂ ਬਾਅਦ ਰਾਜ ਚਲਿਆ ਗਿਆ ਜਨਮੇਜੇ ਕੋਲ, ਜਨਮੇਜੇ ਨੂੰ ਕੋਹੜ ਹੋ ਗਿਆ, ਕੋਹੜ ਹੋਏ ਤੇ ਉਹਨੇ ਕਥਾ ਸੁਣੀ ਆਪਣੇ ਬਜ਼ੁਰਗਾਂ ਤੋਂ, ਉਹਦੇ ਵਿਚ ਬਾਰ-ਬਾਰ ਆਉਂਦਾ ਹੈ ਕਿ ਫੇਰ

ਆਹ ਗੱਲ ਸੁਣਾਈ, ਫੇਰ ਆਹ ਗੱਲ ਸੁਣਾਈ, ਉਹ ਕਥਾ ਸੁਣਦਾ ਹੈ, ਕਥਾ ਸੁਣ ਕੇ ਹੈਰਾਨ ਹੁੰਦਾ ਹੈ ਕਿ ਕਥਾ ਮੇਰੀ ਹੈ, ਇਹ ਹੋ ਕੀ ਗਿਆ, ਮੇਰੇ ਪੋਤੇ ਦਾ ਨਾਉਂ ਪ੍ਰੀਸ਼ਦ ਹੈ ਇਹ ਠੀਕ ਹੈ, ਰਾਜ ਦੇ ਦਿਤਾ, ਅਸੀਂ ਤਾਂ ਰਾਜ ਕਰ ਰਹੇ ਹਾਂ, ਇਹ ਹੋਇਆ ਕੀ? ਉਸ ਵੇਲੇ ਚੱਕਰ 'ਚ ਪੈ ਗਿਆ, ਲੋਕਾਂ ਨੇ ਪੁਛਿਆ ਕਿ ਤੇਰਾ ਨਾਉਂ ਕੀ ਹੈ? ਕਹਿੰਦਾ, ਮੇਰਾ ਨਾਉਂ ਅਰਜਨ? ਜਦੋਂ ਅਰਜਨ ਕਿਹਾ, ਅਤਾ ਪਤਾ ਦੱਸਿਆ ਤਾਂ ਲੋਕਾਂ ਨੇ ਵੱਟੇ ਮਾਰਨੇ ਸ਼ੁਰੂ ਕਰ ਦਿਤੇ ਕਿ ਪਾਗਲ ਆ ਵੜਿਆ ਆਪਣੀ ਬਸਤੀ 'ਚ। ਇਹ ਕਹਿੰਦਾ ਕਿ ਮੈਨੂੰ ਮਾਰੋ ਨਾ, ਵੱਟੇ ਕਿਉਂ ਮਾਰੀ ਜਾਂਦੇ ਓਂ। ਕਹਿੰਦੇ, ਤੂੰ ਅਰਜਨ ਕਿੱਥੋਂ ਹੈਂ? ਅਰਜਨ ਨੂੰ ਹੋਏ ਨੂੰ ਚਾਰ ਸੌ ਸਾਲ ਹੋ ਗਏ। ਅਖੀਰ ਐਸਾ ਭੁਲੇਖਾ ਪਿਆ ਕਿ ਆਪਣੇ ਆਪ ਨੂੰ ਮੰਨ ਗਿਆ ਕਿ ਮੈਂ ਅਰਜਨ ਨਹੀਂ ਹਾਂ ਤੇ ਆਪਣਾ ਨਾਉਂ ਵੀ ਬਦਲ ਲਿਆ। ਪਰਦੇਸੀ ਨਾਉਂ ਰਖਾ ਲਿਆ। ਰਾਜੇ ਦੇ ਕੋਲ ਚਲਿਆ। ਤੀਰ ਚਲਾਉਣ ਜਾਣਦਾ ਸੀ, ਉਹਦੀ ਵਿਦਿਆ ਨੂੰ ਦੇਖ ਕੇ ਉਹਨੇ ਸੈਨਾਪਤੀ ਬਣਾ ਲਿਆ ਤੇ ਆਪਣੀ ਲੜਕੀ ਦਾ ਰਿਸ਼ਤਾ ਕਰ ਦਿਤਾ। ਲੜਕੀ ਦਾ ਰਿਸ਼ਤਾ ਹੋ ਕੇ ਜਦੋਂ ਰਹਿਣ ਲੱਗੇ ਗ੍ਰਹਿਸਤ ਦੀ ਜ਼ਿੰਦਗੀ 'ਚ। ਐਨਾ ਵਿਸ਼ੇ-ਵਿਕਾਰਾਂ ਭੋਗਾਂ 'ਚ ਮਸਤ ਹੋਇਆ, ਨਾ ਕੋਈ ਕਿਰਿਆ ਕਰਮ, ਨਾ ਕੋਈ ਜਪ ਤਪ, ਨਾ ਕੋਈ ਤੀਰਥ। ਬਿਲਕੁਲ ਪੱਕਾ ਨਾਸਤਕ ਹੋ ਗਿਆ। ਜੇ ਕੋਈ ਰੱਬ ਦੀ ਗੱਲ ਉਹਦੇ ਕੋਲ ਕਰ ਦੇਵੇ ਮਿਲਟਰੀ ਵਾਲਾ ਤਾਂ ਉਹਦੇ ਨਾਲ ਨਰਾਜ਼ ਹੋ ਜਾਂਦਾ ਸੀ। ਕਹਿੰਦਾ, ਮੇਰੇ ਕੋਲ ਨਾ ਰੱਬ ਦੀ ਗੱਲ ਕਰੀਂ ਕਦੇ ਭੁੱਲ ਕੇ ਵੀ। ਕੋਈ ਨਹੀਂ ਹੈ ਇੱਥੇ। ਸੋ ਕ੍ਰਿਸ਼ਨ ਮਹਾਰਾਜ ਦਾ ਨਾਉਂ ਨਾ ਲੈਣ ਦੇਵੇ। ਜੇ ਕੋਈ ਲੈ ਦੇਵੇ ਉਹਦੇ ਨਾਲ ਲੜ ਪਵੇ ਕਿ ਉਹਦਾ ਨਾਉਂ ਕਿਉਂ ਲੈਂਦੇ ਓਂ। ਉਸ ਤੋਂ ਬਾਅਦ ਤਿੰਨ ਪੁੱਤਰ ਹੋਏ ਉਨ੍ਹਾਂ ਨਾਲ ਦਿਨ ਰਾਤ ਪਿਆਰ ਕਰਦਾ ਰਹਿੰਦਾ ਹੈ। ਉਸ ਤੋਂ ਬਾਅਦ ਇਹਦੀ ਘਰਵਾਲੀ ਬਿਮਾਰ ਹੋ ਗਈ, ਜਦੋਂ ਮਰਨ ਲੱਗੀ ਤਾਂ ਉਹਨੇ ਕਿਹਾ ਕਿ ਤੁਸੀਂ ਮਨੁੱਖ ਹੋਂ ਤੁਸੀਂ ਤਾਂ ਦੂਜਾ ਵਿਆਹ ਕਰਾ ਲਓਂਗੇ ਤੇ ਮੇਰੇ ਬੱਚਿਆਂ ਦਾ ਹਾਲ ਮੰਦਾ ਹੋ ਜਾਏਗਾ। ਇਹ ਕਹਿਣ ਲੱਗਿਆ ਕਿ ਦੇਖ ਮੈਂ ਤੈਨੂੰ ਵਚਨ ਦਿੰਦਾ ਹਾਂ ਕਿ ਤੇਰੇ ਸਰੀਰ ਛੱਡਦੇ ਹੀ ਮੈਂ ਤੇਰੀ ਚਿਖਾ ਵਿਚ ਤੇਰੇ ਨਾਲ ਜਲਣਾ ਹੈ। ਉਹ ਚੜ੍ਹਾਈ ਕਰ ਗਈ। ਉਸ ਤੋਂ ਬਾਅਦ ਇਹ ਚਿਖਾ 'ਚ ਜਲਣ ਨੂੰ ਤਿਆਰ ਹੋ ਗਿਆ। ਕਿਸੇ ਦਾ ਸਮਝਾਇਆ ਹੋਇਆ ਸਮਝਦਾ ਨਹੀਂ। ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ। ਊਧੋ ਨੇ ਆ ਕੇ ਕਿਹਾ ਕਿ ਅਰਜਨ! ਇਹ ਕੀ ਕਰਦਾ ਹੈਂ?

ਕਹਿੰਦਾ ਅਰਜਨ ਕਿਹਨੂੰ ਕਹਿੰਦਾ ਹੈਂ?

ਕਹਿੰਦਾ ਤੈਨੂੰ।

ਕਹਿਣ ਲੱਗਿਆ, ਅਰਜਨ ਨੂੰ ਮਰੇ ਨੂੰ ਤਾਂ ਚਾਰ ਸੌ ਸਾਲ ਹੋ ਗਏ।

ਕਹਿੰਦਾ, ਤੂੰ ਮੈਨੂੰ ਨਹੀਂ ਪਛਾਣਦਾ, ਮੈਂ ਊਧੋ ਹਾਂ, ਦੇਖ ਆਪਾਂ ਇਕੱਠੇ ਹਾਂ।

ਕਹਿੰਦਾ, ਕਿਹੜਾ ਊਧੋ, ਊਧੋ ਨੂੰ ਤਾਂ ਮਰੇ ਨੂੰ ਐਨਾ ਚਿਰ ਹੋ ਗਿਆ?

ਮੰਨਦਾ ਹੀ ਨਹੀਂ ਬਥੇਰਾ ਜ਼ੋਰ ਲਾ ਕੇ ਸਮਝਾਇਆ। ਅਖੀਰ ਪੰਡਤਾਂ ਨੇ ਗੱਲ ਕਰੀ ਕਿ ਜੇ ਤੂੰ ਇਹ ਕਰਨਾ ਹੈ ਨਾ ਤਾਂ ਜਾ ਕੇ ਇਸ਼ਨਾਨ ਕਰਕੇ ਆ। ਇਸ਼ਨਾਨ ਕਰਨ ਸਰੋਵਰ 'ਚ ਵੜ ਗਿਆ, ਜਦੋਂ ਚੁੱਭੀ ਲਾ ਕੇ ਬਾਹਰ ਨਿਕਲਦਾ ਹੈ, ਨਾ ਉਥੇ ਚਿਖਾ, ਨਾ ਕੋਈ ਰਾਜ ਨਾ ਕੋਈ ਲੈਣ ਨਾ ਕੋਈ ਦੇਣ। ਸਾਮ੍ਹਣੇ ਕ੍ਰਿਸ਼ਨ ਮਹਾਰਾਜ ਬੈਠੇ ਨੇ। ਉਸ ਵੇਲੇ ਘਰਵਾਲੀ ਨੂੰ ਯਾਦ ਕਰਕੇ ਉਚੀ-ਉਚੀ ਚੀਕਾਂ ਮਾਰਦਾ ਹੈ ਕਿ ਤੂੰ ਕਿੱਥੇ ਚਲੀ ਗਈ, ਆਹ ਕੀ ਹੋ ਗਿਆ, ਆਹ ਕੀ ਭਾਣਾ ਵਰਤ ਗਿਆ, ਥਾਉਂ ਹੀ ਹੋਰ ਹੋ ਗਿਆ ਪਾਣੀ 'ਚ ਨਹਾਉਂਦੇ ਸਾਰ। ਕ੍ਰਿਸ਼ਨ ਮਹਾਰਾਜ ਆ ਗਏ ਕਹਿੰਦੇ, ਅਰਜਨ! ਤੂੰ ਬਾਹਰ ਆ, ਮੈਨੂੰ ਨਹੀਂ ਪਛਾਣਦਾ ਮੈਂ ਕ੍ਰਿਸ਼ਨ ਹਾਂ। ਕਹਿੰਦਾ, ਕ੍ਰਿਸ਼ਨ ਨੂੰ ਤਾਂ ਹੋਏ ਨੂੰ ਚਾਰ ਸੌ ਸਾਲ ਹੋ ਗਏ। ਉਹਦੀਆਂ ਤਾਂ ਮੈਂ ਕਥਾਵਾਂ ਸੁਣੀਆਂ ਨੇ, ਕੌਣ ਹੈਂ ਤੂੰ? ਦਿਮਾਗ ਤਾਂ ਨਹੀਂ ਤੇਰਾ ਖਰਾਬ ਹੋ ਗਿਆ। ਉਹ ਕਹਿੰਦੇ, ਤੇਰੇ ਤੇ ਮੈਂ ਮਾਇਆ ਪਾਈ ਹੈ, ਕਹਿੰਦਾ ਕਿਹੜੀ ਮਾਇਆ ਪਾਈ ਹੈ? ਮਾਇਆ ਦਾ ਕੀ ਸਵਾਲ ਹੈ, ਮੈਂ ਤੇ ਮੇਰੀ ਘਰਵਾਲੀ ਸੀ ਹੁਣੇ ਹੀ ਚਿਖਾ ਤੇ ਰੱਖੀ ਸੀ। ਉਹ ਕਿੱਥੇ ਚਲੀ ਗਈ? ਅਖੀਰ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਅਰਜਨ! ਤੇਰੇ ਤੇ ਮਾਇਆ ਪਾਈ ਹੋਈ ਹੈ, ਹਲਕਾ ਜਿਹਾ ਥੱਪੜ ਮਾਰਿਆ, ਮਾਇਆ ਲਾਹ ਦਿਤੀ। ਮਾਇਆ ਲਾਹੀ, ਸੁਰਤ ਮੁੜ ਕੇ ਆ ਗਈ ਸਾਰੀ। ਉਸ ਵੇਲੇ ਕਹਿਣ ਲੱਗੇ, ਕਿਉਂ ਅਰਜਨ! ਹੁਣ ਦੱਸ ਮੇਰੀ ਮਾਇਆ ਦੇ ਨਾਲ ਕੋਈ ਮੁਕਾਬਲਾ ਕਰ ਸਕਦਾ ਹੈ?

ਸੋ ਪਾਰਬ੍ਰਹਮ ਪ੍ਰਮੇਸ਼ਰ ਦੀ ਜੋ ਮਾਇਆ ਹੈ ਮਹਾਰਾਜ ਕਹਿੰਦੇ -

***ਜਿਨਿ ਕੀਨੇ ਵਸਿ ਅਪੁਨੈ***
***ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥***
***ਜਗ ਇਸਨਾਨ ਤਾਪ ਥਾਨ ਖੰਡੇ***
***ਕਿਆ ਇਹੁ ਜੰਤੁ ਵਿਚਾਰਾ ॥*** ***ਅੰਗ - ੬੭੩***

ਇਹ ਜੰਤ ਕੀ ਹੈ, ਇਹ ਤਰ ਨਹੀਂ ਸਕਦਾ ਕਿਉਂਕਿ ਭੁੱਲ ਗਿਆ ਦੇਖ ਕੇ। ਮਹਾਰਾਜ ਕਹਿੰਦੇ ਫੇਰ ਝੂਠੀ ਮਾਇਆ ਦੇ ਵਿਚ ਮਸਤ ਹੋ ਕੇ ਇਹ ਦੱਸ ਤੂੰ ਤਰੇਂਗਾ ਕਿਵੇਂ? ਕਿਉਂਕਿ ਐਨੀ ਸ਼ਕਤੀਸ਼ਾਲੀ ਚੀਜ਼ ਹੈ, illusion, egnorance, ਅਵਿਦਿਆ, ਮਾਇਆ, ਹਉਮੈ ਕੋਈ ਨਾਉਂ ਦੇ ਦਿਓ ਇਸਨੂੰ। ਅਸਲੀਅਤ ਨਹੀਂ ਹੈ ਇਹਦੇ ਵਿਚ। ਮਹਾਰਾਜ ਕਹਿੰਦੇ -

***ਕੈਸੇ ਮਨ ਤਰਹਿਗਾ ਰੇ ਸੰਸਾਰੁ***
***ਸਾਗਰੁ ਬਿਖੈ ਕੋ ਬਨਾ ॥*** ***ਅੰਗ - ੪੮੬***

ਇਹ ਤਾਂ ਵਿਹੁ ਦਾ ਵਣ ਹੈ ਇਹਦੇ 'ਚ ਤਰੇਗਾ ਕਿਵੇਂ? ਵਿਹੁ ਦਾ ਸਮੁੰਦਰ।

***ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥***
***ਅੰਗ - ੪੮੬***

ਤੂੰ ਤਾਂ ਝੂਠੀ ਮਾਇਆ ਨੂੰ ਦੇਖ ਕੇ ਭੁੱਲ ਗਿਆ। ਸੋ

ਇਸ ਤਰ੍ਹਾਂ ਨਾਲ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇਹ ਪ੍ਰਭੂ ਦੇ ਹੁਕਮ ਵਿਚ ਮਾਇਆ ਨੇ ਸਾਰਾ ਜਗ ਭਰਮਾ ਕੇ ਇਕ ਤੋਂ ਅਨੇਕ ਰੂਪ ਵਿਚ ਦਿਖਾ ਦਿਤਾ।

ਆਪਣੇ ਪਿਛੇ ਲਾ ਲਿਆ ਤੇ ਰੱਬ ਦੇ ਪਿੱਛੋਂ ਹਟਾ ਦਿਤਾ ਤੇ ਐਸੀ ਮਾਇਆ ਹੈ ਕਿ ਹਰੇਕ ਨੂੰ ਭਰਮਾ ਲੈਂਦੀ ਹੈ।

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ ॥*
*ਬਿਨੁ ਨਾਵੈ ਜਗੁ ਕਮਲਾ ਫਿਰੈ*
*ਗੁਰਮੁਖਿ ਨਦਰੀ ਆਇਆ ॥* *ਅੰਗ - ੬੪੪*

ਮਹਾਰਾਜ ਜੀ ਦਾ ਫੁਰਮਾਨ ਹੈ ਕਿ ਬਗੈਰ ਨਾਮ ਤੋਂ ਸਾਰਾ ਸੰਸਾਰ ਜਿਹੜਾ ਹੈ mad ਤੁਰਿਆ ਫਿਰਦਾ ਹੈ, ਪਾਗਲ ਹੋਇਆ ਫਿਰਦਾ ਹੈ।

*ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥*
*ਮਨਮੁਖਿ ਅੰਧਾ ਸਬਦੁ ਨ ਜਾਣੈ*
*ਝੂਠੈ ਭਰਮਿ ਭੁਲਾਨਾ ॥* *ਅੰਗ - ੬੦੪*

ਮਹਾਰਾਜ ਨੇ ਐਸਾ ਵੀ ਲਿਖਿਆ ਹੈ ਇਸੇ ਸ਼ਬਦ ਦੇ ਅੰਦਰ ਕਿ ਸ਼ਬਦ ਜੇ ਅੰਦਰ ਨਹੀਂ ਪ੍ਰਗਟ ਹੋਇਆ ਕਹਿੰਦੇ ਹਲਕਿਆ ਹੋਇਆ ਜਗ ਹੈ। ਇਕ ਦੂਜੇ ਨੂੰ ਵੱਢ-ਵੱਢ ਖਾਂਦਾ ਹੈ, ਮਾਇਆ ਮੋਹਣੀ ਹੈ ਇਹ ਵੱਡਿਆਂ-ਵੱਡਿਆਂ ਨੂੰ ਮੋਹ ਲੈਂਦੀ ਹੈ। ਇਕ ਵਾਰੀ ਮਾਇਆ ਕਹਿਣ ਲੱਗੀ ਭਗਵਾਨ ਨੂੰ ਕਿ ਹੇ ਭਗਵਾਨ! ਤੂੰ ਜਗਤ ਦੀ ਉਤਪਤੀ ਕੀਤੀ ਤੇ ਮੈਨੂੰ ਵੀ ਤੂੰ ਪੈਦਾ ਕੀਤਾ। ਪਰ ਦੇਖ ਤੇਰੇ ਬੇਅੰਤ ਮੰਦਰ, ਮਸਜਿਦਾਂ, ਗੁਰਦੁਆਰੇ ਹੋਰ ਪ੍ਰਚਾਰ ਕਰਨ ਲਈ, ਦਿਨ ਰਾਤ ਘੰਟੇ ਖੜਕਦੇ ਨੇ। ਦਿਨ-ਰਾਤ ਉਚੀ-ਉਚੀ ਤੇਰੀ ਭਗਤੀ ਵਾਸਤੇ ਆਵਾਜ਼ਾਂ ਦਿੰਦੇ ਨੇ। ਪਰ ਤੇਰਾ ਤਾਂ ਭਗਤ ਕੋਈ ਵੀ ਨਹੀਂ ਬਣਦਾ, ਮੇਰਾ ਨਾ ਕਿਤੇ ਪ੍ਰਚਾਰ ਹੈ ਨਾ ਕਿਤੇ ਮੈਂ ਬੋਲਦੀ ਚਾਲਦੀ ਹਾਂ, ਪਰ ਮੈਂ ਵਿਚੇ ਵਿਚ ਮੋਹ ਲੈਂਦੀ ਹਾਂ, ਮੇਰਾ ਪਿੱਛਾ ਨਹੀਂ ਕੋਈ ਛੱਡਦਾ, ਮੇਰੇ ਸਾਰੇ ਭਗਤ ਨੇ। ਭਗਵਾਨ ਕਹਿਣ ਲੱਗੇ, ਨਹੀਂ, ਭਗਤ ਤਾਂ ਮੇਰੇ ਵੀ ਨੇ। ਉਹ ਕਹਿਣ ਲੱਗੀ, ਨਾ ਤੇਰੇ ਕੋਈ ਭਗਤ ਨਹੀਂ, ਮੈਨੂੰ ਦੱਸ ਜੋ ਧੱਕੇ ਨਾ ਖੁਲਾਏ। ਉਹ ਕਹਿਣ ਲੱਗੀ ਕਿ ਫਲਾਣੇ ਥਾਂ ਇਕ ਸੇਠ ਹੈ ਉਹ ਬਹੁਤ ਚੰਗਾ ਹੈ।

ਕਹਿੰਦੀ, ਚੱਲ ਸੇਠ ਦੇ ਕੋਲ। ਪਹਿਲਾਂ ਤੁਸੀਂ ਚੱਲੋ, ਫੇਰ ਮੈਂ ਚੱਲਾਂਗੀ ਜੇ ਨਾ ਧੱਕੇ ਪੁਆਏ ਤਾਂ ਮੇਰਾ ਨਾਉਂ ਕੁਛ ਹੋਰ ਰੱਖ ਦਿਓ। ਸੋ ਇਹ ਬਿਰਧ ਦਾ ਰੂਪ ਧਾਰ ਕੇ ਭਗਵਾਨ ਆ ਗਏ। ਉਹਦਾ ਕੀ ਕੰਮ ਸੀ ਸਰਾਏਂ ਬਣਾਈ ਹੋਈ ਸੀ, ਆਇਆਂ ਗਿਆਂ ਨੂੰ ਵਸਤਰ ਵੀ ਦੇਣੇ, ਅੰਨ ਵੀ ਦੇਣਾ ਤੇ ਹੋਰ ਖਰਚ ਵੀ ਦੇਣਾ, ਸੇਵਾ ਕਰਨੀ, ਬੜੀ ਮਸ਼ਹੂਰੀ ਹੋ ਗਈ, ਸਾਧੂ ਸੰਤ ਸਾਰੇ ਉਹਦੀ ਪ੍ਰਸੰਸਾ ਕਰਦੇ ਸੀ ਕਿ ਐਸਾ ਸੇਠ ਹੈ, ਬੜਾ ਹੀ ਉਹ ਸਾਧੂ ਸੇਵੀ ਹੈ, ਸੰਤਾਂ ਦੀ ਸੇਵਾ ਕਰਦਾ ਹੈ ਤੇ ਉਥੇ ਆ ਕੇ ਆਪ ਬਾਹਰ ਬੈਠੇ ਨੇ ਤੇ ਸੇਠ ਨੇ ਦੇਖ ਲਿਆ ਕਿ ਕੋਈ ਬਜ਼ੁਰਗ ਮਹਾਤਮਾ ਬੈਠੇ ਨੇ। ਆਪ ਗਿਆ ਤੇ ਹੱਥ ਬੰਨ੍ਹ ਕੇ ਖੜ੍ਹਾ ਹੋ ਗਿਆ ਕਿ ਮਹਾਰਾਜ ਕੋਈ ਸੇਵਾ ਦੱਸੋ। ਦਾਸ ਨੇ ਤਾਂ ਆਪਣਾ ਸਾਰਾ ਤਨ, ਮਨ, ਧਨ ਸੇਵਾ ਲਈ ਬਣਾਇਆ ਹੈ। ਕਹਿੰਦੇ, ਪ੍ਰੇਮੀਆ! ਸੇਵਾ ਅਸੀਂ ਬਹੁਤੀ ਵੱਡੀ ਤਾਂ ਨਹੀਂ ਲੈਣੀ ਪਰ ਕੁਛ ਦਿਨ ਅਸੀਂ ਕੱਟਣੇ ਨੇ, ਚਾਲੀ ਦਿਨ ਤੇ ਇਕ ਜਾਪ ਕਰਨਾ ਹੈ, ਪਰ ਸ਼ਰਤ ਇਹ ਹੈ ਕਿ ਜਿਥੇ ਬਿਠਾ ਦਏਂਗਾ ਉਥੋਂ ਅਸੀਂ ਚਾਲੀ ਦਿਨ ਨਹੀਂ ਹਿੱਲਣਾ। ਉਹ ਕਹਿੰਦਾ ਮਹਾਰਾਜ! ਆਹ ਬੇਅੰਤ ਕਮਰੇ ਨੇ, ਤੁਸੀਂ ਜਿਹੜਾ ਪਸੰਦ ਕਰ ਲਓਂਗੇ ਉਥੇ ਹੀ ਮੈਂ ਤੁਹਾਡਾ ਆਸਣ ਲਵਾ ਦੇਵੇਂਗਾ। ਕਹਿੰਦਾ, ਨਾ ਆਸਣ ਸਾਡਾ ਉਥੇ ਲਵਾਈ ਜਿਥੇ ਤੂੰ ਕੱਢੇ ਨਾ ਸਾਨੂੰ। ਕਹਿੰਦਾ, ਮੈਂ ਕਿਉਂ ਕੱਢਣਾ ਹੈ ਮਹਾਰਾਜ? ਕਹਿੰਦੇ, ਚੰਗਾ ਦਿਖਾ। ਜਦੋਂ ਦੇਖਦੇ-ਦੇਖਦੇ ਗਿਆ ਤਾਂ ਜਿਥੇ ਕੋਲੇ ਪਏ ਸੀ ਪ੍ਰਸਾਦੇ ਲਾਹੁੰਣ ਵਾਲੇ, ਲੱਕੜੀਆਂ ਪਈਆਂ ਸੀ, ਉਨ੍ਹਾਂ ਨੇ ਕਿਹਾ ਕਿ ਇਥੋਂ ਨਹੀਂ ਕੋਈ ਉਠਾ ਸਕਦਾ, ਕਹਿੰਦੇ ਲੈ ਆਹ ਕਮਰਾ ਖਾਲੀ ਕਰਾ ਦੇ ਸਾਨੂੰ। ਕਹਿੰਦਾ, ਮਹਾਰਾਜ! ਇਹ ਤਾਂ ਮੈਨੂੰ ਬੜਾ ਪਾਪ ਲੱਗੇਗਾ, ਤੁਸੀਂ ਮਹਾਤਮਾ ਮੇਰੇ ਕੋਲ ਆਏ ਓਂ, ਮੈਂ ਐਨਾ ਗੰਦਾ ਕਮਰਾ ਤੁਹਾਨੂੰ ਦੇਵਾਂ। ਕਹਿੰਦੇ ਨਾ ਸਾਨੂੰ ਆਹੀ ਠੀਕ ਹੈ। ਕਮਰਾ ਖਾਲੀ ਹੋ ਗਿਆ ਕਹਿੰਦੇ ਦੇਖ, ਅਸੀਂ ਹੁਣ ਦਰਵਾਜ਼ਾ ਬੰਦ ਕਰ ਲੈਣਾ ਹੈ ਤੇ ਚਾਲੀ ਦਿਨਾਂ ਬਾਅਦ ਖੋਲ੍ਹਣਾ ਹੈ, ਸਾਡਾ ਦਰਵਾਜ਼ਾ ਨਾ ਖੁਲ੍ਹਾਈਂ। ਉਸ ਤੋਂ ਬਾਅਦ ਉਹ ਤਾਂ ਉਥੇ ਬੈਠ ਗਏ, ਹੁਣ ਏਧਰਲੇ ਪਾਸੇ ਮਾਇਆ ਨੇ ਰੂਪ ਬਣਾਇਆ। ਇਕ ਰਾਣੀ ਦਾ ਬਣਾ ਲਿਆ, ਗੋਲੀਆਂ ਲੈ ਲਈਆਂ ਬਹੁਤ ਸਾਰੀਆਂ ਨਾਲ ਤੇ ਸੇਠ ਦੀ ਜਿਥੇ ਕੋਠੀ ਸੀ, ਸਰਾਏਂ ਸੀ ਉਹਦੇ ਸਾਮ੍ਹਣੇ ਆ ਕੇ ਉਹਨੇ ਇਕ ਟੈਂਟ ਲਾ ਲਿਆ ਰੇਸ਼ਮ ਦਾ। ਕਮਾਲ ਦਾ, ਸੇਠ ਦੇਖੀ ਜਾਂਦਾ ਹੈ ਕਿ ਕੋਈ ਐਡਾ ਅਮੀਰ ਆਇਆ ਹੈ ਕਿ ਐਡੇ ਕੀਮਤੀ ਕਪੜਿਆਂ ਦੇ ਟੈਂਟ ਲੱਗ ਰਹੇ ਨੇ। ਹੇਠਾਂ ਬੜੇ ਗਲੀਚੇ ਵਿਛਣੇ ਸ਼ੁਰੂ ਹੋ ਗਏ। ਸਮਾਨ ਦੇਖਿਆ ਤਾਂ ਹੈਰਾਨ ਹੀ ਰਹਿ ਗਿਆ ਕਿ ਐਨਾ ਸੋਹਣਾ ਸਮਾਨ। ਉਸ ਵੇਲੇ ਸੇਠ ਗਿਆ ਜਾ ਕੇ ਪੁੱਛਿਆ ਕਿ ਕੌਣ ਹੈਂ। ਤਾਂ ਪਤਾ ਲੱਗਿਆ ਕਿ ਮਹਾਰਾਣੀ ਹੈ। ਕਹਿਣ ਲੱਗਿਆ, ਮਹਾਰਾਣੀ ਸਾਹਿਬ! ਸਾਨੂੰ ਕੋਈ ਜਲ ਪਾਣੀ ਦੀ ਸੇਵਾ ਦੱਸੋ। ਕਹਿੰਦੀ, ਅੱਛਾ ਭਗਤਾ! ਐਉਂ ਕਰ ਆਹ-ਆਹ ਚੀਜ਼ਾਂ ਲਿਆ ਸਾਡੇ ਵਾਸਤੇ। ਕੂੰਡਾ ਲਿਆ, ਸੋਟਾ ਲਿਆ, ਬਰਤਨ ਲਿਆ। ਸਾਰੇ ਮੰਗਾ ਲਏ। ਉਹਦੇ ਬਾਅਦ ਸ਼ਰਦਾਈ ਰਗੜੀ, ਪੀ ਲਈ ਤੇ ਸੇਠ ਨੂੰ ਵੀ ਪਿਲਾ ਦਿਤੀ। ਸੇਠ ਹੈਰਾਨ ਹੁੰਦਾ ਹੈ ਕਿ ਇਥੇ ਤਾਂ ਸਾਰੇ ਹੀ ਬਰਤਨ ਸੋਨੇ ਦੇ ਨੇ ਤੇ ਇਨ੍ਹਾਂ 'ਚ ਹੀਰੇ ਜੜ੍ਹੇ ਹੋਏ ਨੇ। ਜਿਹੜੇ ਭਾਂਡੇ ਨੇ ਉਨ੍ਹਾਂ ਵਿਚ ਵੀ ਹੀਰੇ ਜੜ੍ਹੇ ਹੋਏ ਨੇ। ਇਹ ਤਾਂ ਬਹੁਤ ਕੋਈ ਅਮੀਰ ਹੈ। ਉਹ ਕਹਿਣ ਲੱਗੀ ਕਿ ਕਿਸੇ ਨੌਕਰ ਨੂੰ ਬੁਲਾਓ। ਕਹਿੰਦੇ, ਦੱਸੋ? ਮਹਾਰਾਣੀ ਸਾਹਿਬ ਕੰਮ ਕੀ ਹੈ? ਕਹਿਣ ਲੱਗੀ, ਆਹ ਜਿਹੜੇ ਬਰਤਨ ਜੂਠੇ ਹੋਏ ਨੇ ਨਾ ਇਨ੍ਹਾਂ ਨੂੰ ਕਿਤੇ ਰੂੜੀਆਂ ਵਗੈਰਾ ਤੇ, ਕਿਸੇ ਗੰਦੇ ਥਾਉਂ ਸੁੱਟ ਦਿਓ ਅਸੀਂ ਮਾਂਜੇ ਨਹੀਂ ਕਦੇ। ਨਵੇਂ ਲੈਂਦੇ ਹੁੰਦੇ ਹਾਂ, ਆਹ ਕੂੰਡਾ ਵੀ ਸੁੱਟ ਦਿਓ। ਸੇਠ ਦੇਖਦਾ ਹੈ ਕਿ ਆਹ ਕੂੰਡਾ ਤਾਂ ਕਈ

ਸੇਰ ਦਾ ਸੋਨੇ ਦਾ ਹੈ। ਭਾਂਡੇ ਵੀ ਸਾਰੇ ਸੋਨੇ ਦੇ ਨੇ, ਹੀਰੇ ਲੱਗੇ ਹੋਏ ਨੇ। ਕਹਿੰਦਾ ਜੀ, ਮਹਾਰਾਜ! ਆਹ ਸੇਵਾ ਮੈਂ ਹੀ ਕਰਾਂਗਾ। ਟੋਕਰਾ ਭਰ ਲਿਆ, ਘਰ ਲੈ ਕੇ ਆ ਗਿਆ, ਕਹਿੰਦਾ ਮੌਜਾਂ ਹੀ ਬਣ ਗਈਆਂ, ਜੇ ਕਿਤੇ ਅੱਠ ਦੱਸ ਦਿਨ ਰਹਿ ਜਾਏ ਨਾ ਆਪਣੀਆਂ ਤਾਂ ਪੁਸ਼ਤਾਂ ਦੀਆਂ ਰੋਟੀਆਂ ਬਣ ਜਾਣ। ਉਸ ਵੇਲੇ ਮੁੰਡੇ ਵੀ ਆ ਗਏ, ਕਹਿਣ ਲੱਗੇ, ਮਹਾਰਾਣੀ ਸਾਹਿਬ! ਤੁਸੀਂ ਬਾਹਰ ਨਾ ਬੈਠੋ, ਸਾਡੇ ਆਹ ਦੇਖੋ ਕਿੰਨੇ ਕਮਰੇ ਬਣਾਏ ਨੇ, ਇਨ੍ਹਾਂ 'ਚ ਤੁਸੀਂ ਨਿਵਾਸ ਕਰੋ। ਕਹਿਣ ਲੱਗੀ, ਭਗਤਾ! ਇਥੇ ਕੋਈ ਬੰਦਾ ਨਾ ਹੋਵੇ। ਕਹਿੰਦਾ ਨਾ ਇਥੇ ਕੋਈ ਬੰਦਾ ਨਹੀਂ ਹੈ। ਉਹ ਆਪ ਦੇਖਣ ਲੱਗ ਗਈ ਕਮਰੇ, ਦੇਖਦੀ-ਦੇਖਦੀ ਜਦੋਂ ਉਥੇ ਆਈ ਕੋਲਿਆਂ ਵਾਲੀ ਕੋਠੜੀ 'ਚ, ਕਹਿੰਦੀ ਆਹ ਬੰਦ ਹੈ? ਇਨ੍ਹਾਂ ਨੇ ਕਿਹਾ ਇਥੇ ਤਾਂ ਇਕ ਬੁੜਾ ਜਿਹਾ ਸਾਧ ਬੈਠਾ ਹੈ, ਐਵੇਂ ਹੀ ਮਾੜਾ ਜਿਹਾ। ਕਹਿੰਦੀ ਕਿ ਅਸੀਂ ਤਾਂ ਇਸਤ੍ਰੀਆਂ ਹਾਂ ਸਾਰੀਆਂ, ਇਹਨੂੰ ਬਾਹਰ ਕੱਢੋ। ਉਹ ਕਹਿੰਦੇ ਕਿ ਇਹ ਤਾਂ ਬਹੁਤ ਬੁੜ੍ਹਾ ਹੈ, ਕਹਿੰਦੀ ਕਿ ਨਾ ਤਾਂ ਫੇਰ ਅਸੀਂ ਜਾਂਦੀਆਂ ਹਾਂ। ਐਨੇ ਨੂੰ ਮੁੰਡੇ ਕਹਿਣ ਲੱਗੇ ਕਿ ਬਾਬਾ! ਦਰਵਾਜ਼ਾ ਖੋਲ੍ਹ। ਪਹਿਲਾਂ ਤਾਂ ਉਹ ਬੋਲਿਆ ਹੀ ਨਾ। ਜਦੋਂ ਦਰਵਾਜ਼ੇ ਤੋੜਨ ਲੱਗੇ, ਕਹਿੰਦਾ ਕਿਉਂ ਦਰਵਾਜ਼ਾ ਖੁਲਵਾਉਂਦੇ ਓਂ? ਕਹਿੰਦੇ ਇਹ ਚਾਹੀਦਾ ਹੈ, ਕਿਤੇ ਤੈਨੂੰ ਹੋਰ ਕਮਰਾ ਦੇ ਦਿੰਦੇ ਹਾਂ। ਕਿਤੇ ਹੋਰ ਤੈਨੂੰ ਕਮਰਾ ਦੇ ਦਿੰਦੇ ਹਾਂ, ਤੂੰ ਇਹ ਛੱਡ ਦੇ। ਕਹਿੰਦਾ, ਮੈਂ ਤਾਂ ਪਹਿਲਾਂ ਕਿਹਾ ਹੈ ਕਿ ਮੈਂ ਨਹੀਂ ਕਮਰਾ ਛੱਡਣਾ। ਸੇਠ ਕਹਿਣ ਲੱਗਿਆ ਕਿ ਤੂੰ ਇਹ ਆਪਣਾ ਹੀ ਕਮਰਾ ਕਰ ਲਿਆ। ਕਹਿੰਦਾ, ਸੇਠ ਜੀ! ਆਪਣਾ ਬਚਨ ਯਾਦ ਕਰ, ਤੂੰ ਕਿਹਾ ਸੀ ਕਿ ਚਾਲੀ ਦਿਨ ਨਹੀਂ ਛੁਡਾਵਾਂਗਾ। ਕਹਿੰਦਾ, ਉਹ ਗੱਲ ਜਾਣ ਦੇ ਚਾਲੀ ਦਿਨ ਵਾਲੀ, ਤੈਨੂੰ ਕੋਈ ਹੋਰ ਕਮਰਾ ਦੇ ਦਿੰਦੇ ਹਾਂ ਆਹ ਛੱਡ ਦੇ। ਅਖੀਰ ਜਦੋਂ ਨਾ ਨਿਕਲਿਆ, ਦਰਵਾਜ਼ੇ ਤੋੜ ਲਏ, ਮੁੰਡਿਆਂ ਨੇ ਇਕ ਨੇ ਐਧਰਲਾ ਮੋਢਾ ਫੜ ਲਿਆ, ਇਕ ਨੇ ਐਧਰੋਂ ਫੜ ਲਿਆ। ਲੱਤਾਂ ਅੜਾਉਂਦਾ ਹੈ, ਪਿਛੋਂ ਸੇਠ ਧੱਕਦਾ ਹੈ, ਧੱਕੀਂ ਲਈ ਜਾਂਦੇ ਨੇ, ਬਾਹਰ ਲਿਜਾ ਕੇ ਕੱਢ ਕੇ ਧੱਕਾ ਮਾਰਿਆ ਕਹਿੰਦੇ, ਨੱਠ ਐਥੋਂ। ਐਨੇ ਨੂੰ ਸੇਠ ਮੁੜ ਕੇ ਕੀ ਦੇਖਦਾ ਹੈ, ਨਾ ਉਥੇ ਕੋਈ ਰਾਣੀ ਨਾ ਕੋਈ ਚੀਜ਼, ਘਰੋਂ ਰੋਂਦਾ-ਰੋਂਦਾ ਕੋਈ ਆ ਰਿਹਾ ਹੈ ਕਿ ਕਹਿੰਦੇ ਕੀ ਹੋ ਗਿਆ? ਕਹਿੰਦੇ, ਜਿੰਨੇ ਗਹਿਣੇ ਸੀ ਸਾਰੇ ਪਤਾ ਨਹੀਂ ਹਵਾ 'ਚ ਉਡ ਗਏ, ਕੋਈ ਹੈ ਹੀ ਨਹੀਂ। ਜਿੰਨੇ ਕੁੰਡੇ ਵਗੈਰਾ ਸੋਨੇ ਦੇ ਸੀ। ਮਾਇਆ ਕਹਿਣ ਲੱਗੀ ਕਿ ਭਗਵਾਨ ਦੇਖਿਆ ਮੇਰਾ ਭਗਤ। ਤੂੰ ਕਹਿੰਦਾ ਹੈਂ ਇਹ ਮੇਰੇ ਭਗਤ ਨੇ, ਇਹ ਸਭ ਮੇਰੇ ਨੇ ਅੰਦਰੋਂ, ਤੇਰੇ ਉਤੋਂ-ਉਤੋਂ ਨੇ। ਨਾਲੇ ਮੇਰਾ ਪ੍ਰਚਾਰ ਨਹੀਂ, ਨਾਲੇ ਮੇਰੇ ਦੇਖ ਲੈ ਕਿੰਨੇ ਸੇਵਕ ਨੇ। ਮਰਵਾਏ ਨਾ ਦੇਖ ਤੈਨੂੰ ਧੱਕੇ। ਕਹਿੰਦਾ, ਚੰਗਾ। ਮੇਰੇ ਭਗਤ ਨਾਲ ਨਹੀਂ ਤੇਰਾ ਵਾਸਤਾ ਪਿਆ ਤੇ ਉਸ ਵੇਲੇ ਕਹਿਣ ਲੱਗੀ ਕਿ ਹੈ ਵੀ ਤੇਰਾ ਕੋਈ ਭਗਤ? ਕਹਿੰਦੇ ਹਾਂ, ਚੱਲ ਤੈਨੂੰ ਆਪਣਾ ਅਸਲੀ ਭਗਤ ਦਿਖਾਵਾਂ।

ਕਾਸ਼ੀ ਲੈ ਗਏ ਕਬੀਰ ਸਾਹਿਬ ਕੋਲ। ਕਹਿੰਦੀ ਚੰਗਾ, ਪਹਿਲਾਂ ਤੂੰ ਜਾਹ, ਪਿਛੋਂ ਮੈਂ ਜਾਵਾਂਗੀ। ਇਹ ਚਲਿਆ ਗਿਆ, ਇਹਨੇ ਜਾ ਕੇ ਉਥੇ ਉਲਝਿਆ ਹੋਇਆ ਤਾਣਾ ਦੇ ਦਿਤਾ। ਕਹਿਣ ਲੱਗਿਆ, ਭਗਤ ਜੀ! ਮੈਨੂੰ ਬਹੁਤ ਜ਼ਰੂਰੀ ਚਾਹੀਦਾ ਹੈ ਅੱਜ ਇਹ ਕੱਪੜਾ। ਕ੍ਰਿਪਾ ਕਰੋ, ਪੈਸਾ ਮੇਰੇ ਕੋਲ ਕੋਈ ਹੈ ਨਹੀਂ ਕੋਈ ਵੀ ਤੇ ਮੇਰਾ ਇਸ ਤਾਣੇ ਦਾ ਕੱਪੜਾ ਬਣਾ ਦਿਓ। ਕਹਿੰਦੇ, ਕੋਈ ਨਾ ਬਾਬਾ, ਕੱਪੜਾ ਬਣਾ ਦੇਵੇਂਗਾ, ਮਿਹਨਤ ਕਰਨੀ ਪਏਗੀ, ਮੇਹਨਤ ਅਸੀਂ ਕਰ ਲਵਾਂਗੇ। ਬਾਲ-ਬੱਚੇ ਸਾਰੇ ਲਾ ਲਏ ਲਾ ਕੇ ਤਾਣੇ ਨੂੰ ਸੁਲਝਾਈ ਜਾਂਦੇ ਨੇ। ਅਖੀਰ ਤਾਣਾ ਤਣ ਲਿਆ। ਨਲੀ ਪਾਉਣੀ ਸ਼ੁਰੂ ਕਰ ਦਿਤੀ, ਥੋੜ੍ਹਾ ਜਿਹਾ ਉਹਨੂੰ ਠੋਕ ਲਿਆ ਉਹਦੇ ਨਾਲ, ਤੇ ਫੇਰ ਕੱਪੜਾ ਬੁਣਨਾ ਸ਼ੁਰੂ ਕਰ ਦਿਤਾ। ਐਨੇ ਨੂੰ ਮਾਇਆ ਆ ਗਈ, ਮਾਇਆ ਨੇ ਆ ਕੇ ਰੇਸ਼ਮ ਦਾ ਤਾਣਾ ਦਿਤਾ ਕਹਿਣ ਲੱਗੀ, ਭਗਤ ਜੀ! ਆਹ ਮੇਰਾ ਰੇਸ਼ਮ ਦਾ ਤਾਣਾ ਹੈ ਤੇ ਮੂੰਹ ਮੰਗਿਆ ਤੁਹਾਨੂੰ ਪੈਸਾ ਦੇਵਾਂਗੀ। ਨਾਲ ਆਹ ਐਡਵਾਂਸ ਦਿੰਦੀ ਹੈ, ਇਹਦਾ ਤਾਂ ਹੈਗਾ ਫਾਲਤੂ ਹੀ, ਪਰ ਅੱਜ ਤੁਸੀਂ ਮੇਰਾ ਬਣਾ ਦਿਓ। ਉਹ ਕਹਿੰਦੇ, ਬੀਬੀ ਅੱਜ ਤਾਂ ਤਾਣਾ ਤਣਿਆ ਹੋਇਆ ਹੈ, ਇਹ ਤਾਂ ਅਸੀਂ ਨਹੀਂ ਲਾਹੁੰਣਾ। ਕਹਿੰਦੀ, ਨਾ ਹੋਰ ਪੈਸੇ ਲੈ ਲਓ ਜਿੰਨੇ ਲੈਣੇ ਨੇ। ਹੋਰ ਪੈਸੇ ਦਿਖਾਏ, ਸੋਨਾ ਦਿਖਾਇਆ। ਅੰਤਰ ਧਿਆਨ ਹੋ ਗਏ ਕਬੀਰ ਸਾਹਿਬ ਕਿ ਐਹੋ ਜਿਹਾ ਗਾਹਕ ਤਾਂ ਅੱਜ ਤੱਕ ਆਇਆ ਨਹੀਂ ਕਦੇ। ਦੇਖਿਆ ਕਿ ਮਾਇਆ ਨਟਣੀ ਹੈ। ਇਹ ਛਲ ਕਰਨ ਆਈ ਹੈ। ਕਹਿੰਦੇ, ਬੇਟਾ ਕਮਾਲਾ, ਛੁਰੀ ਲੈ ਕੇ ਆ, ਛੁਰੀ ਲਿਆਏ, ਤੇਜ਼ ਕਰਨ ਲੱਗ ਗਏ, ਮਾਇਆ ਨੇ ਕਿਹਾ ਕਿ ਹੁਣ ਤਾਂ ਬਣ ਗਿਆ ਕੰਮ ਤੇ ਲੱਗਿਆ ਤਾਣਾ ਕੱਟਣ ਇਹਦਾ। ਕਬੀਰ ਸਾਹਿਬ ਕੁੰਬਲ 'ਚੋਂ ਨਿਕਲ ਆਏ, ਨਿਕਲ ਕੇ ਇਕ ਦਮ ਝਟਕਾ ਮਾਰ ਕੇ ਫੜ ਲਈ ਉਹ। ਕੰਨ ਵੀ ਕੱਟ ਦਿਤਾ ਤੇ ਨੱਕ ਵੀ ਕੱਟ ਦਿਤਾ। ਰੋਂਦੀ ਜਾਂਦੀ ਹੈ ਕਹਿੰਦੇ ਜਾਹ ਨੱਠ ਜਾਹ -

*ਨਾਕਹੁ ਕਾਟੀ ਕਾਨਹੁ ਕਾਟੀ*
*ਕਾਟਿ ਕੂਟਿ ਕੈ ਡਾਰੀ ॥*
*ਕਹੁ ਕਬੀਰ ਸੰਤਨ ਕੀ ਬੈਰਨਿ*
*ਤੀਨਿ ਲੋਕ ਕੀ ਪਿਆਰੀ ॥* *ਅੰਗ - ੪੭੬*

ਜਾਹ ਤਿੰਨਾਂ ਲੋਕਾਂ 'ਚ ਖੇਲ੍ਹ ਤੂੰ ਭਗਤਾਂ ਨਾਲ ਤੇਰਾ ਕੋਈ ਤੁਅਲਕ ਨਹੀਂ। ਸੋ ਭਗਵਾਨ ਕਹਿਣ ਲੱਗੇ ਕਿ ਦੇਖਿਆ ਸੁਆਦ ਤੂੰ ਤਾਂ ਮੈਨੂੰ ਧੱਕੇ ਹੀ ਪੁਆਏ ਨੇ ਤੇ ਮੈਂ ਫੇਰ ਤੇਰਾ ਨੱਕ ਵੀ ਕਟਾ ਦਿਤਾ ਤੇਰਾ ਕੰਨ ਵੀ ਕਟਾ ਦਿਤਾ।

ਸੋ ਮਹਾਰਾਜ ਕਹਿੰਦੇ, ਮਾਇਆ ਹੈ ਨਾ ਜਿਹੜੀ -

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥ ਅੰਗ - ੬੪੪*

ਇਹਨੇ ਬਗੈਰ ਦੰਦਾਂ ਤੋਂ ਸਾਰੇ ਸੰਸਾਰ ਨੂੰ ਖਾ ਲਿਆ। ਇਹਨੇ ਬੇਹੋਸ਼ ਕਰ ਦਿਤਾ ਸਾਰਾ ਸੰਸਾਰ।

*ਮਾਇਆ ਹੋਈ ਨਾਗਨੀ*
*ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ*

*ਤਿਸ ਹੀ ਕਉ ਫਿਰਿ ਖਾਇ ॥*      *ਅੰਗ - ੫੧੦*

ਬਾਕੀ ਸਾਰੇ ਸੰਸਾਰ ਨੂੰ ਏਸ ਮਾਇਆ ਰੂਪੀ ਨਾਗਣੀ ਨੇ ਭੁੱਲ ਨੇ, ਅਵਿਦਿਆ ਨੇ, egonorance ਨੇ ਖਾ ਲਿਆ ਤੇ ਪ੍ਰਮੇਸ਼ਰ ਕੋਲ ਹੁੰਦਾ ਨਹੀਂ ਦਿੱਸਣ ਦਿੰਦੀ। ਇਹ ਸਿਰਫ ਜਿਨ੍ਹਾਂ ਦੀ ਲਿਵ ਲੱਗੀ ਹੋਈ ਹੈ ਪ੍ਰਮੇਸ਼ਰ ਦੇ ਨਾਮ ਨਾਲ। ਚੌਵੀ ਘੰਟੇ ਜਿਹੜੇ ਪ੍ਰਮੇਸ਼ਰ ਨੂੰ ਯਾਦ ਰੱਖਦੇ ਨੇ, ਮਹਾਰਾਜ ਕਹਿੰਦੇ ਉਹ ਗਾਰੜੂ ਨੇ, ਉਨ੍ਹਾਂ ਕੋਲ ਮੰਤਰ ਹੈ ਵਾਹਿਗੁਰੂ ਮੰਤਰ। ਉਹਦੇ ਨਾਲ ਇਹ ਮਾਇਆ ਨਹੀਂ ਚੜ੍ਹਦੀ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*

*ਅੰਗ - ੫੩੮*

ਇਹ ਬਿਹੁ ਨੂੰ ਲਾਹੁਣ ਵਾਲਾ ਮੰਤਰ ਹੈ। ਇਕ ਵਾਰੀ ਕਬੀਰ ਸਾਹਿਬ, ਸੰਪਰਦਾਈ ਮਹਾਂਪੁਰਸ਼ ਦੱਸਦੇ ਨੇ ਤੇ ਕਬੀਰ ਸਾਹਿਬ ਦੇ ਕੋਲ ਇਕ ਕੌਤਕ ਵਰਤਿਆ, ਬਹੁਤ ਸਾਰੇ ਮਹਾਤਮਾ ਮਾਇਆ ਦੀ ਗੱਲ ਕਰ ਰਹੇ ਨੇ ਤੇ ਕਬੀਰ ਸਾਹਿਬ ਕਹਿੰਦੇ ਇਹ ਮਾਇਆ ਜਿਹੜੀ ਹੈ ਬਹੁਤ ਔਖੀ ਹੈ ਕੋਈ ਵਿਰਲਾ ਤਰਦਾ ਹੈ, ਸਾਰੇ ਨਹੀਂ ਇਹਦੇ 'ਚ ਤਰ ਸਕਦੇ। ਐਨੇ ਨੂੰ ਦੇਖਦੇ-ਦੇਖਦੇ ਕੀ ਹੋਇਆ ਇਕ ਗਰੀਬ ਬੀਬੀ ਆ ਗਈ, ਪਾਟੇ ਹੋਏ ਕੱਪੜੇ ਨੇ ਤੇ ਭਗਤ ਜੀ ਦੇ ਕੋਲ ਆਈ, ਭਗਤ ਜੀ ਨੇ ਬੜੇ ਪਿਆਰ ਦੇ ਨਾਲ ਓਸ ਨੂੰ ਬਿਠਾਲ ਲਿਆ ਕਹਿੰਦੇ ਬੀਬੀ! ਐਥੇ ਬਹਿ ਜਾ। ਜਲ ਪਾਣੀ ਦੀ ਸੇਵਾ ਦੱਸ। ਹੋਰ ਕੋਈ ਸੇਵਾ ਦੱਸ? ਕਹਿਣ ਲੱਗੀ, ਭਗਤ ਜੀ! ਮੈਂ ਤਾਣਾ ਬਣਵਾਉਣਾ ਹੈ, ਪੈਸੇ ਮੇਰੇ ਕੋਲ ਹੈ ਨਹੀਂ, ਮੈਂ ਹੌਲੀ-ਹੌਲੀ ਦੇਵਾਂਗੀ, ਕਿਸ਼ਤਾਂ ਨਾਲ। ਕਹਿੰਦੇ ਬੀਬੀ! ਤੂੰ ਤਾਣਾ ਬੁਣਵਾ ਲੈ, ਪੈਸੇ ਹੋਣਗੇ ਦੇ ਦੇਈਂ ਨਹੀਂ ਹੋਣਗੇ ਰਾਮ ਲੇਖੇ ਪਾ ਦੇਈਂ। ਕੋਈ ਗੱਲ ਨਹੀਂ। ਸੋ ਤਾਣਾ ਲੈ ਲਿਆ। ਉਹ ਚਲੀ ਗਈ, ਉਸ ਤੋਂ ਬਾਅਦ ਮਹਾਤਮਾ ਬੈਠੇ ਨੇ ਅਜੇ ਤੇ ਇਕ ਬੀਬੀ ਆਈ ਬਹੁਤ ਵਧੀਆ ਕੱਪੜੇ, ਗਹਿਣੇ ਪਾਏ ਹੋਏ ਬਹੁਤ ਐਉਂ ਲੱਗੇ ਕਿ ਅਰਬਾਂ ਪਤੀ ਹੈ ਇਹ ਤੇ ਜਿਸ ਵਕਤ ਕਬੀਰ ਸਾਹਿਬ ਕੋਲ ਆਉਣ ਲੱਗੀ, ਦੂਰੋਂ ਹੀ ਉਨ੍ਹਾਂ ਨੇ ਦਬਕਾ ਮਾਰਿਆ ਕਿ ਖਬਰਦਾਰ ਜੇ ਪੈਰ ਅੰਦਰ ਰੱਖਿਆ। ਨੱਠ ਇਥੋਂ ਤੇ ਉਠ ਕੇ ਆਪ ਵੀ ਪਿੱਛੇ ਦੌੜ ਪਏ, ਉਹ ਦੌੜੀ ਜਾਂਦੀ ਹੈ। ਸੰਤਾਂ ਨੇ ਕਿਹਾ ਕਿ ਆਹ ਕੀ ਗੱਲ ਹੋਈ। ਕਹਿੰਦੇ ਭਗਤ ਜੀ ਠਹਿਰੋ, ਕਹਿਣ ਲੱਗੇ ਇਹ ਕੀ ਗੱਲ? ਉਹ ਪਾਟੇ ਕਪੜਿਆਂ ਵਾਲੀ ਬੀਬੀ ਆਈ ਹੈ, ਮੈਲੇ ਕੱਪੜੇ ਨੇ, ਬੋਲ ਨਹੀਂ ਹੁੰਦਾ ਸੀ ਵਿਚਾਰੀ ਤੋਂ, ਉਹਨੂੰ ਤਾਂ ਤੁਸੀਂ ਐਨਾ ਆਦਰ ਦਿੰਦੇ ਓਂ। ਇਹ ਕੋਈ ਅਮੀਰ ਔਰਤ ਆਈ ਹੈ ਤੁਸੀਂ ਇਹਨੂੰ ਨਠਾਉਂਦੇ ਓਂ? ਕਹਿੰਦੇ, ਸੰਤੋ! ਔਰਤ ਨਹੀਂ ਇਹ ਤਾਂ ਛਲ ਕਰਨ ਆਈ ਹੈ ਮਾਇਆ ਹੈ। ਕਹਿੰਦੇ, ਬੁਲਾਓ ਤਾਂ ਸਹੀ, ਦੋ ਗੱਲਾਂ ਕਰੀਏ ਇਹਦੇ ਨਾਲ। ਉਸ ਵੇਲੇ ਕਬੀਰ ਸਾਹਿਬ ਨੇ ਇਕ ਸਾਧੂ ਨੂੰ ਕਿਹਾ ਕਿ ਆਵਾਜ਼ ਦੇਹ, ਆਵਾਜ਼ ਦਿਤੀ ਆ ਗਈ, ਉਹਨੇ ਕਿਹਾ ਧੰਨਭਾਗ। ਅੱਜ ਮੈਨੂੰ ਮੌਕਾ ਮਿਲ ਗਿਆ।

ਕਹਿਣ ਲੱਗੇ, ਭਗਤ ਜੀ! ਕੋਈ ਕੌਤਕ ਦਿਖਾਓ ਮਾਇਆ ਦਾ। ਕਹਿੰਦੇ, ਕਿਉਂ ਬਈ ਤੂੰ ਕੋਈ ਕੌਤਕ ਦਿਖਾਏਂਗੀ ਸੰਤਾਂ ਨੂੰ? ਕਹਿੰਦੀ, ਹਾਂ।

ਬਾਹਰ ਚੱਲਣ ਸਾਰੇ, ਸੰਤਾਂ ਨੂੰ ਨਾਲ ਲੈ ਕੇ ਬਾਹਰ ਚਲੀ ਗਈ। ਬਾਹਰ ਜਾ ਕੇ ਕਹਿਣ ਲੱਗੀ ਕਿ ਮੇਰੇ 'ਚ ਇਹ ਸ਼ਕਤੀ ਹੈ ਕਿ ਕਿੰਨਾ ਹੀ ਪਿਆਰ ਕਿਉਂ ਨਾ ਹੋਵੇ ਮੈਂ ਤੋੜ ਦਿੰਦੀ ਹਾਂ। ਕਹਿੰਦੀ, ਉਹ ਸਾਮ੍ਹਣੇ ਚਾਰ ਮਿੱਤਰ ਆਉਂਦੇ ਨੇ, ਜਾਨੀ ਦੋਸਤ ਨੇ ਚਾਰੋ, ਇਕ ਦੂਜੇ ਤੋਂ ਮਰਨ ਨੂੰ ਤਿਆਰ ਹੁੰਦੇ ਨੇ। ਪਰ ਮੈਂ ਹੁਣ ਆਪਣਾ ਕੌਤਕ ਦਿਖਾਉਂਦੀ ਹਾਂ, ਦੇਖੋ ਕੀ ਹਾਲ ਹੁੰਦਾ ਹੈ। ਇਥੇ ਬੈਠੇ ਰਹਿਓ ਤੁਸੀਂ ਛੁਪ ਕੇ, ਤੁਸੀਂ ਦਿਸੋਂਗੇ ਨਹੀਂ ਕਿਸੇ ਨੂੰ ਵੀ।

ਐਨੇ ਨੂੰ ਇਹ ਖੜ੍ਹੀ-ਖੜ੍ਹੀ ਗੁੰਮ ਹੋ ਗਈ ਤੇ ਇਕ ਥੈਲੀ ਬਣ ਗਈ ਮੋਹਰਾਂ ਦੀ। ਚਾਰਾਂ ਨੇ ਹੀ ਦੇਖਿਆ ਕਿ ਔਹ ਥੈਲੀ ਪਈ ਹੈ ਤੇ ਵਿਚੋਂ ਮੋਹਰਾਂ ਚਾਂਦੀ ਦੀਆਂ ਨੇ। ਕਹਿਣ ਲੱਗੇ ਕਿ ਦੇਖੋ! ਆਪਾਂ ਚਾਰਾਂ ਦਾ ਸਾਂਝਾ ਸਰਮਾਇਆ ਹੋਇਆ, ਜਿਹੜਾ ਕੁਛ ਵੀ ਹੈ। ਹਫੜਾ ਦਫੜੀ ਨਹੀਂ ਪਾਉਣੀ, ਆਪਾਂ ਨੱਠਣਾ ਨਹੀਂ ਹੈ ਇਸ ਤਰ੍ਹਾਂ। ਕਹਿੰਦੇ ਠੀਕ ਹੈ। ਚਾਰਾਂ ਨੇ ਚੁੱਕ ਲਈ, ਗਿਣਿਆ ਤਾਂ ਹੈ ਨਹੀਂ, ਉਂਝ ਦੇਖਦੇ ਨੇ ਕਿ ਬੇਅੰਤ ਧੰਨ ਹੈ ਇਹ ਤਾਂ, ਸੋਨੇ ਦੀਆਂ ਮੋਹਰਾਂ ਨਾਲ ਭਰੀ ਪਈ ਹੈ ਥੈਲੀ। ਉਸ ਵੇਲੇ ਕਹਿੰਦੇ ਕਿ ਆਪਾਂ ਹੁਣ ਅਕਲ ਦੀ ਗੱਲ ਕਰੀਏ ਇਕ ਪਾਸੇ ਹੋ ਜਾਈਏ, ਜਿਹਦੀ ਗਿਰੀ ਹੋਈ ਹੈ ਕਿਤੇ ਆ ਨਾ ਜਾਣ ਵਾਪਸ। ਐਨਾ ਧਨ ਇਹਨੂੰ ਤਾਂ ਟੋਲ੍ਹਣਗੇ ਦੂਰ ਤੱਕ। ਉਸ ਵੇਲੇ ਓਝੜ ਪੈ ਗਏ। ਰਸਤਾ ਛੱਡ ਕੇ ਜੰਗਲ 'ਚ ਲੁੱਕ ਗਏ। ਮਹਾਤਮਾ ਦੇਖਦੇ ਨੇ। ਐਨੇ ਨੂੰ ਉਹ ਕਹਿਣ ਲੱਗੇ ਕਿ ਵੰਡ ਤਾਂ ਲੈਂਦੇ ਹਾਂ, ਪਰ ਭੁੱਖ ਵੀ ਤੁਹਾਨੂੰ ਪਤਾ ਹੈ ਕਿੰਨੀ ਲੱਗੀ ਹੋਈ ਹੈ, ਆਹ ਲਓ ਆਹ ਥੋੜ੍ਹੇ ਜਿਹੇ ਪੈਸੇ ਲੈ ਜਾਓ ਤੇ ਵਧੀਆ ਪ੍ਰਸ਼ਾਦੇ ਬਣਵਾ ਕੇ ਲਿਆਓ, ਵਧੀਆ ਖਾਣਾ ਬਣਵਾ ਕੇ ਲਿਆਓ। ਅਸੀਂ ਰਾਖੀ ਬਹਿਨੇ ਹਾਂ। ਦੋ ਰਾਖੀ ਬਹਿ ਗਏ, ਦੋ ਚਲੇ ਗਏ ਤੇ ਰਾਹ ਵਿਚ ਚੁੱਪ ਕਰੇ ਜਾਂਦੇ ਨੇ, ਨਾ ਉਹਦੇ ਨਾਲ ਉਹ ਬੋਲਦਾ ਹੈ, ਨਾ ਉਹ ਬੋਲਦਾ ਹੈ। ਅਖੀਰ ਇਕ ਬੋਲਿਆ ਕਹਿੰਦਾ ਕੀ ਗੱਲ ਤੂੰ ਬੋਲਦਾ ਨਹੀਂ? ਕੀ ਸੋਚ ਹੈ ਤੇਰੇ ਮਨ 'ਚ। ਕਹਿੰਦਾ ਤੂੰ ਨਹੀਂ ਬੋਲਦਾ ਤੇਰੇ ਵੀ ਮਨ 'ਚ ਕੋਈ ਸੋਚ ਹੋਣੀ? ਕਹਿੰਦਾ, ਦੇਖ। ਤੂੰ ਮੈਨੂੰ ਜੇ ਵਿਸ਼ਵਾਸ਼ ਦੇਵੇਂ ਨਾ ਤਾਂ ਮੈਂ ਦਿਲ ਦੀ ਗੱਲ ਦੱਸ ਦੇਵਾਂ? ਕਹਿੰਦਾ, ਦਿੰਦਾ ਹਾਂ ਵਿਸ਼ਵਾਸ਼। ਕਹਿੰਦਾ ਮੇਰੇ ਮਨ ਵਿਚ ਐਉਂ ਹੈ ਕਿ ਆਪਾਂ ਕਿਉਂ ਨਾ ਦੋਵੇਂ ਜਣੇ ਰੱਖ ਲਈਏ ਇਹ? ਕਹਿੰਦਾ, ਮੈਂ ਵੀ ਇਹੀ ਸੋਚਦਾ ਆਉਂਦਾ ਸੀ, ਆਪਾਂ ਕਿਸੇ ਤਰੀਕੇ ਨਾਲ ਦੋਵੇਂ ਜਣੇ ਮਾਲਕ ਬਣੀਏ ਇਹਦੇ। ਕਹਿੰਦੇ, ਫੇਰ ਤਾਂ ਸਿੱਧਾ ਹੀ ਹੈ ਕਿ ਆਪਾਂ ਰੋਟੀ ਇਥੇ ਖਾ ਚਲਦੇ ਹਾਂ, ਉਨ੍ਹਾਂ ਦੀ ਰੋਟੀ 'ਚ ਜ਼ਹਿਰ ਪੁਆ ਲੈਂਦੇ ਹਾਂ ਤੇਜ਼, ਖਾਣਗੇ ਮਰ ਜਾਣਗੇ। ਥੈਲੀ ਆਪਣੇ ਕੋਲ ਆ ਜਾਏਗੀ। ਇਧਰ ਤਾਂ ਇਨ੍ਹਾਂ ਨੇ ਯੋਜਨਾ ਬਣਾ ਲਈ।

ਓਧਰ ਉਨ੍ਹਾਂ ਨੇ ਬਣਾ ਲਿਆ ਕਿ ਆਪਾਂ ਹੀ ਦੋਵੇਂ ਸਾਂਭੀਏ। ਕਹਿੰਦੇ, ਕਿਵੇਂ ਸਾਭਾਂਗੇ। ਕਹਿੰਦੇ, ਰੋਟੀਆਂ ਰੱਖਣ ਲੱਗਣਗੇ ਹੇਠਾਂ ਧਰਤੀ ਤੇ ਤਲਵਾਰਾਂ ਕੱਢ ਕੇ ਰੱਖ ਲਓ, ਗਰਦਨਾਂ ਕੱਟ ਕੇ ਆਹ ਕੋਲ ਦੀ ਨਦੀ ਜਾਂਦੀ ਹੈ, ਵਿਚ ਘੜੀਸ ਕੇ ਸੁੱਟ ਦੇਵਾਂਗੇ, ਮੁਰਦਾ ਵੀ ਖਤਮ ਤੇ ਆਪਣੇ ਕੋਲ ਮਾਇਆ ਆ ਜਾਏਗੀ। ਉਸ ਵੇਲੇ ਜਿਸ ਵਕਤ ਪ੍ਰਸ਼ਾਦੇ ਲੈ ਕੇ ਆ ਗਏ, ਤਾਂ ਉਨ੍ਹਾਂ ਨੇ ਪ੍ਰਸ਼ਾਦੇ ਰੱਖ ਦਿਤੇ ਇਨ੍ਹਾਂ ਨੇ ਦੋਵੇਂ ਮਾਰ ਦਿਤੇ। ਉਸ ਤੋਂ ਬਾਅਦ ਰੋਟੀ ਖਾਣ ਲੱਗੇ ਜ਼ਹਿਰ ਉਸੇ ਵੇਲੇ ਚੜ੍ਹ ਗਈ, ਦੋਵੇਂ ਉਹ ਮਰ ਗਏ। ਚਾਰੋਂ ਮਰੇ ਪਏ ਨੇ। ਮਾਇਆ ਆਪਣਾ ਅਸਲੀ ਰੂਪ ਧਾਰ ਕੇ ਸੰਤਾਂ ਕੋਲ ਆ ਗਈ। ਕਹਿੰਦੀ, ਸੰਤ ਜੀ ਦੇਖੀ ਇਹ ਗੱਲ? ਮੈਂ ਐਉਂ ਕਰਦੀ ਹਾਂ।

*ਇਸੁ ਜਰ ਕਾਰਣਿ ਘਣੀ ਵਿਗੁਤੀ*
*ਇਨਿ ਜਰ ਘਣੀ ਖੁਆਈ ॥* ਅੰਗ - ੪੧੭

ਮਹਾਰਾਜ ਕਹਿੰਦੇ ਬੇਅੰਤ-ਬੇਅੰਤ ਖੁਆ ਕੇ ਚਲੇ ਗਏ ਇਥੇ, ਦੁਨੀਆਂ ਆਈ ਐਹ ਪੈਸੇ ਵਾਸਤੇ -

*ਪਾਪਾ ਬਾਝਹੁ ਹੋਵੈ ਨਾਹੀ*
*ਮੁਇਆ ਸਾਥਿ ਨ ਜਾਈ ॥* ਅੰਗ - ੪੧੭

ਧਰਮ ਕਰਮ ਛੱਡ ਕੇ ਰਿਸ਼ਵਤਾਂ ਲੈਂਦਾ ਹੈ, ਝੂਠ ਬੋਲਦਾ ਹੈ, ਮਿਲਾਵਟਾਂ ਕਰਦਾ ਹੈ, ਧੋਖੇ ਦਿੰਦਾ ਹੈ, ਕਤਲ ਕਰਦਾ ਹੈ, ਕਿੰਨਾ ਕੁਛ ਹੋ ਰਿਹਾ ਹੈ ਮਾਇਆ ਦੇ ਵਾਸਤੇ। ਮਾਇਆ ਦੇ ਪੁਜਾਰੀ ਬਣੇ ਹੋਏ ਨੇ। ਜਿਹੜਾ ਪੂਜਦਾ ਹੀ ਮਾਇਆ ਨੂੰ ਹੈ ਉਥੇ ਸ਼ੁੱਧ ਬਿਜਨਸ ਕਿਵੇਂ ਹੋ ਸਕਦੀ ਹੈ। ਆਹ ਜਿਹੜਾ ਭਾਰਤ ਵਰਸ਼ ਹੈ ਇਹ ਮਾਇਆ ਨੂੰ ਪੂਜਦਾ ਹੈ। ਪੂਜਾ ਕਰਦੇ ਨੇ, ਦੀਵਾਲੀ ਵਾਲੇ ਦਿਨ ਦਰਵਾਜ਼ੇ ਖੁਲ੍ਹੇ ਰੱਖਦੇ ਨੇ, ਦੀਵੇ ਜਾਲ ਕੇ ਕਿ ਅੱਜ ਮਾਇਆ ਆਏਗੀ, ਪੂਜਾ ਕਰਨੀ ਹੈ। ਉਹ ਪੂਜਾ ਜਿਹੜਾ ਧੇਯ ਬਣ ਗਿਆ, ਈਸ਼ਟ ਬਣ ਗਿਆ ਆਪ ਦਾ, ਉਹਦੇ ਵਾਸਤੇ ਕੁਛ ਕਰ ਲੈ, ਕਿੰਨੇ ਹੀ ਪਾਠ ਕਰ ਲੈ, ਸਭ ਜਾਇਜ਼ ਹੈ। ਪਾਪ ਕਿੰਨੇ ਹੁੰਦੇ ਨੇ, ਹੈਰਾਨ ਰਹਿ ਜਾਈਦਾ ਹੈ, ਕਰਮ ਧਰਮ ਸਭ ਦੇ ਭ੍ਰਿਸ਼ਟ ਹੋ ਜਾਂਦੇ ਨੇ, ਅਖਬਾਰਾਂ 'ਚ ਪੜ੍ਹਿਆ ਸੀ, ਡਾਲਡੇ ਘਿਓ 'ਚ ਨਾਰਵੇ ਤੋਂ, ਹਾਲੈਂਡ ਤੋਂ ਚਰਬੀ ਮੰਗਾਈ। ਚਰਬੀ ਉਥੇ ਗਊਆਂ ਦੀ। ਪਤਾ ਨਹੀਂ ਕਾਹਦੇ ਵਾਸਤੇ ਮੰਗਾਈ। ਲਿਆ ਕੇ ਡਾਲਡੇ 'ਚ ਦਿਤੀ। ਆ ਸਾਰਿਆਂ ਨੇ ਦੇਗਾਂ 'ਚ ਭੋਗ ਲਵਾ ਦਿਤੇ ਮਹਾਰਾਜ ਨੂੰ, ਨਾਲੇ ਆਪ ਖਾਂਦੇ ਨੇ, ਨਾਲੇ ਮਹਾਰਾਜ ਅੱਗੇ ਰੱਖਦੇ ਨੇ। ਰਿਸ਼ਵਤਾਂ ਲੈਂਦੇ ਨੇ, ਧੋਖੇ ਦਿੰਦੇ ਨੇ, ਕਪਟ ਕਰਦੇ ਨੇ, ਕਿੰਨਾਂ ਕੁਛ ਹੋ ਰਿਹਾ ਹੈ ਹਿੰਦੁਸਤਾਨ ਦੇ ਅੰਦਰ। ਮਹਾਰਾਜ ਕਹਿੰਦੇ ਸਭ ਮਾਇਆ ਨੇ ਭੁਲਾਏ ਹੋਏ ਨੇ। ਮਾੜਾ ਮੋਟਾ ਝੂਠ ਬੋਲਣਾ ਤਾਂ ਮਾਮੂਲੀ ਗੱਲ ਹੈ। ਇਹ ਤਾਂ ਜਾਇਜ਼ ਗਿਣਿਆ ਜਾਂਦਾ ਹੈ।

ਇਕ ਵਾਰੀ ਇਕ ਮਹਾਤਮਾ ਸੀ ਉਨ੍ਹਾਂ ਦੇ ਪਾਸ ਇਕ ਲੋਭੀ ਬੰਦਾ ਆ ਗਿਆ। ਮਹਾਤਮਾ ਨੇ ਦੇਖ ਲਿਆ ਕਿ ਲੋਭੀ ਲਗਦਾ ਹੈ ਕੁਛ ਇਹ ਮੈਨੂੰ। ਕਹਿਣ ਲੱਗੇ, ਪ੍ਰੇਮੀਆ! ਪ੍ਰਸ਼ਾਦਾ ਛਕਿਆ ਹੈ। ਕਹਿੰਦਾ ਨਹੀਂ ਮਹਾਰਾਜ ਛਕਣਾ ਹੈ। ਕਹਿੰਦੇ ਕੋਈ ਨਹੀਂ ਆਪਣਾ ਪ੍ਰਸ਼ਾਦਾ ਆਉਣ ਵਾਲਾ ਹੈ ਤੂੰ ਛੱਕ ਲਈਂ। ਐਨੇ ਨੂੰ ਪ੍ਰਸ਼ਾਦੇ ਆ ਗਏ ਤੇ ਛੇ ਪ੍ਰਸ਼ਾਦੇ ਰੋਜ਼ ਆਇਆ ਕਰਦੇ ਸੀ ਵਧੀਆ ਬਣ ਕੇ, ਪਰਾਉਂਠੇ ਵਗੈਰਾ ਹੁੰਦੇ। ਤਾਂ ਮਹਾਤਮਾ ਕਹਿਣ ਲੱਗੇ ਚੱਲ ਇਸ਼ਨਾਨ ਕਰ ਆਈਏ। ਉਹਨੇ ਕਿਹਾ ਕਿ ਨਹੀਂ ਮੈਂ ਤਾਂ ਨਹੀਂ ਜਾਣਾ, ਨਾਲੇ ਤਾਂ ਐਥੇ ਦੇਖਾਂਗਾ ਕਿ ਸੰਤਾਂ ਦੇ ਕੋਲ ਕੋਈ ਚੀਜ਼ ਪਈ ਹੋਵੇ ਤਾਂ ਜੇਬ 'ਚ ਪਾਵਾਂਗੇ ਤੇ ਨਾਲੇ ਪਹਿਲਾਂ ਪ੍ਰਸ਼ਾਦੇ ਛਕਦੇ ਹਾਂ ਖੋਲ੍ਹ ਕੇ ਛੇਤੀ। ਸੰਤ ਨਾਹੁੰਣ ਚਲੇ ਗਏ, ਇਹਨੇ ਛੇਤੀ ਦੇ ਕੇ ਪੋਣਾ ਖੋਲ੍ਹਿਆ ਤੇ ਉਹਦੇ ਵਿਚੋਂ ਦੋ ਪ੍ਰਸ਼ਾਦੇ ਖਾ ਲਏ, ਕਹਿੰਦਾ ਚਾਰ ਰਹਿ ਗਏ, ਦੋ ਉਹਦੇ ਤੇ ਦੋ ਮੇਰੇ। ਜਦ ਸੰਤ ਇਸ਼ਨਾਨ ਕਰਕੇ ਆ ਗਏ, ਪੋਣਾ ਖੋਲ੍ਹਿਆ ਕਹਿੰਦੇ ਪ੍ਰੇਮੀਆ! ਅੱਗੇ ਛੇ ਪ੍ਰਸ਼ਾਦੇ ਆਉਂਦੇ ਨੇ, ਦੋ ਕੀਹਨੇ ਖਾ ਲਏ, ਕਹਿੰਦਾ ਨਾ ਮਹਾਰਾਜ! ਮੈਂ ਤਾਂ ਖਾਧੇ ਨਹੀਂ। ਉਨ੍ਹਾਂ ਨੇ ਦੋ ਉਹਨੂੰ ਦੇ ਦਿਤੇ, ਦੋ ਆਪਣੇ ਲੈ ਲਏ, ਨਾਲ ਇਹ ਫੁਰਨਾ ਕਰ ਲਿਆ ਕਿ ਸੱਚ ਝੂਠ ਨਿਬੇੜਨਾ ਹੈ।

ਕਹਿੰਦੇ, ਕਿੱਥੇ ਜਾਣਾ ਹੈ?

ਕਹਿੰਦਾ ਮੈਂ ਸ਼ਹਿਰ ਜਾਣਾ ਹੈ।

ਕਹਿੰਦੇ, ਨਦੀ ਪੈਂਦੀ ਹੈ, ਚੱਲ ਮੈਂ ਲੈ ਚੱਲਦਾ ਹਾਂ ਤੈਨੂੰ।

ਉਥੇ ਆਉਂਦੇ ਨੇ ਤੇ ਕਿਸ਼ਤੀ ਕੋਈ ਨਹੀਂ ਨੇੜੇ, ਸੰਤ ਕਹਿੰਦੇ, ਐਉਂ ਕਰ ਰਾਮ-ਰਾਮ ਕਹਿ ਕੇ ਮੇਰੇ ਪਿੱਛੇ ਲਗ ਜਾ, ਦੇਖ ਤੈਨੂੰ ਨਾਮ ਦੀ ਮਹਿਮਾ ਸਿਖਾਈਏ। ਰਾਮ-ਰਾਮ ਕਹਿੰਦੇ, ਮੂਹਰੇ-ਮੂਹਰੇ ਸੰਤ ਤੁਰੀ ਜਾਂਦੇ ਨੇ, ਪਿੱਛੇ-ਪਿੱਛੇ ਉਹ ਜਾਂਦਾ ਹੈ, ਨਦੀ ਲੰਘ ਗਏ ਪਾਰ, ਕਹਿੰਦੇ ਦੇਖਿਆ ਨਾਮ ਦੀ ਮਹਿਮਾ ਕਿੰਨੀ ਹੈ? ਕਹਿੰਦਾ ਹਾਂ ਜੀ ਬੜੀ ਮਹਿਮਾ ਹੈ। ਕਹਿੰਦੇ, ਹੁਣ ਤੂੰ ਇਸ ਨਾਮ ਨੂੰ ਸੱਚ ਜਾਣ ਕੇ ਪ੍ਰਮੇਸ਼ਰ ਨੂੰ ਸੱਚ ਜਾਣ ਕੇ ਇਹ ਦੱਸ ਕਿ ਪ੍ਰਸ਼ਾਦੇ ਦੋ ਤੂੰ ਖਾਧੇ ਸੀ? ਕਹਿੰਦਾ, ਨਾ ਮੈਂ ਤਾਂ ਖਾਧੇ ਹੀ ਨਹੀਂ। ਅੱਗੇ ਆ ਗਿਆ ਸ਼ੇਰ, ਸੰਤਾਂ ਨੇ ਫੇਰ ਲੰਘਾ ਕੇ ਪੁੱਛਿਆ ਕਿ ਪ੍ਰਸ਼ਾਦੇ ਤੂੰ ਖਾਧੇ ਸੀ? ਕਹਿੰਦਾ ਨਾ ਮਹਾਰਾਜ! ਤੁਹਾਨੂੰ ਕਿਉਂ ਵਹਿਮ ਹੋ ਗਿਆ ਪ੍ਰਸ਼ਾਦਿਆਂ ਦਾ, ਐਵੇਂ ਤੁਸੀਂ ਓਹੀ ਗੱਲ ਕਹਿ ਦਿੰਦੇ ਹੋ ਮਿੰਟ ਕੁ ਬਾਅਦ। ਐਡਾ ਹੀ ਬੇਈਮਾਨ ਹਾਂ ਮੈਂ ਕਿ ਦੋ ਰੋਟੀਆਂ ਖਾ ਕੇ ਝੂਠ ਬੋਲਾਂਗਾ। ਉਸ ਤੋਂ ਬਾਅਦ ਅੱਗ ਲੱਗੀ ਹੋਈ ਵਣ ਨੂੰ ਆ ਗਈ, ਕਹਿੰਦੇ ਹੁਣ ਤਾਂ ਆਪਾਂ ਜਲ ਜਾਵਾਂਗੇ। ਕਹਿੰਦਾ, ਮਹਾਰਾਜ! ਕਿਵੇਂ ਬਚਾਓ। ਕਹਿੰਦੇ, ਤੂੰ ਪ੍ਰਮੇਸ਼ਰ ਦਾ ਧਿਆਨ ਧਰ। ਧਿਆਨ ਧਰ ਕੇ ਜਦੋਂ ਨਿਕਲ ਗਏ ਅੱਗ ਦੇ ਵਿਚੋਂ ਬਚ ਗਏ ਤੇ ਸੰਤ ਕਹਿੰਦੇ ਬਹਿ ਜਾ, ਹੁਣ ਪ੍ਰਮੇਸ਼ਰ ਦਾ ਤੂੰ ਧਿਆਨ ਦੇ। ਕਹਿੰਦਾ, ਤੁਸੀਂ ਰੋਟੀਆਂ ਦੀ ਗੱਲ ਕਰਨੀ ਹੋਣੀ ਐ ਮੇਰੇ ਨਾਲ? ਕਹਿੰਦਾ, ਮੈਂ ਤਾਂ ਹੈਰਾਨ ਹੀ ਹੋ ਗਿਆ ਕਿ ਰੋਟੀਆਂ ਦੋ, ਤੁਸੀਂ ਸੰਤ ਕਾਹਦੇ ਹੋਏ ਤੁਹਾਡੀ ਸੁਰਤ ਤਾਂ ਰੋਟੀਆਂ 'ਚ ਪਈ ਹੈ। ਸੰਤ ਕਹਿੰਦੇ, ਕੋਈ ਨਾ ਪ੍ਰੇਮੀਆ। ਅੱਗੇ ਉਨ੍ਹਾਂ ਨੇ ਆਪਣੀ ਯੋਗ ਮਾਇਆ ਦੇ ਨਾਲ ਇਕ ਥੈਲੀ ਮਾਇਆ ਦੀ ਖਿੰਡਾ ਦਿਤੀ। ਕਹਿੰਦੇ ਲੈ ਬਈ ਪ੍ਰੇਮੀਆ! ਇਹ ਚੁੱਕਣੀ ਨਹੀਂ ਹੈ ਆਪਾਂ ਵੰਡਾਂਗੇ। ਉਥੇ ਜਾ ਕੇ ਤਿੰਨ ਢੇਰੀਆਂ ਲਾ ਲਈਆਂ। ਉਹ

ਕਹਿੰਦਾ ਆਪਾਂ ਦੋ ਜਣੇ ਹਾਂ, ਤੁਸੀਂ ਤਿੰਨ ਢੇਰੀਆਂ ਕਾਹਦੀਆਂ ਲਾਉਂਦੇ ਹੋਂ? ਕਹਿੰਦੇ ਆਹ ਤਾਂ ਤੇਰੀ, ਆਹ ਮੇਰੀ। ਕਹਿੰਦਾ ਆਹ ਕੀਹਦੀ ਹੈ? ਸੰਤ ਕਹਿੰਦੇ, ਆਹ ਉਹਦੀ ਜਿਹਨੇ ਦੋ ਪਰਾਉਂਠੇ ਖਾਧੇ ਨੇ। ਕਹਿੰਦਾ ਉਹ ਤਾਂ ਮੈਂ ਹੀ ਖਾਧੇ ਸੀ। ਮੇਰੇ ਮੂੰਹ 'ਚੋਂ ਨਾਹ ਨਿਕਲ ਗਈ ਸੀ, ਮੈਂ ਕਿਹਾ ਕਿ ਐਵੇਂ ਮਾੜੀ ਜਿਹੀ ਗੱਲ ਹੈ, ਉਹ ਤਾਂ ਖਾਧੇ ਹੀ ਮੈਂ ਸੀ ਸੰਤ ਜੀ। ਤੁਸੀਂ ਜਦੋਂ ਨਾਹੁੰਣ ਗਏ ਸੀ ਮੈਂ ਹੀ ਖਾਧੇ ਸੀ।

ਇਹ ਮਹਾਤਮਾ ਐਸੇ ਜਿਹੇ ਬਚਨ ਸੁਣਾਉਂਦੇ ਹੁੰਦੇ ਕਿ ਆਦਮੀ ਦਾ ਚਰਿੱਤਰ ਕਿੰਨਾ ਨੀਵਾਂ ਹੈ। ਪਹਿਲਾਂ ਤਿੰਨ ਵਾਰੀ ਝੂਠ ਬੋਲਿਆ, ਜਦੋਂ ਮਾਇਆ ਆ ਗਈ, ਫੇਰ ਝੂਠ ਕਿਧਰੇ ਹੀ ਗਿਆ, ਫੇਰ ਕਹਿ ਦਿਤਾ ਕਿ ਹਾਂ ਮੈਂ ਹੀ ਰੋਟੀਆਂ ਖਾਧੀਆਂ ਨੇ।

ਸੋ ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਇਹ ਤੁਹਾਨੂੰ ਅਸੀਂ ਵਿਸਥਾਰ ਦੇ ਨਾਲ ਦੱਸਿਆ ਹੈ ਕਿ ਆਹ ਜਿਹੜੀ ਮਾਇਆ ਹੈ ਨਾ ਇਹਨੇ ਸਾਰੇ ਸੰਸਾਰ ਨੂੰ ਭੁਲਾ ਦਿਤਾ, ਇਹਦੇ ਅਨੇਕਾਂ ਹੀ ਰੂਪ ਨੇ, ਜਗ ਖਾ ਲਿਆ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਫੇਰ ਤਰੀਏ ਕਿਵੇਂ? ਗੁਰੂ ਅੰਗਦ ਸਾਹਿਬ ਨੂੰ ਪੁਛਦੇ ਨੇ, ਬੇਨਤੀ ਕਰਦੇ ਨੇ ਕਿ ਮਹਾਰਾਜ! ਫੇਰ ਅਸੀਂ ਤਰੀਏ ਕਿਵੇਂ? ਮਹਾਰਾਜ ਜੀ ਨੇ ਕਿਹਾ ਕਿ ਜੀਵ ਦੇ ਤਰਨ ਵਾਸਤੇ ਚਾਰ ਸਾਧਨ ਪੈਦਾ ਕੀਤੇ ਨੇ। ਉਨ੍ਹਾਂ ਚਾਰਾਂ ਸਾਧਨਾਂ ਦੇ ਨਾਲ ਜੀਵ ਤਰ ਜਾਂਦਾ ਹੈ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਤਾਂ ਕਦੇ ਸੁਣੇ ਨਹੀਂ। ਤੁਸੀਂ ਕ੍ਰਿਪਾ ਕਰਕੇ ਇਹ ਵੀ ਸੁਣਾਓ ਤਾਂ ਕਿ ਨਿਰਣੇ ਪੂਰਵਕ ਅਸੀਂ ਕਿਸੇ ਕਿਨਾਰੇ ਪਹੁੰਚ ਜਾਈਏ। ਤਾਂ ਮਹਾਰਾਜ ਕਹਿਣ ਲੱਗੇ, ਚਾਰ ਸਾਧਨ ਨੇ।

***ਇਕ ਬੈਰਾਗ ਜੋਗ ਅਰ ਗਿਆਨ***
***ਚਉਥੀ ਉਪਜੀ ਭਗਤ ਮਹਾਨ।***

ਕਹਿੰਦੇ ਇਕ ਤਾਂ ਪ੍ਰਮੇਸ਼ਰ ਨੇ ਵੈਰਾਗ ਬਣਾਇਆ ਹੈ, ਵੈਰਾਗ ਦੇ ਨਾਲ ਮਾਇਆ ਛੁਟ ਜਾਂਦੀ ਹੈ। ਮਾਇਆ ਤੋਂ ਲਾਂਭੇ ਹੋ ਜਾਂਦਾ ਹੈ ਬੈਰਾਗੀ ਪੁਰਸ਼। ਦੂਸਰਾ ਹੈ ਜੋਗ, ਜੋਗ ਜਿਹੜਾ ਹੈ ਯੋਗ ਜਿਸਨੂੰ ਆਖਦੇ ਨੇ। ਉਹਦੇ ਨਾਲ ਵੀ ਰੱਬ ਤੱਕ ਪਹੁੰਚ ਜਾਂਦਾ ਹੈ। ਤੀਸਰਾ ਹੈਗਾ ਗਿਆਨ। ਚੌਥੀ ਹੈਗੀ ਭਗਤੀ। ਕਹਿੰਦੇ, ਜਿਹੜਾ ਗਿਆਨ, ਵੈਰਾਗ, ਜੋਗ; ਇਹ ਤਿੰਨੇ ਸ਼ੁਭ ਨੇ।

***ਗਯਾਨ, ਵਿਰਾਗ, ਜੋਗ, ਸ਼ੁਭ ਤੀਨ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਲੇਕਿਨ ਇਹ ਤਿੰਨੇ ਪੁਰਖ ਰੂਪ ਨੇ।

***ਪੁਰਖ ਰੂਪ ਇਨਕੋ ਮਨ ਚੀਨ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਵੈਰਾਗ ਵੀ ਪੁਰਖ ਸਾਧਨ ਹੈ, ਯੋਗ ਵੀ ਪੁਰਖ ਸਾਧਨ ਹੈ, ਗਿਆਨ ਵੀ ਪੁਰਖ ਸਾਧਨ ਹੈ। ਕਹਿੰਦੇ –

***ਮਾਯਾ ਲੇ ਇਨ ਕੋ ਭਰਮਾਇ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਇਹ ਪੁਰਖਾਂ ਨੂੰ ਮਾਇਆ ਭਰਮਾ ਲਿਆ ਕਰਦੀ ਹੈ। ਇਨ੍ਹਾਂ ਸਾਧਨਾਂ ਦੇ ਉਤੇ ਮਾਇਆ ਪੈ ਜਾਂਦੀ ਹੈ।

***ਬਡੇ ਜਤਨ ਤੇ ਉਬਰ ਜੋ ਜਾਇ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਬਹੁਤ ਵੱਡਾ ਯਤਨ ਕਰੇ ਇਨ੍ਹਾਂ ਸਾਧਨਾਂ ਦੇ ਵਿਚ। ਕਿਉਂਕਿ ਵੱਡੇ-ਵੱਡੇ ਗਿਆਨਵਾਨ ਸਿੱਟ ਲਏ ਮਾਇਆ ਨੇ।

ਜੈਮਨੀ ਰਿਸ਼ੀ ਵੇਦ ਵਿਆਸ ਜੀ ਦੇ ਵੇਲੇ ਹੋਇਆ ਤੇ ਉਹਨੇ ਨਿਆਏ ਸ਼ਾਸਤਰ ਲਿਖਿਆ, ਛੇ ਸ਼ਾਸਤਰ ਨੇ ਹਿੰਦੂਆਂ ਦੇ –

***ਛਿਅ ਘਰ ਛਿਅ ਗੁਰ ਛਿਅ ਉਪਦੇਸ ॥***

***ਅੰਗ – ੧੨***

ਤੇ ਛੇ ਹੀ ਸ਼ਾਸਤਰ ਨੇ ਇਹ। ਇਨ੍ਹਾਂ ਦੇ ਵਿਚੋਂ ਇਕ ਨਿਆਏ ਸ਼ਾਸਤਰ, ਛੇ ਉਪਦੇਸ਼

***ਗੁਰੁ ਗੁਰੁ ਏਕੋ ਵੇਸ ਅਨੇਕ ॥*** ***ਅੰਗ – ੧੨***

ਉਹਨੇ ਇਹਦੇ ਵਿਚ ਇਕ ਗੱਲ ਲਿਖ ਦਿਤੀ ਕਿ ਜਦੋਂ ਗਿਆਨ ਹੋ ਜਾਂਦਾ ਹੈ, ਮਾਇਆ ਦਾ ਅਸਰ ਨਹੀਂ ਹੋ ਸਕਦਾ ਗਿਆਨਵਾਨ 'ਤੇ। ਤਾਂ ਵੇਦ ਵਿਆਸ ਜੀ ਜਿਹੜੇ ਵਿਦਿਆ ਦੇ ਕਾਰਕ ਨੇ, ਉਨ੍ਹਾਂ ਕੋਲ ਐਡਿਟ ਕਰਾਉਣ ਵਾਸਤੇ ਗਿਆ, ਜਦੋਂ ਉਨ੍ਹਾਂ ਨੇ ਉਹਨੂੰ ਚੈਕ ਕਰਿਆ, ਐਡਿਟ ਕਰਨ ਲੱਗੇ, ਉਹ ਕਹਿਣ ਲੱਗੇ ਜੈਮਨੀ ਜੀ, ਤੁਸੀਂ ਹੋਂ ਤਾਂ ਮਹਾਂਪੁਰਸ਼, ਬੜੇ ਵਿਚਾਰਵਾਨ। ਇਹ ਸ਼ਾਸਤਰ ਐਸਾ ਬਣਾ ਦਿਤਾ ਕਿ ਆਮ ਬੰਦੇ ਦੇ ਪੜ੍ਹਨ ਵਾਲਾ ਨਹੀਂ ਹੈ, ਬਹੁਤ ਵਿਦਵਤਾ ਦੇ ਨਾਲ ਬਣਾਇਆ ਹੈ। ਪਰ ਇਹਦੇ ਵਿਚ ਆਹ ਤੁਸੀਂ ਜਿਹੜੀ ਤੁਕ ਲਿਖ ਦਿਤੀ ਨਾ, ਬਈ ਗਿਆਨਵਾਨ ਤੇ ਮਾਇਆ ਅਸਰ ਨਹੀਂ ਕਰਦੀ। ਕਹਿੰਦੇ, ਇਹ ਤੁਸੀਂ ਕੱਟ ਦਿਓ। ਕਹਿੰਦੇ ਨਾ ਮਹਾਰਾਜ! ਇਹ ਤਾਂ ਸਿਧਾਂਤ ਹੀ ਗਲਤ ਹੋ ਜਾਏਗਾ ਸਾਰਾ। ਕਹਿੰਦੇ ਨਾ ਬੇਟਾ, ਪ੍ਰਮੇਸ਼ਰ ਦੀ ਮਾਇਆ ਬੜੀ ਪ੍ਰਬਲ ਹੈ, ਜੇ ਹੱਥ ਦੇ ਕੇ ਰੱਖੇ ਤਾਂ ਰੱਖੇ ਨਹੀਂ ਤਾਂ ਸਹਿਣੀ ਹੀ ਔਖੀ ਹੈ। ਕਹਿਣ ਲੱਗਿਆ, ਮਹਾਰਾਜ! ਜੇ ਗਿਆਨ ਹੋ ਗਿਆ, ਬੀਜ ਦਗਧ ਹੋ ਗਿਆ ਤਾਂ ਫੇਰ ਉੱਗੇਗਾ ਕਿੱਥੋਂ? ਕਹਿੰਦੇ ਨਹੀਂ, ਮਾਇਆ ਦੇ ਵਿਚ ਇਹ ਸ਼ਕਤੀ ਹੈ, ਜਲੇ ਹੋਏ ਦਾਣਿਆਂ ਨੂੰ ਵੀ ਪੈਦਾ ਕਰ ਲੈਂਦੀ ਹੈ। ਮੰਨਿਆ ਨਾ। ਸਮਾਂ ਲੰਘ ਗਿਆ। ਮਹਾਤਮਾ ਨੇ ਕਿਹਾ ਕਿ ਇਹਦਾ ਅਭਿਮਾਨ ਜਿਹੜਾ ਹੈ ਇਹ ਗਲਤ ਹੈ। ਚਲੋ ਪਰਖ ਕੇ ਤਾਂ ਦੇਖੀਏ ਇਹਨੂੰ। ਉਸ ਵੇਲੇ ਮਾਇਆ ਵਰਤਾ ਦਿਤੀ ਆਪਣੀ। ਮਾਇਆ ਦੇ ਵਿਚ ਕੀ ਦੇਖਦੇ ਨੇ ਕਿ ਸ਼ਾਮ ਹੋ ਗਈ, ਇਕ ਇਸਤਰੀ ਰੋ ਰਹੀ ਹੈ ਜੰਗਲ ਦੇ ਅੰਦਰ। ਬਹੁਤ ਵੈਰਾਗ ਕਰ ਰਹੀ ਹੈ। ਇਹਨੂੰ ਕੁਛ ਦਰਦ ਆਇਆ ਜੈਮਨੀ ਨੂੰ, ਇਹ ਤੁਰ ਕੇ ਚਲਿਆ ਗਿਆ। ਜੰਗਲ ਬਹੁਤ ਘੋਰ ਸੀ, ਉਸ ਵੇਲੇ ਪੁਛਿਆ ਕਿ ਅਬਲਾ! ਤੂੰ ਰੋਂਦੀ ਕਿਉਂ ਹੈਂ? ਕਹਿਣ ਲੱਗੀ, ਮੇਰਾ ਪਤੀ ਮਾਰ ਦਿਤਾ ਤੇ ਮੈਂ ਇਕੱਲੀ ਰਹਿ ਗਈ, ਮੈਨੂੰ ਕੋਈ ਟਿਕਾਣਾ ਨਹੀਂ, ਉਤੋਂ ਰਾਤ ਪੈ ਰਹੀ ਹੈ ਮੈਂ ਕਿੱਥੇ ਜਾਵਾਂ ਤਾਂ ਮੈਂ ਰੋਂਦੀ ਹਾਂ। ਇਕ ਮੈਨੂੰ ਮੇਰੇ ਪਤੀ ਦਾ ਵਿਯੋਗ ਹੈ, ਇਕ ਮੈਨੂੰ ਸਾਮ੍ਹਣੇ ਦੁੱਖ ਦਿਸਦਾ ਹੈ ਕਿ ਪਤਾ ਨਹੀਂ ਮੈਨੂੰ ਕੌਣ ਲੈ ਜਾਵੇ ਚੁੱਕ ਕੇ। ਜੰਗਲੀ

ਲੋਕ ਲੈ ਜਾਣ।

ਉਹ ਕਹਿੰਦਾ ਠੀਕ ਹੈ, ਮੈਂ ਤੇਰੀ ਮਦਦ ਕਰ ਸਕਦਾ ਹਾਂ। ਮੇਰਾ ਅਸੂਲ ਤਾਂ ਇਹ ਹੈ ਕਿ ਅਸੀਂ ਆਪਣੇ ਆਸ਼ਰਮ ਦੇ ਅੰਦਰ ਕਿਸੇ ਔਰਤ ਨੂੰ ਨਹੀਂ ਰਹਿਣ ਦਿੰਦੇ। ਪਰ ਤੂੰ ਹੁਣ ਐਸੀ ਹਾਲਤ ਵਿਚ ਹੈਂ, ਮੇਰੇ ਨਾਲ ਚੱਲ। ਆਪਣੇ ਕਮਰੇ 'ਚ ਉਸ ਨੂੰ ਕਿਹਾ ਕਿ ਆਹ ਕਮਰਾ ਲੈ ਲੈ ਤੇ ਇਹਦੇ ਦਰਵਾਜ਼ੇ ਬੰਦ ਕਰ ਲੈ। ਚਾਹੇ ਮੈਂ ਵੀ ਖੁਲਾਵਾਂ ਤਾਂ ਵੀ ਨਾ ਖੋਲ੍ਹੀ ਰਾਤ ਨੂੰ। ਕਹਿੰਦੀ ਠੀਕ ਹੈ ਮਹਾਰਾਜ! ਮੈਂ ਤੁਹਾਡਾ ਬਹੁਤ ਧੰਨਵਾਦ ਕਰਦੀ ਹਾਂ ਤੇ ਮੈਂ ਹੁਣ ਨਿਸਚਿੰਤ ਹੋ ਕੇ ਪ੍ਰਮੇਸ਼ਰ ਦੀ ਭਗਤੀ ਕਰਾਂਗੀ। ਉਸ ਤੋਂ ਬਾਅਦ ਜਦੋਂ ਰਾਤ ਬੀਤ ਗਈ ਥੋੜ੍ਹੀ ਜਿਹੀ ਉਹਨੇ ਗਾਉਣਾ ਸ਼ੁਰੂ ਕਰ ਦਿਤਾ ਵੇਦਾਂ ਦੀਆਂ ਰੀਚਾਂ। ਜਦ ਬੋਲ ਸੁਣਿਆ, ਉਸ ਵੇਲੇ ਮਨ ਮੋਹਿਤ ਹੋਣਾ ਸ਼ੁਰੂ ਹੋ ਗਿਆ ਤੇ ਅਖੀਰ ਦਰਵਾਜ਼ਾ ਖੜਕਾਇਆ ਕਿ ਦਰਵਾਜ਼ਾ ਖੋਲ੍ਹ। ਉਹ ਕਹਿੰਦੀ ਦਰਵਾਜ਼ਾ ਨਹੀਂ ਖੋਲ੍ਹਣਾ ਮੈਂ ਸਵੇਰੇ ਖੋਲ੍ਹਾਂਗੀ। ਕਹਿੰਦਾ ਮੈਂ ਜੈਮਨੀ ਹਾਂ। ਕਹਿੰਦੀ ਤੁਸੀਂ ਹੀ ਕਿਹਾ ਸੀ ਕਿ ਮੈਨੂੰ ਵੀ ਨਾ ਖੋਲ੍ਹੀ। ਕਹਿੰਦਾ, ਮੇਰਾ ਘਰ ਹੈ ਤੂੰ ਕਬਜ਼ਾ ਕਰਕੇ ਬਹਿ ਗਈ, ਦਰਵਾਜ਼ਾ ਖੋਲ੍ਹ। ਉਹ ਨਹੀਂ ਖੋਲ੍ਹਦੀ। ਇਹਨੇ ਛੱਤ ਪਾੜ ਲਈ, ਛੱਤ 'ਚੋਂ ਪਾੜ ਕੇ ਹੇਠਾਂ ਉਤਰਨ ਲੱਗਿਆ ਤਾਂ ਜਿਹੜਾ ਮੋਘਾ ਸੀ ਉਹ ਛੋਟਾ ਸੀ ਇਹਦੀ ਛਾਤੀ ਜਾ ਕੇ ਅੜ ਗਈ, ਮੋਢੇ ਨਾ ਨਿਕਲਣ। ਉਥੇ ਹੀ ਲਟਕਣ ਲੱਗ ਗਿਆ ਜਿਵੇਂ ਤੋਰੀ ਲਟਕਦੀ ਹੁੰਦੀ ਹੈ। ਸਾਰੀ ਰਾਤ ਲਟਕੀ ਗਿਆ, ਜਦੋਂ ਦਿਨ ਚੜ੍ਹਿਆ, ਵੇਦ ਵਿਆਸ ਜੀ ਨੇ ਮਾਇਆ ਸੰਕੋਚ ਦਿਤੀ ਸਾਰੀ ਤੇ ਆ ਕੇ ਕਹਿਣ ਲੱਗੇ ਕਿ ਬੇਟਾ ਜੈਮਨੀ! ਕੀ ਗੱਲ ਹੋ ਗਈ ਤੂੰ ਛੱਤ ਦੇ ਵਿਚ ਲਟਕਦਾ ਹੈਂ? ਸ਼ਰਮਿੰਦਾ ਹੋ ਗਿਆ, ਬੋਲਦਾ ਨਹੀਂ ਹੈ। ਕਹਿੰਦੇ, ਗੱਲ ਤਾਂ ਦੱਸ ਕੋਈ? ਉਸ ਵੇਲੇ ਦੱਸ ਨਹੀਂ ਸਕਦਾ। ਵਿਆਸ ਜੀ ਨੇ ਇਹਨੂੰ ਕੱਢਿਆ, ਕੱਢ ਕੇ ਕਹਿਣ ਲੱਗੇ ਬੇਟਾ! ਫੇਰ ਹੁਣ ਦੱਸ ਗਿਆਨਵਾਨ ਜਿਹੜਾ ਹੈ ਉਹਨੂੰ ਮਾਇਆ ਸੁੱਟ ਲੈਂਦੀ ਹੈ ਜਾਂ ਨਹੀਂ। ਕਹਿੰਦਾ ਮਹਾਰਾਜ ਸੁੱਟ ਲੈਂਦੀ ਹੈ।

ਕਹਿੰਦੇ ਇਹ ਪੁਰਖ ਸਾਧਨ ਹੈ, ਇਹਨੂੰ ਮਾਇਆ ਸਿੱਟ ਲੈਂਦੀ ਹੈ। ਮਹਾਰਾਜ ਕਹਿੰਦੇ, ਪ੍ਰੇਮੀਓ! ਇਹ ਜਿਹੜੀ –

***ਮਾਯਾ ਲੇ ਇਨ ਕੋ ਭਰਮਾਇ।***
***ਬਡੇ ਜਤਨ ਤੇ ਉਬਰ ਸੋ ਜਾਇ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਬਹੁਤ ਵੱਡਾ ਯਤਨ ਕਰੇ ਤਾਂ ਲੰਘਦੇ ਨੇ ਇਹ ਸਾਧਨ। ਇਨ੍ਹਾਂ 'ਚੋਂ ਜਿਹੜਾ ਪਹਿਲਾ ਹੈ ਉਹ ਵੈਰਾਗ ਹੈ। ਹੈ ਤਾਂ ਬੜੇ ਸ੍ਰੇਸ਼ਟ। ਵੈਰਾਗ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਤਾਂ ਵੈਰਾਗ ਹੁੰਦਾ ਹੈ ਤਨ ਦਾ, ਇਕ ਹੁੰਦਾ ਹੈ ਮਨ ਦਾ। ਵੈਸੇ ਵੈਰਾਗ ਨੌਂ ਤਰ੍ਹਾਂ ਦਾ ਗਿਣਿਆ ਹੈ। ਜਿਨ੍ਹਾਂ ਦੇ ਵਿਚੋਂ ਤਿੰਨ ਵੱਡੇ ਵੈਰਾਗ ਨੇ। ਕਿਉਂਕਿ ਵੈਰਾਗ ਜੇ ਲਗ ਜਾਵੇ ਤਾਂ ਭਗਤੀ ਕਰਦਾ ਹੈ ਬੰਦਾ ਨਹੀਂ ਤਾਂ ਕਰਦਾ ਹੀ ਨਹੀਂ। ਵੈਰਾਗ ਨਹੀਂ ਲੱਗਿਆ ਭਗਤੀ ਨਹੀਂ ਹੁੰਦੀ। ਵੈਰਾਗ ਜ਼ਰੂਰੀ ਚੀਜ਼ ਹੈ। ਪਹਿਲਾ ਵੈਰਾਗ ਹੈ ਮਾਮੂਲੀ ਵੈਰਾਗ ਹੋ ਜਾਣਾ ਘਰ ਵਾਲੇ ਲੜ ਪਏ, ਆਦਮੀ ਤੀਵੀਂ ਦੀ ਲੜਾਈ ਹੋ ਗਈ, ਲੜਾਈ ਹੋਈ ਤਾਂ ਉਠ ਕੇ ਤੁਰ ਗਿਆ, ਜਾ ਕੇ ਬਾਹਰ ਬਹਿ ਗਿਆ, ਬੱਚਿਆਂ ਨਾਲ ਲੜ ਪਿਆ ਬਾਹਰ ਜਾ ਕੇ ਬਹਿ ਗਿਆ। ਨੂੰਹ ਨਾਲ ਲੜ ਪਿਆ, ਬਾਹਰ ਜਾ ਕੇ ਬਹਿ ਗਿਆ। ਹੁਣ ਭੁੱਖ ਲੱਗੀ ਰੋਟੀ ਕੌਣ ਦੇਵੇ? ਬਾਹਰ ਖੇਤਾਂ 'ਚ ਬੈਠਾ ਹੈ ਦੂਰ ਕਿਸੇ ਦੇ। ਉਥੇ ਸ਼ਾਮ ਹੋ ਗਈ, ਜਿਹੜਾ ਲੰਘਦਾ ਹੈ ਪੜੋਸੀ ਦੇਖ ਲਿਆ, ਕਹਿੰਦਾ ਸਾਡੇ ਘਰ ਦੱਸ ਦੇਈਂ ਕਿ ਮੈਂ ਇਥੇ ਬੈਠਾ ਹਾਂ। ਮਤਲਬ ਕੀ ਮੈਨੂੰ ਲੈ ਜਾਣ ਆ ਕੇ। ਜੇ ਨਾ ਲੈ ਕੇ ਜਾਣ ਫੇਰ ਆਪੇ ਹੀ ਆ ਜਾਂਦਾ ਹੈ ਦੱਸ ਕੁ ਵਜੇ। ਦਰਵਾਜ਼ੇ ਮੂਹਰੇ ਬਹਿ ਜਾਂਦਾ ਹੈ ਰੁੱਸ ਕੇ, ਫੇਰ ਉਹ ਮਨਾ ਲੈਂਦੇ ਨੇ। ਇਹਨੂੰ ਗਧਾ ਵੈਰਾਗ ਕਹਿੰਦੇ ਨੇ। ਵੈਰਾਗ ਤਾਂ ਹੋ ਗਿਆ ਪਰ ਇਹਦਾ ਕੋਈ ਮਤਲਬ ਨਹੀਂ ਹੋਇਆ ਕਰਦਾ। ਦੂਸਰਾ ਹੋਇਆ ਕਰਦਾ ਹੈ ਘੋੜਾ ਵੈਰਾਗ। ਕੋਈ ਗੱਲ ਦਾ ਘਰ ਵਿਚ ਨਫਾਕ ਝਗੜਾ ਪੈ ਗਿਆ, ਜ਼ਿਆਦਾ ਤੂੰ-ਤੂੰ, ਮੈਂ-ਮੈਂ ਹੋ ਗਈ, ਕੋਈ ਚੜ੍ਹਾਈ ਕਰ ਗਿਆ, ਵੈਰਾਗ ਹੋ ਗਿਆ ਕਿ ਹੁਣ ਭਗਤੀ ਕਰਨੀ ਹੈ ਸੰਤਾਂ ਕੋਲ ਚੱਲੀਏ। ਕਿਸੇ ਨੇ ਕੋਈ ਮੰਦ ਬਚਨ ਕਹਿ ਦਿਤੇ, ਕਹਿੰਦਾ ਹੁਣ ਤਾਂ ਇਥੇ ਰਹਿਣਾ ਹੀ ਨਹੀਂ ਚਲੇ ਹੀ ਜਾਣਾ ਹੈ। ਉਹ ਮਹੀਨਾ ਦੋ ਮਹੀਨੇ ਰਹਿ ਕੇ ਘਰ ਯਾਦ ਆਉਂਦਾ ਹੈ, ਪੋਤੇ ਯਾਦ ਆਉਣ ਲਗ ਜਾਂਦੇ ਨੇ ਕਿ ਮੇਰੇ ਨਾਲ ਖੇਲ੍ਹਦੇ ਹੁੰਦੇ ਸੀ, ਐਉਂ ਕਰਦੇ ਸੀ, ਚਲੋ ਕੋਈ ਨਹੀਂ ਜੇ ਕਹਿ ਲਿਆ ਤਾਂ ਕੀ ਹੈ।

ਇਕ ਵਾਰੀ ਮੈਂ ਰਾੜਾ ਸਾਹਿਬ ਗਿਆ ਉਥੇ ਇਕ ਬਾਬਾ ਆਇਆ ਛੋਟੇ ਮਹਾਰਾਜ ਜੀ ਕੋਲ। ਕਹਿੰਦੇ, ਬਾਬਾ! ਕੀ ਗੱਲ ਹੈ? ਕਹਿੰਦਾ ਮਹਾਰਾਜ! ਮੈਂ ਇਥੇ ਰਹਿਣਾ ਹੈ। ਉਥੇ ਹੁਣ ਰੋਜ਼ ਹੀ ਇਹੋ ਜਿਹੀਆਂ ਗੱਲਾਂ ਹੁੰਦੀਆਂ ਸੀ। ਕਹਿੰਦੇ, ਕੀ ਗੱਲ ਨੂੰਹ ਨਾਲ ਲੜ ਪਿਆ। ਕਹਿੰਦਾ, ਹਾਂ ਮਹਾਰਾਜ! ਤੁਸੀਂ ਤਾਂ ਅੰਤਰਜਾਮੀ ਓਂ। ਕਹਿੰਦੇ, ਆਹ ਚਾਬੀ ਲੈ ਲੈ, ਜਿਸ ਦਾ ਦਿਨ ਜਾਣਾ ਹੋਇਆ ਆਹ ਬਕਸੇ 'ਚ ਪਾ ਜਾਈਂ ਚਾਬੀ। ਜਾਹ ਉਥੇ ਬਿਸਤਰਾ ਵਗੈਰਾ ਸਭ ਕੁਛ ਪਿਆ ਹੈ। ਉਹ ਚਲਿਆ ਗਿਆ, ਮੇਰੇ ਨਾਲ ਹਰਬੰਸ ਸਿੰਘ ਦੁਆਬੀਆ ਸੀ, ਅਸੀਂ ਦੋਵੇਂ ਚਲੇ ਗਏ ਅਸੀਂ ਉਸ ਤੋਂ ਅਤਾ ਪਤਾ ਪੁੱਛਣ ਲੱਗ ਗਏ ਕਿ ਤੂੰ ਕਿੱਥੇ ਦਾ ਹੈਂ। ਕਹਿੰਦਾ ਅੰਬਾਲੇ ਦੇ ਕੋਲ ਹੈ ਮੇਰਾ ਪਿੰਡ। ਮੈਂ ਕਿਹਾ, ਬਾਬਾ! ਸੱਚੀਂ-ਸੱਚੀਂ ਗੱਲ ਦੱਸ ਕੀ ਹੋਈ ਸੀ? ਕਹਿੰਦਾ, ਮੇਰੀ ਨੂੰਹ ਬੜੀ ਖਰਾਬ ਹੈ ਉਹਨੇ ਧੱਕਾ ਦੇ ਛਾਤੀ ਤੇ ਗੋਡਾ ਧਰ ਕੇ ਮੇਰਾ ਗਲ ਘੁੱਟਣ ਲਗ ਗਈ, ਕਹਿੰਦੀ ਨਹੀਂ ਤਾਂ ਜਾਇਦਾਦ ਨਾਮ ਕਰਦਾ ਠੀਕ, ਨਹੀਂ ਤਾਂ ਤੈਨੂੰ ਮਾਰ ਦੇਣਾ ਹੈ। ਕਹਿੰਦਾ, ਮੈਂ ਬਚ ਕੇ ਨੱਠ ਆਇਆ। ਉਸ ਤੋਂ ਬਾਅਦ ਜਦੋਂ ਇਕ ਮਹੀਨਾ ਲੰਘਿਆ ਉਥੇ ਫੇਰ ਕੁਦਰਤੀ ਮੈਂ ਚਲਿਆ ਗਿਆ। ਮੈਂ ਕਿਹਾ ਬਾਬੇ ਦਾ ਪਤਾ ਲਈਏ। ਉਥੇ ਜਦੋਂ ਮੈਂ ਜਾ ਕੇ ਪਤਾ ਕਰਿਆ, ਬਿਰਧਾਂ ਦੇ ਆਸ਼ਰਮ ਵਿਚ। ਮੈਂ ਕਿਹਾ ਕਿ ਉਹ ਬਾਬਾ ਕਿੱਥੇ ਹੈ ਅੰਬਾਲੇ ਵਾਲਾ। ਕਹਿੰਦੇ ਬਾਬਾ ਜੀ! ਨੂੰਹ ਆ ਗਈ, ਉਹਦਾ ਮੁੰਡਾ ਆ ਗਿਆ, ਕਹਿੰਦੇ ਸਾਨੂੰ ਤਾਂ ਲੋਕ ਮਿਹਣੇ ਦਿੰਦੇ ਨੇ ਕਿ ਘਰੋਂ ਕੱਢ ਦਿਤਾ ਬਿਰਧ। ਗੁਰਦੁਆਰੇ ਰਹਿੰਦਾ ਹੈ, ਸਾਡੇ ਤੋਂ ਭੁੱਲ ਹੋ ਗਈ ਹੁਣ ਨਹੀਂ ਅਸੀਂ ਕੱਢਦੇ।

ਤੂੰ ਚੱਲ ਘਰ ਨੂੰ। ਕਹਿੰਦੇ, ਆਰਾਮ ਨਾਲ ਹੀ ਤੁਰ ਪਿਆ, ਕੋਈ ਸ਼ਰਤ ਨਹੀਂ ਮਨਾਈ। ਪਹਿਲਾਂ ਹੀ ਕਹਿੰਦਾ ਹੁੰਦਾ ਸੀ ਕਿ ਮੇਰੇ ਪੋਤੇ ਬੜੇ ਯਾਦ ਆਉਂਦੇ ਨੇ। ਉਹ ਬਰੋਟੇ ਥੱਲੇ ਮੈਂ ਬਹਿੰਦਾ ਹੁੰਦਾ, ਮੇਰੇ ਮਿੱਤਰ ਐਉਂ ਨੇ, ਉਥੇ ਦੀਆਂ ਹੀ ਗੱਲਾਂ ਕਰੀ ਗਿਆ। ਇਹਨੂੰ ਘੋੜਾ ਵੈਰਾਗ ਕਹਿੰਦੇ ਨੇ, ਲਗ ਤਾਂ ਜਾਂਦਾ ਹੈ ਲੇਕਿਨ ਥੋੜ੍ਹੀ ਦੇਰ ਬਾਅਦ ਖਤਮ ਹੋ ਜਾਂਦਾ ਹੈ।

ਉਸ ਤੋਂ ਬਾਅਦ ਤੀਸਰਾ ਹੋਇਆ ਕਰਦਾ ਹੈ ਸ਼ੇਰ ਵੈਰਾਗ। ਉਹ ਇਕ ਵਾਰੀ ਲੱਗ ਜਾਵੇ, ਜਿਹਨੂੰ ਲੱਗ ਗਿਆ ਉਹ ਫੇਰ ਨਹੀਂ ਆਉਂਦਾ ਹੁੰਦਾ। ਜਿਹਨੂੰ ਲੱਗ ਗਿਆ ਸੋ ਲੱਗ ਗਿਆ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਕਿ ਦੋ ਤਰ੍ਹਾਂ ਦਾ ਵੈਰਾਗ ਭਾਈ ਹੈਗਾ, ਇਕ ਤਾਂ ਹੁੰਦਾ ਹੈ ਤਨ ਦਾ, ਤਨ ਦੇ ਨਾਲ ਘਰ ਛੱਡ ਦਿਤਾ, ਬਾਲ ਬਾਚਿਆਂ ਨਾਲੋਂ ਸਬੰਧ ਛੱਡ ਦਿਤਾ। ਦੂਰ ਆ ਗਿਆ, ਕਿਸੇ ਆਸ਼ਰਮ 'ਚ ਰਹਿਣਾ ਸ਼ੁਰੂ ਕਰ ਦਿਤਾ। ਲੇਕਿਨ ਉਥੇ ਆ ਕੇ ਵਾਸ਼ਨਾਵਾਂ ਮਨ ਨੂੰ ਫੇਰ ਤੰਗ ਕਰਦੀਆਂ ਨੇ ਤੇ ਤਨ ਦਾ ਜਿਹੜਾ ਵੈਰਾਗ ਹੈ, ਹਠ ਦਾ ਜਿਹੜਾ ਵੈਰਾਗ ਹੈ ਉਹ ਰਿਹਾ ਨਹੀਂ ਕਰਦਾ, ਮੁੜ ਕੇ ਫੇਰ ਫਸ ਜਾਂਦਾ ਹੈ। ਸੰਤਾਂ ਨੇ ਦੇ ਦਿਤੇ ਦੋ-ਦੋ ਚੋਲੇ ਤੇ ਉਹਦਾ ਇਕ ਚੋਲਾ ਨਾਲ ਦੇ ਕਮਰੇ ਵਾਲੇ ਨੇ ਚੁੱਕ ਲਿਆ, ਉਥੇ ਹੀ ਮਰਨ ਵਾਸਤੇ ਤਿਆਰ ਹੋ ਜਾਂਦਾ ਹੈ। ਮੇਰਾ ਚੋਲਾ, ਕਹਿੰਦੇ ਤੂੰ ਘਰ ਛੱਡਿਆ, ਬਾਰ ਛੱਡਿਆ ਚੋਲੇ 'ਚ ਫੇਰ ਮੋਹ ਪਾਇਆ ਹੋਇਆ ਹੈ ਤੂੰ। ਕਿਉਂਕਿ ਹਠ ਦੇ ਨਾਲ ਛੱਡਿਆ ਹੋਇਆ ਹੈ।

ਦੂਸਰਾ ਹੁੰਦਾ ਹੈ ਮਨ ਦਾ ਵੈਰਾਗ। ਮਨ ਦਾ ਵੈਰਾਗ ਜਿਹੜਾ ਹੈ ਉਹ ਸਾਰੀਆਂ ਵਾਸ਼ਨਾਵਾਂ ਛੱਡ ਕੇ ਲਗਦਾ ਹੈ। ਸੋ ਜਿੰਨੀ ਦੇਰ ਤੱਕ ਕੋਈ ਵੈਰਾਗ ਨਹੀਂ ਕਰਦਾ। ਤਿਆਗ ਨਹੀਂ ਕਰਦਾ ਓਨੀਂ ਦੇਰ ਤੱਕ ਮਾਇਆ ਨਹੀਂ ਛੁਟਦੀ। ਕਹਿੰਦੇ ਤਿਆਗ ਕਾਹਦਾ ਕਰੇ? ਮਹਾਰਾਜ ਕਹਿੰਦੇ, ਤਿਆਗ ਜੇ ਤੂੰ ਕਰਨਾ ਹੈ ਤਾਂ ਹਉਮੈ ਦਾ ਤਿਆਗ ਕਰ। ਜੇ ਹਉਮੈ ਦਾ ਤਿਆਗ ਕਰੇਂਗਾ ਤਾਂ ਤੂੰ ਤਿਆਗੀ ਬਣੇਗਾ।

***ਬਿਨੁ ਬੈਰਾਗ ਕਹਾ ਬੈਰਾਗੀ ॥***
***ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥***

***ਅੰਗ - ੧੧੪੦***

ਜਿੰਨੀ ਦੇਰ ਤੱਕ ਹਉਮੈ ਦਾ ਤਿਆਗ ਨਹੀਂ ਕਰਦਾ। ਪੂਰਾ ਵੈਰਾਗੀ ਨਹੀਂ ਹੋਇਆ ਕਰਦਾ। ਸੋ ਵੈਰਾਗ ਜਿਹੜਾ ਹੈ ਇਹ ਦੋ ਤਰ੍ਹਾਂ ਦਾ ਹੈ ਇਕ ਤਨ ਦਾ ਤੇ ਇਕ ਮਨ ਦਾ। ਮਨ ਦਾ ਸਹੀ ਹੁੰਦਾ ਹੈ, ਜੇ ਮਨ ਦਾ ਵੈਰਾਗ ਕਰੇ ਬੇਸ਼ੱਕ ਘਰ ਰਹੀ ਜਾਵੇ। ਬਾਲ-ਬੱਚਿਆਂ 'ਚ ਰਹੀ ਜਾਏ, ਕੰਮ ਕਰੀ ਜਾਵੇ, ਲੇਕਿਨ ਅੰਦਰ ਵੈਰਾਗ ਲੱਗ ਗਿਆ। ਉਹ ਪ੍ਰਮੇਸ਼ਰ ਵਲ ਹੋ ਜਾਂਦਾ ਹੈ ਕਿਉਂਕਿ ਐਸੇ ਭਾਵ ਦੇ ਬਚਨ ਸੁਣਦਾ ਹੈ ਮਹਾਂਪੁਰਸ਼ਾਂ ਤੋਂ।

***ਰੇ ਨਰ ਇਹ ਸਾਚੀ ਜੀਅ ਧਾਰਿ ॥***
***ਸਗਲ ਜਗਤੁ ਹੈ ਜੈਸੇ ਸੁਪਨਾ***
***ਬਿਨਸਤ ਲਗਤ ਨ ਬਾਰ ॥੧॥ ਰਹਾਉ ॥***
***ਬਾਰੂ ਭੀਤਿ ਬਨਾਈ***
***ਰਚਿ ਪਚਿ ਰਹਤ ਨਹੀ ਦਿਨ ਚਾਰਿ ॥***
***ਤੈਸੇ ਹੀ ਇਹ ਸੁਖ ਮਾਇਆ ਕੇ***
***ਉਰਝਿਓ ਕਹਾ ਗਵਾਰ ॥***
***ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ***
***ਭਜਿ ਲੇ ਨਾਮੁ ਮੁਰਾਰਿ ॥***
***ਕਹੁ ਨਾਨਕ ਨਿਜ ਮਤੁ ਸਾਧਨ***
***ਕਉ ਭਾਖਿਓ ਤੋਹਿ ਪੁਕਾਰਿ ॥ ਅੰਗ - ੬੩੩***

ਇਹ ਜਿਹੜਾ ਸੰਸਾਰ ਹੈ ਇਹ ਰੇਤੇ ਦੀ ਗੰਢ ਹੈ। ਜਦੋਂ ਐਸ ਤਰ੍ਹਾਂ ਦੇ ਬਚਨ ਗੁਰੂ ਗ੍ਰੰਥ ਸਾਹਿਬ ਮਹਾਰਾਜ 'ਚੋਂ ਸੁਣਦਾ ਹੈ ਉਹਨੂੰ ਵੈਰਾਗ ਕਹਿੰਦੇ ਨੇ। ਅਸਲੀ ਵੈਰਾਗ ਹੁੰਦਾ ਹੈ -

***ਬ੍ਰਹਮ ਲੋਕ ਲੌਂ ਭੋਗ ਜੇ ਚਹੈ ਸਬਨ ਕੋ ਤਿਆਗ॥***

***ਵਿਚਾਰ ਸਾਗਰ, ਪੰਨਾ 5***

ਐਸ ਲੋਕ ਦੇ ਭੋਗਾਂ ਨੂੰ, ਸਵਰਗ ਲੋਕ ਦੇ ਭੋਗਾਂ ਨੂੰ, ਬ੍ਰਹਮ ਲੋਕ ਤੱਕ ਦੇ ਭੋਗਾਂ ਨੂੰ -

***ਵੇਦ ਅਰਥ ਗਿਆਤਾ ਮੁਨੀ ਕਹਤ ਤਾਹਿ ਵੈਰਾਗ॥***

***ਵਿਚਾਰ ਸਾਗਰ, ਪੰਨਾ 5***

ਕਹਿੰਦੇ ਉਹਨੂੰ ਅਸਲੀ ਵੈਰਾਗ ਕਹਿੰਦੇ ਨੇ। ਸੋ ਜਿਹੜੀ ਮਾਇਆ ਹੈ ਸਾਧਸੰਗਤ ਜੀ! ਇਹ ਬਗੈਰ ਵੈਰਾਗ ਤੋਂ ਛੁਟ ਨਹੀਂ ਸਕਦੀ।

ਸੋ ਜਿੰਨੀ ਦੇਰ ਤੱਕ ਹਿਰਦੇ 'ਚ ਵੈਰਾਗ ਪੈਦਾ ਨਹੀਂ ਹੁੰਦਾ, ਓਨੀਂ ਦੇਰ ਤੱਕ ਮਾਇਆ 'ਚੋਂ ਆਦਮੀ ਨਿਕਲ ਨਹੀਂ ਸਕਦਾ। ਮਾਇਆ ਇਸਨੂੰ ਮੁੜ-ਮੁੜ ਕੇ ਭੁਲਾ ਕੇ ਚੱਕਰਾਂ 'ਚ ਪਾ ਦਿੰਦੀ ਹੈ। ਕਿਸੇ ਦੇ ਨਾਲ ਵੈਰ, ਕਿਸੇ ਨਾਲ ਪਿਆਰ। ਕੋਈ ਆਪਣਾ ਕੋਈ ਬੇਗਾਨਾ। ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਜਦ ਤੱਕ ਵੈਰਾਗ ਨਹੀਂ ਹੁੰਦਾ -

***ਨਾ ਮੈ ਜੋਗ ਧਿਆਨ ਚਿਤੁ ਲਾਇਆ ॥***
***ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥***
***ਕੈਸੇ ਜੀਵਨੁ ਹੋਇ ਹਮਾਰਾ ॥***
***ਜਬ ਨ ਹੋਇ ਰਾਮ ਨਾਮ ਅਧਾਰਾ ॥***

***ਅੰਗ - ੩੩੦***

ਕਹਿਣ ਲੱਗੇ, ਜਿਹੜੇ ਪਦਾਰਥ ਮਿਲਦੇ ਨੇ, ਉਨ੍ਹਾਂ ਨੂੰ ਪ੍ਰਾਲਬਧ ਦਾ ਜਾਣ ਕੇ ਭੋਗਦਾ ਰਹੇ ਤੇ ਬਾਕੀ ਕਿਸੇ ਚੀਜ਼ ਦੀ ਵਾਸ਼ਨਾ ਨਾ ਕਰੇ। ਇਸ ਤਰ੍ਹਾਂ ਦਾ ਜੇ ਵੈਰਾਗ ਪੈਦਾ ਹੁੰਦਾ ਹੈ ਉਸ ਵੇਲੇ ਮਾਇਆ ਦਾ ਅਸਰ ਲਹਿਣਾ ਸ਼ੁਰੂ ਹੁੰਦਾ ਹੈ ਨਹੀਂ ਤਾਂ ਹੁੰਦਾ ਨਹੀਂ। ਸੋ ਮਹਾਰਾਜ ਕਹਿਣ ਲੱਗੇ ਦੇਖੋ, ਪ੍ਰੇਮੀਓ! ਇਹ ਤੁਹਾਨੂੰ ਵੈਰਾਗ ਦੀ ਗੱਲ ਦੱਸੀ ਹੈ, ਹੁਣ ਅਸੀਂ ਦੂਸਰੀ ਦੱਸਦੇ ਹਾਂ ਯੋਗ ਦੀ। ਯੋਗ ਬਹੁਤ ਕਿਸਮ ਦਾ ਹੈ ਤੇ ਉਨ੍ਹਾਂ ਦੇ ਵਿਚੋਂ ਹੈਂ ਸਾਰੇ ਹੀ ਸ੍ਰੇਸ਼ਟ ਜੇ ਕੋਈ ਕਰ ਲਏ ਕਰ ਲਏ। ਉਹਦੇ ਨਾਲ ਲੰਘ ਤਾਂ ਜਾਂਦਾ ਹੈ ਪਰ ਹੈ ਔਖਾ ਥੋੜ੍ਹਾ ਜਿਹਾ। ਮਾਇਆ ਦਾ ਅਸਰ ਪੈਂਦਾ ਹੈ ਇਹਦੇ 'ਤੇ। ਕਹਿਣ ਲੱਗੇ ਉਹ ਵੀ ਆਪ ਕ੍ਰਿਪਾ ਕਰਕੇ ਦੱਸ ਦਿਓ, ਮਹਾਰਾਜ ਪਹਿਲਾ ਯੋਗ ਹੈ ਜਿਹੜਾ ਇਹਨੂੰ ਅਸ਼ਟਾਂਗ ਯੋਗ ਕਹਿੰਦੇ ਨੇ ਇਹਨੂੰ, ਰਾਜ ਯੋਗ। ਇਹਦੇ ਵਿਚ ਦੱਸ ਯਮ ਨੇ, ਦੱਸ ਨੇਮ ਨੇ। ਇਹ ਤਾਂ

ਹੋ ਗਏ ਦੋ ਅੰਗ ਤੀਸਰਾ ਹੁੰਦਾ ਹੈ ਇਕਾਂਤ। ਚੌਥਾ ਹੁੰਦਾ ਹੈ ਆਸਣ, ਪੰਜਵਾਂ ਹੁੰਦਾ ਹੈ ਪ੍ਰਾਣਾਯਾਮ, ਛੇਵਾਂ ਹੁੰਦਾ ਹੈ ਧਾਰਨਾ, ਸੱਤਵਾਂ ਧਿਆਨ, ਅੱਠਵੀਂ ਸਮਾਧੀ। ਇਹ ਸਾਰੇ ਗੁਰਸਿੱਖ ਇਹ ਵੀ ਕਰਦੇ ਨੇ। ਭਗਤ ਯੋਗ ਵੀ ਕਰਦੇ ਨੇ, ਦੋਵੇਂ ਪਾਸੇ ਚਲਦੇ ਨੇ। ਸੋ ਕਹਿਣ ਲੱਗੇ, ਮਹਾਰਾਜ! ਯਮ ਕੀ ਹੋਏ। ਮਹਾਰਾਜ ਕਹਿੰਦੇ ਸਰੀਰ ਤੇ ਮਨ ਨਾਲ ਸਬੰਧ ਰੱਖਣ ਵਾਲੀਆਂ ਚੀਜ਼ਾਂ, ਪਹਿਲਾ ਹੈ ਅਹਿੰਸਾ। ਨਾ ਤਾ ਸਰੀਰ ਕਰਕੇ ਕਿਸੇ ਨੂੰ ਦੁਖੀ ਕਰਨਾ, ਨਾ ਬਚਨ ਕਰਕੇ ਕਰਨਾ, ਨਾ ਮਨ ਕਰਕੇ ਕਰਨਾ, ਮਨ ਵਿਚ ਭਾਵਨਾ ਰੱਖਣੀ।

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਤੇ ਨਾ ਜ਼ੁਬਾਨ ਨਾਲ ਕਰਨਾ, ਫਿੱਕਾ ਨਹੀਂ ਬੋਲਣਾ, ਮਿੱਠਾ ਬੋਲਣਾ। ਸੋ ਨਾ ਬੁੱਧੀ ਦੇ ਨਾਲ ਕਿਸੇ ਦੀ ਹਿੰਸਾ ਕਰਨੀ। ਨਾ ਆਪਣੀ ਆਤਮਕ ਸ਼ਕਤੀ ਨਾਲ, ਨਾ ਮੰਤਰ ਦੇ ਬਲ ਨਾਲ ਹਿੰਸਾ ਕਰਨੀ ਸੋ ਇਹਦੇ ਉਲਟ ਅਹਿੰਸਾ 'ਚ ਰਹਿਣਾ ਹੈ। ਦੂਸਰਾ ਹੋਇਆ ਕਰਦਾ ਹੈ ਸੱਚ। ਸਤਿ ਵਰਤੀ ਹੋਵੇ। ਜੋ ਬਚਨ ਕਰ ਲਿਆ ਉਹਦੇ ਉਤੇ ਪੂਰਾ ਪਹਿਰਾ ਦੇਣਾ, ਮੈਂ ਸਵੇਰੇ ਦੱਸਿਆ ਸੀ, (ਗੁਰੂ ਮਹਾਰਾਜ) ਅਮਰਦਾਸ ਜੀ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਤੁਰੇ ਜਾਂਦੇ ਨੇ। ਬਰਾਬਰ-ਬਰਾਬਰ ਜਾ ਰਹੇ ਨੇ, ਗੁਰੂ ਤੀਸਰੇ ਪਾਤਸ਼ਾਹ ਦਾ ਬਾਜੂ, (ਬਾਂਹ) ਗੁਰੂ ਅੰਗਦ ਸਾਹਿਬ ਤੋਂ ਅੱਗੇ ਲੰਘ ਗਿਆ। ਉਸੇ ਵੇਲੇ ਉਨ੍ਹਾਂ ਨੇ ਕਿਹਾ ਕਿ ਹੈਂ ਸਤਿਗੁਰੂ ਤੋਂ ਅੱਗੇ ਮੇਰਾ ਬਾਜੂ ਲੰਘ ਗਿਆ ਤੇ ਅੱਜ ਤੋਂ ਬਾਅਦ ਇਸ ਬਾਂਹ ਤੋਂ ਕੰਮ ਨਹੀਂ ਲੈਣਾ। ਬਾਕੀ ਦੀ ਸਾਰੀ ਜ਼ਿੰਦਗੀ ਗੁਰੂ ਮਹਾਰਾਜ ਨੇ ਆਪਣੇ ਨਾਲ ਲਾ ਕੇ ਰੱਖੀ, ਕਿਉਂਕਿ ਸਤਿ ਪ੍ਰਤਿੱਗੀ ਸੀ। ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਅਜੇ ਜਦ ਬਚਪਨ ਵਿਚ ਸੀ, ਆਪ ਦਾ ਚੋਲਾ 72 ਕਲੀਆਂ ਦਾ ਸੀ, ਬਾਗ ਵਿਚ ਟਹਿਲ ਰਹੇ ਸੀ ਗੁਰੂ ਛੇਵੇਂ ਪਾਤਸ਼ਾਹ ਦੇ ਨਾਲ ਤੇ ਇਕ ਗੁਲਾਬ ਫੁੱਲ ਦੇ ਵਿਚ ਚੋਲਾ ਫਸ ਕੇ ਫੁੱਲ ਟੁੱਟ ਗਿਆ। ਗੁਰੂ ਮਹਾਰਾਜ ਜਦੋਂ ਵਾਪਸ ਦੂਜੇ ਚੱਕਰ 'ਚ ਆਏ ਕਹਿਣ ਲੱਗੇ, ਹਰਿਰਾਇ ਇਹ ਫੁੱਲ ਕੀਹਨੇ ਤੋੜ ਦਿਤਾ, ਕਹਿੰਦੇ ਮੇਰੇ ਤੋਂ ਟੁੱਟ ਗਿਆ ਮਹਾਰਾਜ। ਕਹਿੰਦੇ, ਜੇ ਐਡਾ ਵੱਡਾ ਚੋਲਾ ਪਾਉਣਾ ਹੈ ਤਾਂ ਸਾਂਭ ਕੇ ਰੱਖੀਦਾ ਹੁੰਦਾ ਹੈ। ਉਸੇ ਵੇਲੇ ਇਕੱਠਾ ਕਰ ਲਿਆ ਬਚਪਨ 'ਚ ਤੇ ਬਾਂਹ ਦੇ ਉਤੇ ਰੱਖ ਲਿਆ। ਸਾਰੀ ਜ਼ਿੰਦਗੀ ਚੋਲਾ ਤਾਂ ਪਾਇਆ 72 ਕਲੀਆਂ ਦਾ ਹੀ, ਪਰ ਸਾਰੀ ਜ਼ਿੰਦਗੀ ਇਕੱਠਾ ਕਰਕੇ ਬਾਂਹ ਦੇ ਉਤੇ ਰੱਖ ਲੈਂਦੇ ਸੀ ਕਿਉਂਕਿ ਇਹਨੂੰ ਸਤਿ ਪ੍ਰਤਿਗਿਆ ਕਹਿੰਦੇ ਨੇ। ਬੜੇ ਮਹਾਂਪੁਰਸ਼ ਸਤਿਪ੍ਰਤਿਗਿਆ ਕਰਦੇ ਸੀ। ਸੋ ਇਹ ਦੂਸਰਾ ਹੈ ਕਿ ਸਤਿ ਰਹੇ। ਤੀਸਰਾ ਹੋਇਆ ਕਰਦਾ ਹੈ ਚੋਰੀ ਨਾ ਕਰਨੀ, ਦੋ ਤਰ੍ਹਾਂ ਦੀ ਚੋਰੀ ਹੁੰਦੀ ਹੈ। ਇਕ ਹੁੰਦੀ ਹੈ ਮਨ ਦੀ ਚੋਰੀ, ਇਕ ਹੁੰਦੀ ਹੈ ਤਨ ਦੀ ਚੋਰੀ। ਤਨ ਦੀ ਚੋਰੀ ਬਹੁਤ ਕਿਸਮ ਦੀ ਹੈ, ਮਨ ਦੀ ਚੋਰੀ ਵੀ ਬਹੁਤ ਕਿਸਮ ਦੀ ਹੈ। ਸੋ ਮਨ ਦੀ ਚੋਰੀ ਹੋਇਆ ਕਰਦੀ ਹੈ, ਆਪਣੇ ਪਾਪਾਂ ਨੂੰ ਛੁਪਾ ਕੇ ਰੱਖਣਾ ਪ੍ਰਗਟ ਨਾ ਹੋਣ ਦੇਣਾ। ਇਹ ਮਨ ਦੀ ਚੋਰੀ ਹੋਇਆ ਕਰਦੀ ਹੈ, ਤਨ ਦੀ ਚੋਰੀ ਹੈ ਕਿ ਕਿਸੇ ਦਾ ਖਿਆਲ ਨੋਟ ਕਰ ਲੈਣਾ, ਕਿਸੇ ਦੀ ਕਵਿਤਾ ਨੋਟ ਕਰ ਲੈਣੀ। ਕਿਸੇ ਦੀ ਧਾਰਨਾ ਨੋਟ ਕਰ ਲੈਣੀ। ਕਿਸੇ ਦਾ ਲੈਕਚਰ ਨੋਟ ਕਰ ਲੈਣਾ ਫੇਰ ਆਪਣਾ ਬਣਾ ਕੇ ਦੱਸਣਾ। ਇਕ ਤਾਂ ਐਸੇ ਈਮਾਨਦਾਰ ਹੁੰਦੇ ਨੇ ਕਿ ਆਹ ਗੱਲ ਮਹਾਰਾਜ ਜੀ ਨੇ ਐਸ ਤਰ੍ਹਾਂ ਕਹੀ ਸੀ, ਮਹਾਰਾਜ ਜੀ ਨੇ ਆਹ ਬਚਨ ਕਿਹਾ ਸੀ, ਆਪਣਾ ਨਹੀਂ ਬਣਾਉਂਦੇ, ਮਹਾਂਪੁਰਸ਼ਾਂ ਦਾ ਰੱਖਦੇ ਨੇ। ਜੇ ਆਪਣਾ ਬਨਾਉਣਗੇ ਤਾਂ ਮਹਿਮਾ ਉਨ੍ਹਾਂ ਦੀ ਹੁੰਦੀ ਹੈ, ਜੇ ਮਹਾਂਪੁਰਸ਼ਾਂ ਦਾ ਕਹਿਣਗੇ ਤਾਂ ਉਨ੍ਹਾਂ ਦੀ ਚੋਰੀ ਨਹੀਂ ਹੁੰਦੀ, ਫੇਰ ਉਹ ਇਕ ਖਿਆਲ ਦਾ ਪ੍ਰਚਾਰ ਕਰਦੇ ਨੇ। ਹੁਣ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਅਸੀਂ ਤੋੜ ਮੋੜ ਆਪਣੀ ਬਣਾ ਦੇਈਏ ਤਾਂ ਇਹ ਵੱਡੀ ਭਾਰੀ ਚੋਰੀ ਹੈ। ਜੇ ਅਸੀਂ ਕਹਿੰਦੇ ਹਾਂ ਕਿ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਇਆ, ਫਲਾਣੇ ਮਹਾਂਪੁਰਸ਼ਾਂ ਨੇ ਆਹ ਬਚਨ ਕੀਤਾ ਫੇਰ ਇਹ ਚੋਰੀ ਨਹੀਂ ਹੋਇਆ ਕਰਦੀ। ਇਹ ਤਾਂ ਇਕ ਯਾਦ ਦਿਵਾਉਣੀ ਹੋਇਆ ਕਰਦੀ ਹੈ ਬਚਨਾਂ ਦੀ। ਜਿਹੜਾ ਆਪਣੀ ਬਣਾਵੇ, ਆਪਣੀਆਂ ਸਾਰੀਆਂ ਚੀਜ਼ਾਂ ਚੋਰੀ ਕਰਦੇ ਨੇ, ਟਿਊਨਾਂ ਚੋਰੀ ਕਰ ਲੈਂਦੇ ਨੇ, ਆਪਣੀ ਬਣਾ-ਬਣਾ ਕੇ ਸੁਣਾਉਂਦੇ ਨੇ, ਪੈਸੇ ਤਾਂ ਉਨ੍ਹਾਂ ਨੂੰ ਮਿਲਣੇ ਨੇ ਜਿਹਨੇ ਉਸ ਵੇਲੇ ਸੁਣਾਉਣੀ ਹੈ ਟਿਊਨ ਕਿਸੇ ਤੇ ਚੋਰੀ ਕਰਕੇ ਆਪ ਸੁਣਾ ਰਿਹਾ ਹੈ। ਖਿਆਲ ਕਿਸੇ ਦੇ ਨੋਟ ਕਰ ਲਏ। ਕਵਿਤਾ ਕਿਸੇ ਦੀ, ਉਹਦੇ ਬੰਦ ਨੋਟ ਕਰਕੇ ਆਪਣੀ ਕਵਿਤਾ 'ਚ ਰਲਾ ਲਏ। ਉਹ ਵਾਹਵਾ-ਵਾਹਵਾ ਪ੍ਰਸੰਸਾ ਹੁੰਦੀ ਹੈ, ਕਿਉਂਕਿ ਸਾਰੇ ਤਾਂ ਪੜ੍ਹੇ ਨਹੀਂ ਹੁੰਦੇ, ਉਹ ਚੋਰ ਕਵੀ ਹੁੰਦੇ ਨੇ, ਚੋਰ ਲਿਖਾਰੀ ਹੁੰਦਾ ਹੈ, ਚੋਰ ਕੀਰਤਨੀਆਂ ਹੁੰਦਾ ਹੈ, ਸੋ ਮਹਾਰਾਜ ਕਹਿੰਦੇ ਇਹ ਚੋਰੀ ਦੋਵੇਂ ਤਰ੍ਹਾਂ ਦੀ ਛੱਡਣੀ। ਚੌਥਾ ਹੋਇਆ ਕਰਦਾ ਹੈ ਬ੍ਰਹਮਚਰੀਆ -

***ਦੇਖ ਪਰਾਈਆ ਚੰਗੀਆ ਮਾਵਾਂ ਧੀਆ ਭੈਣਾਂ ਜਾਣੇ।***
***ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੇ।***

ਸੋ ਇਹ ਬ੍ਰਹਮਚਰੀਆ ਹੋਇਆ ਕਰਦਾ ਹੈ। ਪੰਜਵਾਂ ਹੋਇਆ ਕਰਦਾ ਹੈ ਧੀਰਜ। ਧੀਰਜੀ ਬੰਦਾ ਹੋਣਾ, ਖਿਝਣਾ ਨਾ, ਛੇਤੀ ਦੇ ਕੇ ਭੱਖਣਾ ਨਾ। ਧੀਰਜ ਦੇ ਵਿਚ ਰਹਿਣਾ। ਛੇਵਾਂ ਹੋਇਆ ਕਰਦਾ ਹੈ ਖਿਮਾ। ਦੁਖੀ ਦੇਖ ਕੇ, ਗਲਤੀ ਦੇਖ ਕੇ ਫੇਰ ਖਿਮਾ ਕਰਨੀ। ਸੱਤਵਾਂ ਹੁੰਦਾ ਹੈ ਦਇਆ, ਦੁਖੀਆਂ ਦੇ ਉਤੇ, ਦੀਨਾਂ ਦੇ ਉਤੇ ਦਇਆ ਕਰਨੀ। ਅੱਠਵਾਂ ਹੁੰਦਾ ਹੈ ਕੋਮਲ ਹਿਰਦਾ, ਕਿਸੇ ਦਾ ਦੁਖ ਨਾ ਸਹਿ ਸਕਣਾ ਤੇ ਕੋਸ਼ਿਸ਼ ਕਰਨਾ ਇਕ ਇਹਦਾ ਦੁਖ ਮੈਂ ਦੂਰ ਕਰਾਂ। ਸੱਤਵਾਂ ਹੁੰਦਾ ਹੈ ਆਹਾਰ ਮਰਿਆਦਾ।

***ਅਲਪ ਆਹਾਰ ਸੁਲਪ ਸੀ ਨਿੰਦ੍ਰਾ***
***ਦਇਆ ਛਿਮਾ ਤਨ ਪ੍ਰੀਤ।***

ਆਪਣੀ ਭੁੱਖ ਤੋਂ ਚੌਥਾ ਹਿੱਸਾ ਥੋੜ੍ਹਾ ਖਾਣਾ। ਮਰਿਆਦਾ ਦੇ ਨਾਲ ਚੱਲਣਾ ਤੇ ਦੱਸਵਾਂ ਹੋਇਆ ਕਰਦਾ ਹੈ ਸੌਚ, ਪਵਿੱਤਰਤਾ, ਮਨ ਦੀ ਸੁੱਚ, ਸਰੀਰ ਦੀ ਸੁੱਚ, ਪਾਣੀ ਦੇ ਇਸ਼ਨਾਨ ਨਾਲ, ਵਸਤਰਾਂ ਦੀ ਸੁੱਚ ਵਸਤਰ ਧੋ ਕੇ, ਬਚਨਾਂ

ਦੀ ਸੁੱਚ ਨਾਮ ਜਪ ਕੇ, ਮਨ ਦੀ ਸੁੱਚ ਨੇਕ ਉਪਦੇਸ਼ਾਂ ਦੇ ਨਾਲ ਹੁੰਦੀ ਹੈ, ਬੁੱਧੀ ਦੀ ਸੁੱਚ ਭਜਨ ਕਰਨ ਦੇ ਨਾਲ ਹੁੰਦੀ ਹੈ। ਸੋ ਇਹ ਸਾਰੀਆਂ ਸੁੱਚਾਂ ਧਾਰਨ ਕਰਨੀਆਂ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ, ਦੱਸਾਂ ਚੀਜ਼ਾਂ ਨੂੰ ਯਮ ਕਹਿੰਦੇ ਨੇ। ਦੱਸ ਮਹਾਰਾਜ ਕਹਿੰਦੇ ਨੇਮ ਹੁੰਦੇ ਨੇ ਭਾਈ, ਪਹਿਲਾ ਹੁੰਦਾ ਹੈ ਤਪ, ਤਿੰਨ ਤਰ੍ਹਾਂ ਦਾ ਤਪ ਹੁੰਦਾ ਹੈ ਰਜੋ ਗੁਣੀ ਤਪ, ਸਤੋ ਗੁਣੀ ਤਪ, ਤਮੋ ਗੁਣੀ ਤਪ। ਧੂਣੀਆਂ ਤਾਪਣੀਆਂ। ਸਰੀਰ ਨੂੰ ਤੰਗ ਕਰਨਾ, ਭੁੱਖੇ ਰਹਿਣਾ, ਜਲ ਧਾਰੇ ਕਰਨੇ ਤਮੋ ਗੁਣੀ ਤਪ ਹੈ ਇਹਦਾ ਫਲ ਥੋੜ੍ਹਾ, ਕ੍ਰੋਧ ਬਹੁਤਾ। ਰਜੋ ਗੁਣੀ ਜਿਹੜਾ ਤਪ ਹੋਇਆ ਕਰਦਾ ਹੈ ਕਿਸੇ ਸਾਧਨ ਵਾਸਤੇ, ਮੈਂ ਬਿਮਾਰ ਹਾਂ ਤੇ ਮੈਂ ਰਾਜ਼ੀ ਹੋ ਜਾਵਾਂ, ਸੰਤ ਕਹਿੰਦੇ ਤੂੰ ਜਪੁਜੀ ਸਾਹਿਬ ਦਾ ਪਾਠ ਕਰ ਦੋ ਮਹੀਨੇ। ਉਹ ਤਪ ਕਰਨਾ, ਉਹਨੂੰ ਰਜੋ ਗੁਣੀ ਤਪ ਕਹਿੰਦੇ ਨੇ। ਤੀਸਰਾ ਹੁੰਦਾ ਹੈ ਸਤੋ ਗੁਣੀ ਤਪ। ਆਰਾਮ ਦੇ ਨਾਲ ਅੰਮ੍ਰਿਤ ਵੇਲੇ ਜਾਗਣਾ, ਰੋਜ ਨੇਮ ਦੇ ਨਾਲ ਭਜਨ ਕਰਨਾ। ਸੋ ਦੂਸਰਾ ਹੋਇਆ ਕਰਦਾ ਹੈ ਸੰਤੋਖ।

***ਯਥਾ ਲਾਭ ਸੰਤੁਸ਼ਟੇ।***

ਇਕ ਤਾਂ ਸੰਤੋਖ ਹੁੰਦਾ ਹੈ ਚੀਜ਼ ਹੱਥ 'ਚ ਨਹੀਂ ਆਉਂਦੀ। ਕਹਿੰਦੇ ਜੀ ਅਸੀਂ ਤਾਂ ਸੰਤੋਖੀ ਹਾਂ। ਉਹ ਤਾਂ ਨਿਰਾਰਥਕ ਹੈ, ਇਕ ਹੈ ਜਿੰਨੀ ਆ ਗਈ ਉਹਦੇ ਉਤੇ ਸੰਤੁਸ਼ਟ ਰਹਿਣਾ। ਤੀਸਰਾ ਹੋਇਆ ਕਰਦਾ ਹੈ ਆਸਤਕ ਬੁੱਧੀ, ਕਦੇ ਵੀ ਨਾਸਤਕਤਾ ਨਾ ਮਨ 'ਚ ਆਉਣ ਦੇਣੀ। ਚੌਥਾ ਹੋਇਆ ਕਰਦਾ ਹੈ ਦਾਨ, ਆਪਣੀ ਸ਼ੁਭ ਕਮਾਈ ਦੇ ਵਿਚੋਂ ਗੁਰੂ ਦੇ ਨਮਿਤ ਕੁਛ ਭੇਟ ਕਰਨਾ। ਪੰਜਵਾਂ ਹੋਇਆ ਕਰਦਾ ਹੈ ਪੂਜਾ, ਛੇਵਾਂ ਹੁੰਦਾ ਹੈ ਗੁਰੂ ਦਾ ਸ਼ਬਦ ਮੰਨਣਾ, 100% ਪਹਿਲਾਂ ਸੱਚ ਜਾਨਣਾ, ਉਹਨੂੰ ਫੇਰ ਮੰਨਣਾ। ਫੇਰ ਸੱਤਵਾਂ ਹੁੰਦਾ ਹੈ ਉਸ ਸ਼ਬਦ ਦੇ ਅਨੁਸਾਰ ਆਪਣਾ ਜੀਵਨ ਗੁਜ਼ਾਰਨਾ। ਪਾਖੰਡ ਆਦਿ ਦਾ ਤਿਆਗ ਕਰਨਾ। ਅੱਠਵਾਂ ਹੋਇਆ ਕਰਦਾ ਹੈ ਸਾਂਤਕੀ ਬਿਰਤੀ, ਕ੍ਰੋਧ ਵਾਲੀ ਬਿਰਤੀ ਨਹੀਂ ਰੱਖਣੀ ਤੇ ਸਦਾ ਚਿਹਰੇ ਦੇ ਉਤੇ ਖੇੜਾ ਰਹੇ। ਹੱਸੂ-ਹੱਸੂ ਕਰਦਾ ਚਿਹਰਾ ਹੋਵੇ ਤੇ ਸ਼ਾਂਤੀ ਵਾਲੀ ਬਿਰਤੀ ਹੋਵੇ, ਕੋਈ ਗੱਲ ਕਰਦਾ ਹੈ ਨਾਲ ਉਹਨੂੰ ਵੀ ਸ਼ਾਂਤੀ ਆ ਜਾਵੇ। ਤਪੇ ਨਾ ਗੱਲ ਕਰਕੇ। ਨੌਵਾਂ ਹੋਇਆ ਕਰਦਾ ਹੈ ਨਿਤਨੇਮ। ਨਿਤਨੇਮ ਦੇ ਮੁਤਾਬਿਕ ਇਸ਼ਨਾਨ ਕਰਨਾ, ਬਾਣੀ ਪੜ੍ਹਨੀ ਤੇ ਨਿਤਨੇਮ ਦੇ ਹਿਸਾਬ ਨਾਲ ਆਪਣੇ ਕਰਮ ਕਰਨੇ। ਦੱਸਵਾਂ ਹੋਇਆ ਕਰਦਾ ਹੋ 'ਹੋਮ'। ਹੋਮ ਹੁੰਦਾ ਹੈ ਲੰਗਰ, ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ ਬੜਾ ਭਾਰੀ ਪੁੰਨ ਹੁੰਦਾ ਹੈ ਤੇ ਦੂਸਰਾ ਹੁੰਦਾ ਹੈ ਕਿ ਵਿਸ਼ਿਆਂ ਨੂੰ ਬ੍ਰਹਮਗਿਆਨ ਦੀ ਅੱਗ ਦੇ ਵਿਚ ਦਗਧ ਕਰ ਦੇਣਾ। ਸੋ ਮਹਾਰਾਜ ਕਹਿਣ ਲੱਗੇ ਇਹ ਦੱਸ ਨੇ, ਯਮ ਨੇ। ਤੀਸਰਾ ਹੁੰਦਾ ਹੈ ਆਸਣ। ਆਸਣ ਦੋ ਹੁੰਦੇ ਨੇ ਇਕ ਪਦਮ ਆਸਣ ਹੁੰਦਾ ਹੈ ਇਕ ਸਿੱਧ ਆਸਣ ਹੁੰਦਾ ਹੈ। ਚੌਥਾ ਹੁੰਦਾ ਹੈ ਪ੍ਰਾਣਾਯਾਮ। ਉਹਦੇ ਵਿਚ ਰੇਚਕ, ਪੂਰਕ, ਕੁੰਭਕ ਤਿੰਨ ਹੁੰਦੇ ਨੇ। ਪਹਿਲਾਂ ਸਾਹ ਖਿੱਚਣਾ ਤੇ ਵਾਹਿਗੁਰੂ-ਵਾਹਿਗੁਰੂ ਕਹਿਣਾ, 12 ਵਾਰੀ ਵਾਹਿਗੁਰੂ-ਵਾਹਿਗੁਰੂ ਕਹਿ ਕੇ ਅੰਦਰ ਨੂੰ ਸਾਹ ਲਿਜਾਣਾ ਤੇ 24 ਵਾਰੀ ਰੋਕ ਕੇ ਕਹਿਣਾ ਤੇ ਫੇਰ 12 ਵਾਰੀ ਸਾਹ ਛੱਡਦੇ-ਛੱਡਦੇ ਕਹਿਣਾ। ਪਹਿਲੇ ਨੂੰ ਪੂਰਕ ਕਹਿੰਦੇ ਨੇ, ਦੂਸਰੇ ਠਹਿਰਾਉਣ ਵਾਲੇ ਨੂੰ ਕੁੰਭਕ ਕਹਿੰਦੇ ਨੇ, ਤੀਸਰੇ ਨੂੰ ਰੇਚਕ ਕਹਿੰਦੇ ਨੇ ਤੇ ਇਹਦੇ ਨਾਲ ਹੁੰਦਾ ਕੀ ਹੈ, ਇਹ ਵਧਦੇ-ਵਧਦੇ ਵੀਹ ਤੇ ਲੈ ਜਾਂਦਾ ਹੈ। ਵੀਹ ਤੋਂ ਅੰਦਰ ਨੂੰ ਸਾਹ ਲਿਜਾਣਾ ਜਿਹੜੀ ਨਾਸ ਤਾਂਈ ਲਿਜਾਣਾ ਹੈ, ਛੱਡਣ ਵੇਲੇ ਦੂਸਰੀ ਤਾਈਂ ਛੱਡਣਾ ਹੈ, ਫੇਰ ਜਿਸ ਤੋਂ ਛੱਡਿਆ ਹੈ ਉਹਦੀ ਤਾਂਈ ਫੇਰ ਖਿੱਚ ਕੇ ਅੰਦਰ ਨੂੰ ਲਿਆਉਣਾ ਹੈ। ਫੇਰ ਦੂਸਰੇ ਪਾਸੇ ਦੀ ਛੱਡਣਾ ਹੈ। ਇਹਨੂੰ ਪ੍ਰਾਣਾਯਾਮ ਕਹਿੰਦੇ ਨੇ। ਵੱਡਾ ਪ੍ਰਾਣਾਯਾਮ ਵੀ ਹੈ, ਛੋਟਾ ਵੀ ਹੈ। ਸੋ ਇਹਦੇ ਨਾਲ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹਿ ਕੇ ਗਿਣਤੀ ਦੇ ਮੁਤਾਬਿਕ ਵੀਹ ਵਾਰੀ ਕਹਿ ਕੇ ਅੰਦਰ ਨੂੰ ਜਾਣਾ, ਫੇਰ ਚਾਲੀ ਵਾਰੀ ਰੋਕ ਕੇ ਕਹਿਣਾ। ਵੀਹ ਵਾਰੀ ਛੱਡਣਾ ਅਭਿਆਸ ਦੇ ਨਾਲ, ਗਰਮ ਚੀਜ਼ਾਂ ਨਾ ਖਾਵੇ, ਖੁਸ਼ਕ ਚੀਜ਼ਾਂ ਨਾ ਖਾਵੇ, ਘਿਉ ਦੁੱਧ ਹੋਵੇ ਖਾਣ ਨੂੰ, ਬਦਾਮ ਹੋਣ ਤਾਂ ਇਹ ਚਲਦਾ ਹੈ ਨਹੀਂ ਤਾਂ ਕਮਲਾ ਹੋ ਜਾਂਦਾ ਹੈ ਆਦਮੀ। ਅੱਜਕਲ੍ਹ ਦਾ ਬੰਦਾ ਤਾਂ ਕੋਈ ਕਰ ਨਹੀਂ ਸਕਦਾ, ਪਹਿਲੇ ਬੰਦਿਆਂ ਦੇ ਸਰੀਰ ਤਕੜੇ ਹੁੰਦੇ ਉਹ ਕਰਦੇ ਸੀ। ਸਾਰੇ ਗੁਰਸਿੱਖ ਕਰਦੇ ਸੀ। ਇਹਦੇ ਨਾਲ ਕੀ ਹੁੰਦਾ ਸੀ ਕਹਿੰਦੇ ਤ੍ਰਿਕੁਟੀ ਦਾ ਰਾਹ ਖੁਲ੍ਹ ਜਾਂਦਾ ਸੀ। ਧਿਆਤਾ, ਧਿਆਨ, ਧੇਅ। ਰਾਹ ਖੁਲ੍ਹ ਕੇ ਦਸਮ ਦੁਆਰ ਦੇ ਵਿਚ ਪ੍ਰਾਣ ਠਹਿਰਨ ਲਗ ਜਾਂਦੇ ਸੀ ਤੇ ਉਥੇ ਅਨਹਦ ਦੀ ਧੁਨੀ ਖੁਲ੍ਹ ਜਾਂਦੀ ਸੀ। ਪਰਮ ਜੋਤ ਦੇ ਉਥੇ ਦਰਸ਼ਨ ਹੁੰਦੇ ਸੀ। ਝਿਲਮਿਲ-ਝਿਲਮਿਲਕਾਰ ਉਥੇ ਮਹਾਨ ਪ੍ਰਕਾਸ਼ ਹੋ ਜਾਂਦਾ ਸੀ ਤੇ ਉਹਦੇ ਨਾਲ ਦੇਖ ਕੇ ਚਿੱਤ ਦੇ ਅੰਦਰ ਮਹਾਨ ਖੁਸ਼ੀ ਪੈਦਾ ਹੋ ਜਾਂਦੀ ਸੀ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅੰਗ – ੯੫੪***

ਸ਼ਬਦ ਦਾ ਜਾਪ ਕਰਕੇ ਜਿਹੜੇ ਬਜਰ ਕਪਾਟ ਲੱਗੇ ਹੋਏ ਨੇ ਦਸਮ ਦੁਆਰ ਦੇ ਅੱਗੇ, ਕਹਿੰਦੇ ਉਹ ਖੁਲ੍ਹ ਜਾਂਦੇ ਨੇ, ਜਦੋਂ ਖੁਲ੍ਹਦੇ ਨੇ ਫੇਰ ਕੀ ਹੁੰਦਾ ਹੈ –

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਅੰਗ – ੯੫੪***

ਫੇਰ ਗੁਰੂ ਦਾ ਸ਼ਬਦ ਸੁਣਦਾ ਹੈ ਉਥੇ –

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਅੰਗ – ੯੫੪***

ਫੇਰ ਹਨ੍ਹੇਰਾ ਨਹੀਂ ਫੇਰ ਪ੍ਰਕਾਸ਼ ਦਿਸਦਾ ਹੈ ਬੇਅੰਤ ਹੀ 'ਕਰਿ ਭਗਤਿ ਮਿਲੀਜੈ' ਭਗਤੀ ਦੇ ਨਾਲ ਫੇਰ ਪ੍ਰਮੇਸ਼ਰ ਦੇ ਨਾਲ ਮਿਲੀਦਾ ਹੈ। ਫੇਰ ਜਦੋਂ ਚਾਨਣਾ ਹੋ ਗਿਆ ਫੇਰ ਦਿਸਦਾ ਕੀ ਹੈ,

***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ ॥*** ***ਅੰਗ – ੯੫੪***

(ਬਾਕੀ ਪੰਨਾ 50 ਤੇ)

# ਰਤਵਾੜਾ ਸਾਹਿਬ
# ਛਿਪੇ ਹੋਏ ਹੱਥ

***ਡਾ. ਕੁਲਦੀਪ ਸਿੰਘ***

**(ਭਾਗ ਪਹਿਲਾ)**

ਮਹਾਂਪੁਰਖਾਂ ਨਾਲ ਕਾਫਲਾ ਜੁੜ ਚੁਕਿਆ ਸੀ। ਦਿਨੋ ਦਿਨ ਜਗਿਆਸੂਆਂ ਦੀ ਗਿਣਤੀ ਵੱਧਦੀ ਜਾ ਰਹੀ ਸੀ। ਵਿਦੇਸ਼ ਫੇਰੀਆਂ ਵਿੱਚ ਹੋਏ ਮਹਾਂਪੁਰਖਾਂ ਵੱਲੋਂ ਕਥਾ ਕੀਰਤਨ ਨੇ ਉਥੇ ਦੀ ਸੰਗਤ ਨੂੰ ਪ੍ਰੇਮ ਪ੍ਰਭਾਵ ਵਿੱਚ ਬਹਾਅ ਦਿਤਾ ਸੀ। ਸਲਾਨਾ ਸਮਾਗਮਾਂ ਵਿੱਚ ਲੱਖਾਂ ਪ੍ਰੇਮੀ ਰੂਹਾਨੀਅਤ ਸੇਧ ਦਾ ਲਾਹਾ ਲੈ ਰਹੇ ਸੀ। ਥੋੜੇ ਜਿਹੇ ਸਮੇਂ ਵਿੱਚ ਆਤਮ ਮਾਰਗ ਪੰਜ ਹਜਾਰ ਗਿਣਤੀ ਤੋਂ ਛਪਦਾ ਤੀਹ ਹਜਾਰ ਤੱਕ ਪਹੁੰਚ ਗਿਆ ਸੀ। ਧਰਮ ਆਪਨੇ ਅਸਲੀ ਸਰੂਪ ਵਿੱਚ ਮਜ਼੍ਹਬ ਦੀਆਂ ਦੀਵਾਰਾਂ ਤੋਂ ਉਤੇ ਉਠ ਚੁਕਿਆ ਸੀ। ਇਕੋ ਮੰਚ ਤੋਂ ਗੁਰੂ ਗ੍ਰੰਥ ਸਾਹਿਬ, ਗੀਤਾ, ਕੁਰਾਨ ਤੇ ਬਾਈਬਲ ਦੇ ਨਿਸ਼ਠਾਵਾਨ ਮਨੁੱਖਤਾ ਦੀ ਚੇਤਨਤਾ ਨੂੰ ਉਤੇ ਚੁਕਣ ਦੀ ਘਾਲਣਾ ਘਾਲ ਰਹੇ ਸੀ। ਹਰ ਕਿਸੇ ਦਾ ਮਨ ਆਪਨੀ ਮੈਲ ਤੋਂ ਨਿਖਰ ਉਜਵਲ ਪ੍ਰਤੀਤ ਦੇ ਰਿਹਾ ਸੀ। ਸ਼ਾਇਦ ਪਿਛਲੇ ਜਨਮਾਂ ਦੇ ਕੀਤੇ ਹੋਏ ਪੁੰਨ ਆਪਨਾ ਫਲ ਦੇਣ ਨੂੰ ਤਤਪਰ ਸਨ। ਇਕ ਸਮਾਗਮ ਵਿੱਚ ਪ੍ਰੇਮਾ ਭਗਤੀ ਆਪਨੀ ਝਲਕ ਦਿਖਾ ਚੁਕੀ ਸੀ। ਮਹਾਂਪੁਰਖ, ਸਮਾਗਮ ਦੀ ਲੋਕ ਪ੍ਰਸਿਧੀ ਅਗਵਾਈ ਦਾ ਸਿਹਰਾ, ਗੁਪਤ ਰੂਪ ਵਿੱਚ ਵਰਤ ਰਹੀਆਂ ਪਵਿੱਤਰ ਰੂਹਾਂ ਦੇ 'ਛਿਪੇ ਹੋਏ ਹੱਥ' ਦੇ ਨਾਮ ਇਹ ਧਾਰਨਾਂ ਪੜ੍ਹ ਕੇ ਸਹਿਜ ਹੀ ਮੜ੍ਹ ਦਿੰਦੇ ਸੀ।



ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਅਤੇ ਪਰਮ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ

***ਕੋਈ ਨਾਉ ਨਾ ਜਾਣੈ ਮੇਰਾ ਸਭ ਤੇਰੀ ਵਡਿਆਈ ਹੈ–***

31 ਅਕਤੂਬਰ 2001 ਵਿੱਚ ਮਹਾਂਪੁਰਖ ਆਪਨਾ ਸਰੀਰਕ ਚੋਲਾ ਛੱਡ ਗਏ। ਸਾਨੂੰ ਆਪਨੇ ਮਨ ਅੰਦਰ ਇੱਕ ਖਾਲੀਪਨ (vaccum) ਖੱਲਣ ਲੱਗਿਆ ਸੀ। ਇਸ ਤਰ੍ਹਾਂ ਦਾ ਖਾਲੀਪਨ ਹੋਰ ਬਹੁਤ ਸਾਰੀਆਂ ਹਾਲਤਾਂ ਵਿੱਚ ਹੁੰਦਾ ਹੈ। ਜਦੋਂ ਮਾਂ ਬਾਪ ਦਾ ਬੱਚਾ ਕਿਤੇ ਦੂਰ ਪੜ੍ਹਨ ਚਲਿਆ ਜਾਵੇ। ਜਵਾਨੀ ਵਿੱਚ ਜਿਸ ਨਾਲ ਪਿਆਰ ਕਰਦਾ ਹੋਵੇ ਉਹ ਰੁਠ ਜਾਵੇ ਜਾਂ ਕਿਤੇ ਹੋਰ ਵਿਆਹਿਆ ਜਾਵੇ। ਬਚਪਨ ਵਿੱਚ ਘਰੇਲੂ ਪਾਲਤੂ ਕੁੱਤਾ ਜਾਂ ਬਿਲੀ ਗੁੰਮ ਹੋ ਜਾਵੇ। ਇਨ੍ਹਾਂ ਸਭ ਵਿਛੋੜਿਆਂ ਤੋਂ ਪੈਦਾ ਹੋਏ ਖਾਲੀਪਨ ਦੀ ਭਰਵਾਈ ਹੋ ਜਾਂਦੀ ਹੈ। ਬੱਚਾ ਪੜ੍ਹ ਕੇ ਵਾਪਸ ਇੱਕ ਸਮਾਜਕ ਸਨਮਾਨ ਲੈ ਕੇ ਆਉਂਦਾ ਹੈ, ਮਨ ਤ੍ਰਿਪਤੀ ਮਹਿਸੂਸ ਕਰਦਾ ਹੈ। ਵਿਆਹ ਕਿਸੇ ਹੋਰ ਸਾਥੀ ਨਾਲ ਹੋ ਜਾਂਦਾ ਹੈ, ਜੇ ਸੁਭਾਅ ਤੇ ਆਦਤਾਂ ਮਿਲ ਜਾਣ ਤਾਂ ਸਮਾਂ ਰੁਕ ਗਿਆ ਮਹਿਸੂਸ ਹੁੰਦਾ ਹੈ। ਕੁੱਤਾ, ਬਿਲੀ ਕਿਸੇ ਚੰਗੀ ਨਸਲ ਤੇ ਸ਼ਕਲ ਦੇ ਖਰੀਦੇ ਜਾ ਸਕਦੇ ਹਨ, ਬੱਚੇ ਉਸ ਨਾਲ ਮੁੜ ਨੇੜਤਾ ਮਹਿਸੂਸ ਕਰਨ ਲਗਦੇ ਹਨ। ਪਰ ਮਹਾਂਪੁਰਖਾਂ ਦਾ ਵਿਛੋੜਾ ਤੇ ਉਸ ਤੋਂ ਉਠਿਆ ਖਾਲੀਪਨ ਤੇ ਜੇ ਭਾਗ ਚੰਗੇ ਹੋਣ ਤਾਂ ਖਾਲੀਪਨ ਤੋਂ ਉਪਜਿਆ ਬੈਰਾਗ ਜਾਂ ਸਾਡਾ ਮਹਾਂਪੁਰਖਾਂ ਨਾਲ ਮੇਲ ਗਹਿਰੇ ਤਲ ਤੇ ਪਹੁੰਚ ਗਿਆ ਹੋਵੇ ਤਾਂ ਇਸ ਤਰ੍ਹਾਂ ਦੀ ਭਾਵਨਾ ਉਠਦੀ ਹੈ।

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥***
***ਅੰਗ - ੮੩***

ਪਰ ਅਸੀਂ ਬੜੀ ਸ਼ਾਨ ਸ਼ੋਕਤ ਤੇ ਦੁਨਿਆਵੀ ਰੁਝੇਵਿਆਂ ਵਿਚ ਉਲਝੇ ਹੋਏ ਜੀ ਰਹੇ ਹਾਂ। ਉਸ ਦਾ ਕਾਰਨ ਅਸੀਂ ਆਪਨੇ ਆਪ ਨੂੰ ਸਰੀਰ ਸਮਝਦੇ ਰਹਿੰਦੇ ਹਾਂ ਤਾਂ ਮਹਾਂਪੁਰਖਾਂ ਨੂੰ ਸਰੀਰ ਜਾਂ ਸਰੀਰਕ ਕਿਰਿਆ ਤੋਂ ਵੱਧ ਨਹੀਂ ਜਾਣ ਪਾਂਦੇ।

ਸਾਧਨਾ ਸੰਪੰਨ ਨਾ ਹੋਣ ਕਰਕੇ, ਨਾ ਆਪਣੇ ਸਰੂਪ ਦਾ ਗਿਆਨ ਹੁੰਦਾ ਹੈ ਅਤੇ ਨਾ ਹੀ ਮਹਾਂਪੁਰਖਾਂ ਦੇ ਜੋਤੀ ਸਰੂਪ ਦਾ। ਇਹ ਗੱਲ ਸਿਰਫ ਅਕਲ ਮੰਡਲ ਤੱਕ ਹੀ ਸੀਮਤ ਰਹਿ ਜਾਂਦੀ ਹੈ –

> ***ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥***
>
> ***ਅੰਗ - ੧੪੨੯***

ਹਕੀਕਤ ਵਿੱਚ ਸਰੀਰ ਨਾਲ ਸਬੰਧਤ ਸੰਸਕਾਰ ਅਤੇ ਕਰਮ ਮਨੁੱਖੀ ਚੇਤਨਾ ਨੂੰ ਹੇਠਾਂ ਸੁਟਣਾ ਸ਼ੁਰੂ ਕਰ ਦਿੰਦੇ ਹਨ। ਰੂਹਾਨੀਅਤ ਦੇ ਨਾਮ ਦਾ ਸਿਰਫ ਪਹਿਰਾਵਾ ਹੀ ਰਹਿ ਜਾਂਦਾ ਹੈ। ਜਿੰਨੇ ਸਾਡੇ ਕੰਮ ਹਨ ਉਹ ਧਰਮ ਗ੍ਰੰਥ ਤੇ ਪ੍ਰਵਚਨ ਦੀ ਆੜ ਵਿੱਚ ਹਉਮੇ ਤੋਂ ਪੈਦਾ ਹੋਏ ਹੰਕਾਰ ਦੀ ਪੂਰਤੀ ਵਿੱਚ ਲਗ ਜਾਂਦੇ ਹਨ। ਜਿਸ ਧਰਮ ਗ੍ਰੰਥ ਨੂੰ ਪੜ੍ਹ ਕੇ, ਮਹਾਂਪੁਰਖਾਂ ਦੇ ਪ੍ਰਵਚਨ ਸੁਣ ਕੇ, ਮੰਨ ਕੇ ਅਤੇ ਕਮਾ ਕੇ ਛੁਟਕਾਰਾ ਹੋਣਾ ਸੀ ਉਸ ਦੀ ਬਜਾਏ ਜਿਆਦਾ ਉਲਝ ਜਾਂਦਾ ਹੈ। ਇਸ ਸਾਰੀ ਖੇਡ ਨੂੰ ਮੈਡੀਕਲ ਗਿਆਨ ਪੱਧਰ ਤੇ ਸਮਝਣ ਦੀ ਕੋਸ਼ਿਸ਼ ਕਰੀਏ।



ਪਰਮ ਸਤਿਕਾਰਯੋਗ ਬੀਜੀ ਨਵੇਂ ਸਾਲ ਦਾ ਕੈਲੰਡਰ ਰਿਲੀਜ ਕਰਦੇ ਹੋਏ।

ਪੀ.ਜੀ.ਆਈ. ਚੰਡੀਗੜ੍ਹ ਵਿਖੇ ਇਸ ਜਨਵਰੀ ਮਹੀਨੇ ਵਿੱਚ ਇੱਕ ਮਸ਼ੀਨ (PET SCAN) ਲਗ ਰਹੀ ਹੈ। ਜੋ ਵਿਦੇਸ਼ਾਂ ਵਿੱਚ ਬਹੁਤ ਪਹਿਲਾਂ ਤੋਂ ਹੈ। ਇਸ ਰਾਹੀਂ ਕੈਂਸਰ ਵਰਗੀਆਂ ਤੇ ਹੋਰ ਜਾਨ ਲੇਵਾ ਬਿਮਾਰੀਆਂ ਦੀ ਪਹਿਚਾਨ ਤੇ ਪਕੜ ਮੁਢਲੇ ਪੱਧਰ ਤੇ ਹੀ ਹੋ ਜਾਵੇਗੀ ਅਤੇ ਸਮੇਂ ਸਿਰ ਇਲਾਜ ਨਾਲ ਇਸ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਇਸ ਮਸ਼ੀਨ ਦੇ ਇਸਤੇਮਾਲ ਨਾਲ ਮਨੁੱਖੀ ਸੁਭਾਅ ਮੁਤਾਬਿਕ ਹੋ ਰਹੇ ਦਿਮਾਗ ਵਿੱਚ ਖੂਨ ਸੰਚਾਰ ਦਾ ਪਤਾ ਲਗਾਇਆ ਜਾ ਸਕਦਾ ਹੈ। ਇੱਕ ਡਾਕਟਰ Daniel G. Amen ਨੇ ਇਸ ਬਾਰੇ ਬਹੁਤ ਖੋਜ ਕੀਤੀ ਕਿ ਜਿਹੜੇ ਬੰਦੇ ਡਰਪੋਕ (        ਹਨ। ਉਨ੍ਹਾਂ ਵਿੱਚ ਦਿਮਾਗੀ ਖੂਨ ਦਾ ਸੰਚਾਲਨ (circulation) ਕਿਹੜੇ ਹਿੱਸੇ ਵਿੱਚ ਪ੍ਰਭਾਵਿਤ ਹੁੰਦਾ ਹੈ। ਜਦੋਂ ਗੁੱਸਾ (anger) ਤਾਂ ਕਿਹੜਾ ਹਿੱਸਾ। ਅੜੀਅਲ ਤੇ ਝਗੜਾਲੂ ਸੁਭਾਅ (rigid and resentment) ਕਿਹੜੇ ਹਿੱਸੇ ਨੂੰ ਪ੍ਰਭਾਵਿਤ ਕਰਦੇ ਹਨ। ਪਸ਼ੂ ਸੋਚ ਤੋਂ ਦੈਵੀ ਸੋਚ ਵਿੱਚ ਕਿਹੜੇ ਕਿਹੜੇ ਹਿੱਸੇ ਜਾਗਰਤ ਹੁੰਦੇ ਹਨ ਇਸ ਦਾ ਪੂਰਾ ਨਕਸ਼ਾ (mind mapping) ਤਿਆਰ ਹੋ ਚੁਕਿਆ ਹੈ। ਰੂਹਾਨੀਅਤ ਸੋਚ, ਧਿਆਨ ਸਾਧਨਾ ਵਿੱਚ ਕਿਸ ਤਰ੍ਹਾਂ ਦਾ ਖੂਨ ਦਾ ਸੰਚਾਲਨ ਹੁੰਦਾ ਹੈ। ਇਸ ਦਾ ਪਤਾ ਕਰਨ ਲਈ ਇੱਕ ਧਿਆਨ ਕਰਨ



ਪਰਮ ਸਤਿਕਾਰਯੋਗ ਬੀਜੀ ਨਿਰਮਲ ਡੇਰਾ ਹਿਦਾਪੁਰ ਖੇੜੀ ਵਿਖੇ ਬਣਨ ਜਾ ਰਹੇ ਸਕੂਲ ਦੇ ਸ਼ਿਲਾਨਿਆਸ ਵਾਸਤੇ ਪੰਜ ਇਟਾਂ ਭੇਜਦੇ ਹੋਏ।



ਬਾਬਾ ਹਰਪਾਲ ਸਿੰਘ ਜੀ ਅਰਦਾਸ ਉਪਰੰਤ ਪੰਜ ਸਿੰਘਾਂ ਸਮੇਤ ਨਿਰਮਲ ਡੇਰਾ ਹਿਰਦਾਪੁਰ ਖੇੜੀ ਵਿਖੇ ਟੱਕ ਲਾ ਕੇ ਸਕੂਲ ਬਿਲਡਿੰਗ ਦਾ ਕਾਰਜ ਸ਼ੁਰੂ ਕਰਦੇ ਹੋਏ।



ਗੁ. ਰਤਵਾੜਾ ਸਾਹਿਬ ਨਗਰ ਵਿਖੇ ਨਗਰ ਕੀਰਤਨ ਦ੍ਰਿਸ਼।

ਖੇੜੇ ਅਨੰਦ ਦੀ ਹਾਲਤ ਵਿੱਚ ਕਿਰਿਆਸ਼ੀਲ ਹੁੰਦਾ ਹੈ। ਇਸ ਦਾ ਜ਼ਿਕਰ ਗੁਰਬਾਣੀ ਵਿੱਚ ਵੀ ਮਿਲਦਾ ਹੈ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥ ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ ਅੰਗ – ੫੫੦***

Ego centre (ਛੋਟੀ ਮੈਂ) ਤੇ ਜਿਊਣ ਵਾਲਾ ਬੰਦਾ ਆਪਣਾ ਸਰੀਰ ਤੇ ਉਸ ਤੋਂ ਬਣੇ ਸਬੰਧਾਂ ਤੱਕ ਹੀ ਸੀਮਤ ਰਹਿੰਦਾ ਹੈ। ਇਨ੍ਹਾਂ ਬੰਧਨਾਂ ਵਿੱਚ ਹੀ ਜੀਵਨ ਸਫਰ ਦੇ ਚੱਕਰ ਕਟਦਾ ਰਹਿੰਦਾ ਹੈ। ਗੁਰਬਾਣੀ ਵਿੱਚ ਵੀ ਫ਼ੁਰਮਾਨ ਹੈ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ***

ਵਾਲੇ ਵਿਅਕਤੀ (monk) ਦਾ (

ਕੀਤਾ ਗਿਆ। ਉਸ ਆਦਮੀ ਨੂੰ ਇੱਕ ਸ਼ਾਂਤ ਕਮਰੇ ਵਿੱਚ ਬਿਠਾ ਦਿਤਾ ਗਿਆ ਅਤੇ ਸਾਰੇ ਸਾਇੰਸਦਾਨ ਦੂਰ ਦੂਸਰੇ ਕਮਰੇ ਵਿੱਚ ਬਿਠਾ ਦਿਤੇ ਗਏ। ਉਸ ਧਿਆਨੀ ਨੂੰ ਕਿਹਾ ਗਿਆ ਜਦੋਂ ਤੂੰ ਆਪਣੀ ਅਵਸਥਾ ਵਿੱਚ ਜਾਣ ਲਗੇ ਤਾਂ ਉਂਗਲੀ ਤੇ ਬੰਨ੍ਹੇ ਹੋਏ ਪਤਲੇ ਜਿਹੇ ਧਾਗੇ ਨੂੰ ਖਿਚ ਕੇ ਇਸ਼ਾਰਾ ਕਰ ਦੇਵੀਂ। ਬਹੁਤ ਵਾਰੀ ਧਿਆਨ ਕਰਨ ਵਾਲਿਆਂ ਨੂੰ ਪਰਖਣ ਤੋਂ ਬਾਅਦ ਉਹ ਵਿਗਿਆਨੀ ਇਸ ਨਤੀਜੇ ਤੇ ਪਹੁੰਚੇ ਕਿ ਦਿਮਾਗ ਅੰਦਰ ਦੋ ਤਰ੍ਹਾਂ ਦੇ ਖ਼ੂਨ ਸੰਚਾਲਨ ਬਣਦੇ ਹਨ। ਇੱਕ ਨੂੰ ਉਨ੍ਹਾਂ ਨੇ

ਕਿਹਾ। ਆਮ ਮਨੁੱਖ ਇਸੇ ਪੱਧਰ ਤੇ ਰੋਜ਼ਮਰਾ ਜਿੰਦਗੀ ਜਿਉਂਦਾ ਹੈ। ਦੂਜੇ ਨੂੰ ਉਨ੍ਹਾਂ ਨੇ

ਦਾ ਨਾਮ ਦਿਤਾ। ਇਹ ਖੁਸ਼ੀ



ਗੁ. ਰਤਵਾੜਾ ਸਾਹਿਬ ਵਿਖੇ ਨਗਰ ਕੀਰਤਨ ਦ੍ਰਿਸ਼।



ਨਿਰਮਲ ਡੇਰਾ ਹਿਰਦਾਪੁਰ ਵਿਖੇ ਕਾਰਸੇਵਾ ਵਿਚ ਦਾਨੀ ਪ੍ਰੇਮੀਆਂ ਨੂੰ ਬਾਬਾ ਜੀ ਗੁਰੂ ਘਰ ਵੱਲੋਂ ਸਿਰੋਪਾ ਦੇ ਕੇ ਨਿਵਾਜਦੇ ਹੋਏ।

***॥***

***ਅੰਗ – ੪੬੬***

Spiritual centre (ਵੱਡੀ ਮੈਂ) ਤੇ ਕੋਈ ਕੋਈ ਆਪਣੀ ਚੇਤਨਾ ਦਾ ਨਿਵਾਸ ਕਰਵਾਉਂਦਾ ਹੈ। ਜਿਨ੍ਹਾਂ ਨੂੰ ਅਸੀਂ ਮਹਾਂਪੁਰਖ, ਪੀਰ ਪੈਗੰਬਰ ਜਾਂ ਸੰਤ ਕਹਿੰਦੇ ਹਨ। ਕ੍ਰਿਸ਼ਨ ਜੀ ਜਦੋਂ ਗੀਤਾ ਜੀ ਉਪਦੇਸ਼ ਕਰ ਰਹੇ ਹਨ ਤਾਂ ਇਸੇ ਮੈਂ ਭਾਵ ਤੋਂ ਬਚਨ ਕਰਦੇ ਹਨ। ਇਸੇ ਤਰ੍ਹਾਂ ਜਦੋਂ ਬਹੁਤ ਸਾਰੇ ਮਹਾਂਪੁਰਸ਼ 'ਮੈਂ' ਸ਼ਬਦ ਦੀ ਵਰਤੋਂ ਕਰਦੇ ਹਨ ਤਾਂ ਅਸੀਂ ਉਸ ਨੂੰ ਗਲਤੀ ਨਾਲ ਅਹੰਕਾਰ ਸਬੰਧਿਤ ਸਮਝ ਲੈਂਦੇ ਹਾਂ। ਇਕ ਚੇਲੇ ਨੇ ਗੁਰੂ ਨੂੰ ਪੁਛਿਆ ਕਿ ਤੁਹਾਡੇ ਤੇ ਮੇਰੇ ਵਿਚ ਕੀ ਫਰਕ ਹੈ? ਗੁਰੂ ਦਾ ਜਵਾਬ ਸੀ ਕਿ ਤੂੰ ਦੁਨੀਆਂ ਵਿਚ ਰਹਿੰਦਾ ਹੈਂ ਪਰ ਦੁਨੀਆਂ ਮੇਰੇ ਵਿਚ



ਰਤਵਾੜਾ ਸਾਹਿਬ ਵਿਖੇ ਚਲ ਰਹੀ ਕਾਰ ਸੇਵਾ ਦੇ ਵੱਖ ਵੱਖ ਦ੍ਰਿਸ਼।

ਰਹਿੰਦੀ ਹੈ।

ਇਸ ਖੋਜੀ ਡਾਕਟਰ ਨੇ ਕਿਤਾਬ ਲਿਖੀ "Change your brain, Change your life." ਉਸ ਵਿੱਚ ਦਿਮਾਗ ਦੇ ਵੱਖ ਵੱਖ ਕੇਂਦਰਾਂ ਵਿੱਚ ਜੋ ਸਮਾਜਿਕ ਪੱਧਰ ਤੇ ਜਰੂਰੀ ਸਨ ਕਿ ਮੀਆਂ ਬੀਬੀ ਆਪਸ ਵਿੱਚ ਨਾ ਲੜਨ, ਅੜੀਅਲ ਸੁਭਾਅ ਕਿਦਾਂ ਦੂਰ ਕਰੀਏ ਬਾਰੇ ਗਿਆਨ ਦਿਤਾ ਗਿਆ ਹੈ। ਜਿਹੜੇ ਲੋਕ ਜਿਆਦਾ ਭੈਭੀਤ ਰਹਿੰਦੇ ਹਨ ਉਹ ਕਿਹੜੀ ਦਿਮਾਗ ਦੀ (mental exercise) ਕਸਰਤ ਕਰਨ ਅਤੇ ਕਿਸ ਤਰ੍ਹਾਂ ਦੀ ਖੁਰਾਕ ਖਾਣ ਤਾਂ ਜੋ ਸਮਾਜਿਕ ਪੱਧਰ ਤੇ ਠੀਕ ਠਾਕ ਜੀ ਸਕਣ।

ਖੋਜ ਵਧੀਆ ਸੀ ਪਰ ਸੰਸਕਾਰਾਂ ਨੂੰ ਖਤਮ ਕਰਨ ਵਿੱਚ ਅਸਮਰਥ ਸੀ। ਇਕ ਰੋਗ ਮਿਟਦਾ ਸੀ ਦੂਜਾ ਫੇਰ ਖੜ੍ਹਾ ਹੋ ਜਾਂਦਾ ਸੀ। ਅਣਗਿਣਤ ਤਰ੍ਹਾਂ ਦੇ ਸੁਭਾਅ ਮਨ ਦੀ ਗਹਿਰੀ ਪਰਤ ਵਿਚ ਪਏ ਹੋਏ ਹਨ ਅਤੇ ਸਾਡੇ ਨਿਤ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥ ਅੰਗ - ੬੫੧***

ਇਨ੍ਹਾਂ ਦਿਨਾ ਵਿੱਚ ਹੀ ਇੱਕ ਹੋਰ ਖੋਜੀ ਮਾਨਸਿਕ ਰੋਗ ਡਾ. Brian Weiss ਨੇ ਹਿੰਮਤ ਮਾਰ ਕੇ "Many lives, Many Masters" ਕਢ ਕੇ ਸਮਕਾਲੀ ਮਾਨਸਿਕ ਰੋਗੀ ਡਾਕਟਰਾਂ ਨੂੰ ਪੁਨਰਜਨਮ ਦੇ ਸੰਕੋਚ ਵਿਚੋਂ ਬਾਹਰ ਕੱਢਿਆ। ਇਹ ਇਸਾਈ ਡਾਕਟਰ ਹਿੰਮਤੀ ਤਾਂ ਸੀ ਕਿ ਇਸ ਨੇ ਰੋਮ



ਪਹੁੰਚ ਮਾਰਗ ਗੁ. ਰਤਵਾੜਾ ਸਾਹਿਬ ਹਸਪਤਾਲ ਸੜਕ ਦੀ ਕਾਰਸੇਵਾ ਦ੍ਰਿਸ਼।

ਦੇਸ਼ ਦੇ ਸਿਆਸਤੀ ਰਾਜਸੀ ਪ੍ਰਭਾਵ ਥੱਲੇ ਦਬੇ ਹੋਏ ਪੁਨਰਜਨਮ ਦੇ ਸਿਧਾਂਤ ਨੂੰ ਆਪਣੀ ਕੌਮ ਵਿੱਚ ਸੁਰਜੀਤ ਕੀਤਾ। ਇਹ ਸ਼ਲਾਘਾ ਵਾਲਾ ਕੰਮ ਸੀ ਜਿਸ ਨਾਲ ਦੁਨੀਆਂ ਭਰ ਤੋਂ ਇਸ ਦੇ ਭਾਈਚਾਰੇ ਨੇ ਆਪਣੇ ਨਿਤ ਜੀਵਨ ਵਿੱਚ ਵਾਪਰ ਰਹੀਆਂ ਪੁਨਰਜਨਮ ਦੀਆਂ ਘਟਨਾਵਾਂ ਨੂੰ ਸਾਝਾਂ ਕੀਤਾ ਅਤੇ ਦੁਨੀਆਂ ਭਰ ਵਿੱਚ ਇੱਕ ਨਵੀਂ ਸੋਚ ਦਿਤੀ।

ਇਹਨਾਂ ਗੱਲਾਂ ਦਾ ਜ਼ਿਕਰ ਮੈਂ ਤਾਂ ਕਰ ਰਿਹਾ ਹਾਂ ਕਿ ਇੱਕ ਕੈਥਰੀਨ ਨਾਮ ਦੀ ਔਰਤ ਜੋ ਕਾਫੀ ਬਿਮਾਰ ਰਹਿੰਦੀ ਸੀ ਛੋਟੀ ਛੋਟੀ ਗੱਲ ਤੋਂ ਭੈਭੀਤ ਹੋ ਜਾਂਦੀ ਸੀ ਅਤੇ ਦਵਾਈ ਖਾ ਨਹੀਂ ਸੀ ਸਕਦੀ। ਜਦੋਂ ਉਸ ਦੀ ਬਿਮਾਰੀ ਦੇ ਲੱਛਣ ਦੀ ਜੜ੍ਹ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਤੇ ਬਚਪਨ



ਗੁ. ਰਤਵਾੜਾ ਸਾਹਿਬ ਵਿਖੇ ਚਲ ਰਹੀ ਕਾਰ ਸੇਵਾ।



ਪਰਮ ਸਤਿਕਾਰਯੋਗ ਬੀਜੀ ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਜੀਵਨ ਸਾਥੀ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਵਿੱਚ ਹੋਈਆਂ ਘਟਨਾਵਾਂ ਦਾ ਸਬੰਧ ਅਸਰ ਨਾ ਕਰ ਰਿਹਾ ਹੋਵੇ ਉਹ ਅਚਾਨਕ ਪਿਛਲੇ ਜਨਮਾਂ ਵਿੱਚ ਪਹੁੰਚ ਗਈ। ਉਸ ਦੇ 84 ਜੀਵਨਾਂ ਦੀ ਕਹਾਣੀ ਇੱਕ ਖੋਜ ਦਾ ਵਿਸ਼ਾ ਬਣ ਗਈ। ਸਾਰੇ ਤੱਥਾਂ ਦੀ ਵਿਗਿਆਨਿਕ ਜਾਂਚ ਪੜਤਾਲ ਕੀਤੀ ਗਈ ਤਾਂ ਅਚੰਭੇ ਵਿੱਚ ਪਾਉਣ ਵਾਲੇ ਤੱਥ ਸਾਮ੍ਹਣੇ ਆਏ। ਜੇ ਕਿਸੇ ਜਨਮ ਵਿੱਚ ਉਸ ਦੀ ਬੱਖੀ ਵਿੱਚ ਤੀਰ ਲੱਗਿਆ ਅੱਜ ਵੀ ਉਹ ਚੁਭਕ ਮਾਰਦਾ ਸੀ। ਜੇ ਕਿਤੇ ਬਾਂਹ ਤੇ ਕਿਸੇ ਨੇ ਚਾਕੂ ਮਾਰਿਆ ਤਾਂ ਉਸ ਦਾ ਦਰਦ ਤੇ ਨਿਸ਼ਾਨ ਅੱਜ ਵੀ ਸਰੀਰ ਤੇ ਮੌਜੂਦ ਸੀ। ਜੇ ਪਾਣੀ ਵਿੱਚ ਡੁੱਬ ਕੇ ਮਰੀ ਤਾਂ ਬਹਿੰਦਾ ਪਾਣੀ ਉਸ ਨੂੰ ਅੱਜ ਵੀ ਭੈਭੀਤ ਕਰਦਾ ਸੀ। ਇਕ ਵਾਰੀ ਬਚਪਨ 'ਚ ਬੀਮਾਰੀ ਫੈਲੀ ਹੋਣ ਕਰਕੇ ਉਸ ਦੇ ਘਰ ਦੇ ਉਸ ਦੇ ਮੂੰਹ ਵਿਚ ਇਕ ਬਦਬੂਦਾਰ ਦਵਾਈ ਜਬਰਦਸਤੀ ਖੁਆਉਂਦੇ ਸਨ ਜਿਸਨੂੰ ਉਹ ਉਲਟੀ ਕਰ ਦਿੰਦੀ ਸੀ। ਅੱਜ ਵੀ ਉਸੇ ਡਰ ਕਰਕੇ ਕੋਈ ਵੀ ਦਵਾਈ ਲੈਣੀ ਉਸ ਲਈ ਮੁਸ਼ਕਿਲ ਸੀ। ਦੂਜਾ ਜਿਹੜਾ ਤੱਥ ਸਾਮਣੇ ਆਇਆ ਉਹ ਇਹ ਸੀ ਕਿ ਜੋ ਉਸ ਦਾ ਪਿਛਲੇ ਜਨਮ ਵਿੱਚ ਪਤੀ ਸੀ ਉਹ ਕਦੇ ਉਸ ਦਾ ਪਿਤਾ ਬਣਿਆ। ਕਦੇ ਮਨੁੱਖ ਜਾਮਾ, ਕਦੇ ਇਸਤਰੀ ਜਾਮਾ ਮਿਲਦਾ ਗਿਆ। ਕਦੇ ਭੈਣ, ਪੁੱਤਰੀ ਦੇ ਰੂਪ ਵਿੱਚ ਜਨਮ ਲੈਂਦੀ ਹੈ। ਮੁੱਕਦੀ ਗੱਲ ਕਿ ਮਨੁੱਖੀ ਚੇਤਨਾ ਆਪਣੇ ਪਰਿਵਾਰ ਦੇ ਰਿਸਤੇਦਾਰਾਂ ਦੇ ਨੇੜਤੇੜ ਵਿੱਚ ਹੀ ਜੀਵਨ ਸਫਰ ਤਹਿ ਕਰਦਾ ਹੋਇਆ ਕਰਮਾਂ ਦੇ ਲੇਖੇ ਜੋਖੇ ਵਿੱਚ ਪਿਆ ਰਹਿੰਦਾ ਹੈ। ਕਦੇ ਕਿਸੇ ਨੂੰ ਸੁਖ ਦਿੰਦਾ ਹੈ ਕਦੇ ਕਿਸੇ ਨੂੰ ਦੁੱਖ ਦਿੰਦਾ ਹੈ। ਤੀਜਾ ਤੱਥ ਜਿਹੜਾ ਸਾਮ੍ਹਣੇ ਆਇਆ ਉਹ ਇਹ ਸੀ ਕਿ ਮਨੁੱਖ ਕਿਸੇ ਖਾਸ ਸਬਕ ਨੂੰ ਸਿਖਣ ਲਈ ਜਨਮ ਲੈਂਦਾ ਹੈ। ਬਹੁਤ ਸਾਰੀਆਂ ਰੂਹਾਂ ਉਸ ਨੂੰ ਸਮਝਾ ਬੁਝਾਅ ਕੇ ਘਲਦੀਆਂ ਹਨ। ਇਕ ਖਾਸ ਤੱਥ ਜਿਸਦਾ ਸਾਡੇ ਰੂਹਾਨੀ ਜੀਵਨ ਨਾਲ ਸਬੰਧ ਹੈ ਕਿ ਗੁਰੂ ਗੁਰੂ ਬਣਦਾ ਚਲਾ ਜਾਂਦਾ ਹੈ ਕਾਫਲਾ ਨਾਲ ਨਾਲ ਤੁਰਦਾ ਜਾਂਦਾ ਹੈ।

***ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥***
***ਤੋਰੀ ਨ ਤੂਟੈ ਛੋਰੀ ਨ ਛੂਟੈ***
***ਐਸੀ ਮਾਧੋ ਖਿੰਚ ਤਨੀ ॥ ਅੰਗ - ੮੨੭***

ਇਸ ਦਾ ਜ਼ਿਕਰ ਇਹ ਗੱਲ ਨੂੰ ਸੁਚੇਤ ਕਰਨ ਲਈ ਕਹਿ ਰਿਹਾ ਹਾਂ ਕਿ ਮਹਾਂਪੁਰਖਾਂ ਤੋਂ ਪਿਛਾ ਛੁਡਾਣਾ ਔਖਾ ਹੀ ਨਹੀਂ ਨਾਮੁਮਕਿਨ ਹੈ। ਮਹਾਂਪੁਰਖਾਂ ਨੂੰ ਵਿਸਾਰ ਕੇ ਸਫਰ ਭਾਵੇਂ ਅਸੀਂ ਆਪਣਾ ਲੰਬਾ ਕਰ ਲਈਏ। ਇਸੇ ਲਈ 'ਸੁਖਮਨੀ ਸਾਹਿਬ' ਦੇ ਸ਼ੁਰੂ ਵਿੱਚ ਆਦਿ ਤੋਂ ਲੈ ਕੇ ਹੁਣ ਤੱਕ ਦੇ ਸਭ ਗੁਰੂਆਂ ਨੂੰ ਨਮਸ਼ਕਾਰ ਕੀਤੀ ਗਈ ਹੈ-

***ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥***
***ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥***
***ਅੰਗ - ੨੬੨***

ਆਸਾ ਜੀ ਦੀ ਵਾਰ ਵਿੱਚ ਵੀ ਉਚਾਰਨ ਹੈ -

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ***
***ਵਾਰ ॥ ਅੰਗ - ੪੬੩***

ਮੈਂ ਆਪ ਜੀ ਨਾਲ ਕਾਫਲੇ ਦੀ ਗੱਲ ਕਰ ਰਿਹਾ ਸੀ



ਪਰਮ ਸਤਿਕਾਰਯੋਗ ਬੀਜੀ ਸੰਗਤਾਂ ਦੇ ਦਰਸ਼ਨ ਕਰਦੇ ਹੋਏ।

ਕਿ ਕਾਫਲਾ ਕਿਸ ਤਰ੍ਹਾਂ ਬਣਦਾ ਹੈ। ਜਦੋਂ ਅਸੀਂ ਦੁਨੀਆਂ ਦੀ ਖਪ ਖਪਾਈ ਤੋਂ ਤੰਗ ਆ ਕੇ ਬਿਰਹਾ ਕਰਦੇ ਹਾਂ ਤਾਂ ਪ੍ਰਮੇਸ਼ਰ ਸਰੀਰ ਰੂਪ ਧਾਰ ਕੇ ਸਾਨੂੰ ego centre (ਛੋਟੀ ਮੈਂ) ਤੋਂ spritual centre (ਵੱਡੀ ਮੈਂ) ਤੱਕ ਦਾ ਰਾਹ ਦਿਖਾਉਣ ਵਾਸਤੇ ਆ ਜਾਂਦੇ ਹਨ। ਜੇ ਪੁੰਨ ਕਰਮ ਬਹੁਤ ਜਿਆਦਾ ਹੋ ਜਾਣ ਤਾਂ ਰਾਹ ਦਿਖਾਣ ਵਾਲੇ ਨਾਲ ਪ੍ਰੀਤ ਤੇ ਪ੍ਰਤੀਤ ਹੋ ਜਾਂਦੀ ਹੈ।

***ਪੂਰਬ ਕਰਮ ਅੰਕੁਰ***
***ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***



ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

***ਮਿਟਿਓ ਅੰਧੇਰੁ***
***ਮਿਲਤ ਹਰਿ ਨਾਨਕ***
***ਜਨਮ ਜਨਮ ਕੀ***
***ਸੋਈ ਜਾਗੀ ॥***
***ਅੰਗ - ੨੦੪***

ਗੁਰੂ ਦੋ ਤਰਫੋਂ ਕੰਮ ਕਰਦਾ ਹੈ। ਬਾਹਰੋਂ ਰੂਹਾਨੀ ਗਿਆਨ ਦੀ ਮੱਤ ਦੇ ਕੇ ਨੌਂ ਦਰਾਂ ਤੋਂ ਬਾਹਰ ਵਿਚਰਨ ਵਾਲੀ ਕਾਮਣ ਚੇਤਨਾ ਨੂੰ ਅੰਦਰ ਮੋੜਦਾ ਹੈ। ਅਤੇ ਦੂਜੇ ਪਾਸੇ ਆਪ ਤੁਹਾਡੇ ਦਿਲ ਅੰਦਰ ਬੈਠ ਕੇ ਚੇਤਨਤਾ ਨੂੰ ਅੰਦਰ ਖਿਚਦਾ ਹੈ -

***ਸਾਧ ਕੈ ਸੰਗਿ ਨਹੀ***
***ਕਛੁ ਘਾਲ ॥***
***ਦਰਸਨੁ ਭੇਟਤ ਹੋਤ ਨਿਹਾਲ ॥ ਅੰਗ - ੨੭੨***

ਜੇ ਲੋੜ ਹੈ ਤਾਂ ਸਿਰਫ ਅੰਦਰ ਬੈਠੇ ਪਰਮੇਸ਼ਰ ਰੂਪ ਮੂਰਤ ਵੱਲ ਕਦਮ ਪੁੱਟਣ ਦੀ, ਉਹ ਤਾਂ ਸਾਡੇ ਨਾਲੋਂ ਜਿਆਦਾ ਉਤਾਵਲਾ ਹੈ ਮਿਲਣ ਨੂੰ -

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਭਾਈ ਗੁਰਦਾਸ ਜੀ, ਕਬਿੱਤ***

ਮਹਾਂਪੁਰਖਾਂ ਦਾ ਸਰੀਰਕ ਵਿਛੋੜਾ ਅਤੇ ਉਸ ਤੋਂ ਉਪਜਿਆ ਬੈਰਾਗ ਰੂਹਾਨੀ ਮਾਰਗ ਤੇ ਪੁਲਾਂਗ (quantum jump) ਕਰਵਾ ਸਾਡੀ ਸੋਚ ਤੇ ਜੀਵਨ ਸ਼ੈਲੀ ਬਦਲ ਸਕਦਾ ਸੀ ਉਸ ਤੋਂ ਅਸੀਂ ਕਿਹੜੇ ਕਾਰਨਾਂ ਕਰਕੇ ਚੁਕ ਗਏ। ਕਿ ਉਹ ਸਮਾਂ ਵਾਪਸ ਖਿਚਿਆ ਜਾ ਸਕਦਾ ਹੈ। ਜੇ ਇੱਕ ਬਿਮਾਰ ਜਿਹੀ ਔਰਤ ਆਪਣੇ ਪਿਛਲੇ ਜਨਮਾਂ ਵਿੱਚ ਜਾ ਕੇ, ਦੋ ਜਨਮਾਂ ਦੇ ਵਿੱਚ ਦੇ ਅੰਤਰਾਲ ਦੇ (Life between lives) ਸਮੇਂ ਵਿੱਚ ਅਨੁਭਵੀ ਜੋਤਾਂ ਤੋਂ ਰੂਹਾਨੀ ਸੇਧ ਦੇ ਸੁਨੇਹੇ ਲੈ ਕੇ ਆਪਣਾ ਹੁਣ ਦਾ ਜਨਮ ਸਰੀਰਕ, ਮਾਨਸਿਕ ਅਤੇ ਧਾਰਮਿਕ ਪੱਧਰ ਤੇ ਉਚਾ ਚੁਕ ਸਕਦੀ ਹੈ। ਤਾਂ ਕੀ ਅਸੀਂ 6-7 ਸਾਲ ਪੁਰਾਣੇ ਸਮੇਂ ਦੀ ਪ੍ਰਤੱਖ ਪ੍ਰਮਾਣ ਬਿਰਤੀ ਦੀ ਅਨੁਭਵਤਾ ਨੂੰ ਮਹਿਸੂਸ ਕਰਦੇ ਹੋਏ ਜੀਵਨ ਨੂੰ ਉਤਲੀ ਰੂਹਾਨੀ ਉਚਾਈਆਂ ਵਿੱਚ ਨਹੀਂ ਲਿਜਾ ਸਕਦੇ? ਮਹਾਂਪੁਰਖਾਂ ਦੀਆਂ ਯਾਦਾਂ ਮਨਸ ਤਲ ਤੋਂ ਹਲੇ ਮੱਧਮ ਨਹੀਂ ਹੋਈਆਂ ਸਿਰਫ ਲੋੜ ਹੈ ਗਲਤ ਦਿਸ਼ਾ ਵਿੱਚ ਛੋਟੀ ਮੈਂ ਦੇ ਪ੍ਰਭਾਵ ਹੇਠ ਪੁਟੇ ਗਏ ਕਦਮ ਨੂੰ ਪਿਛੇ ਖਿੱਚ ਸਹੀ ਦਿਸ਼ਾ ਦੇਣ ਦੀ। ਇਹ ਅਸੀਂ ਕਿਸ ਤਰ੍ਹਾਂ ਕਰ ਸਕਦੇ ਹਾਂ ਇਸ ਦਾ ਜ਼ਿਕਰ ਅਗਲੇ ਲੇਖ ਵਿੱਚ ਕਰਾਂਗੇ। **'ਚਲਦਾ'**



ਫਤਿਹਗੜ੍ਹ ਸਾਹਿਬ ਵਿਖੇ ਆਤਮ ਮਾਰਗ ਸਟਾਲ ਦਾ ਇਕ ਦ੍ਰਿਸ਼।

ਸਿੱਖ ਟੈਂਪਲ ਬੇਕਰਸਫੀਲਡ ਵਿਖੇ ਅਮਰੀਕਾ ਦੀ ਸੰਗਤ ਵੱਲੋਂ ਸ੍ਰੀ ਮਾਨ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਸਲਾਨਾ ਸਮਾਗਮ ਦੀਆਂ ਝਲਕੀਆਂ।














# ਹਰਿਕੀਰਤ ਸਾਧ ਸੰਗਤਿ ਹੈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

**ਸਤਿਨਾਮ ਸ੍ਰੀ ਵਾਹਿਗੁਰੂ**
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਸਗਲ ਭਵਨ ਕੇ ਨਾਇਕਾ*
*ਮੈਨੂੰ ਇਕ ਛਿਨ ਦਰਸ ਦਿਖਾ ਜਾ।*

*ਕੂਪੁ ਭਰਿਓ ਜੈਸੇ ਦਾਦਿਰਾ*
*ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ*
*ਕਛੁ ਆਰਾ ਪਾਰੁ ਨ ਸੂਝ ॥ ੧ ॥*
*ਸਗਲ ਭਵਨ ਕੇ ਨਾਇਕਾ*
*ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥*
*ਮਲਿਨ ਭਈ ਮਤਿ ਮਾਧਵਾ*
*ਤੇਰੀ ਗਤਿ ਲਖੀ ਨ ਜਾਇ ॥*
*ਕਰਹੁ ਕ੍ਰਿਪਾ ਭ੍ਰਮੁ ਚੂਕਈ*
*ਮੈ ਸੁਮਤਿ ਦੇਹੁ ਸਮਝਾਇ ॥ ੨ ॥*
*ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥*
*ਅੰਗ - ੩੪੬*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚਦੇ ਓਂ। ਪੂਰਨਮਾਸ਼ੀ ਦਾ ਸਮਾਗਮ ਮਨਾਉਣ ਵਾਸਤੇ, ਗੁਰੂ ਘਰ 'ਚੋਂ ਕੋਈ ਸਿਖਿਆ ਲੈਣ ਵਾਸਤੇ ਸਤਿਸੰਗ ਦਾ ਜੋ ਮਹਾਤਮ ਹੈ, ਸੰਸਾਰ ਦੇ ਵਿਚ ਹੋਰ ਕੋਈ ਮਹਾਤਮ ਨਹੀਂ ਕਿਸੇ ਦਾ ਐਡਾ ਵੱਡਾ। ਵਾਹਿਗੁਰੂ ਨੂੰ ਮਿਲਣ ਦਾ ਜਿਵੇਂ ਮੇਨ ਗੇਟ ਹੁੰਦਾ ਹੈ ਸਭ ਤੋਂ ਵੱਡਾ ਗੇਟ, ਉਹ ਸਤਿਸੰਗ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ, ਸਾਧੂਆਂ ਦੀ ਸੰਗਤ, ਸੰਤਾਂ ਦੀ ਸੰਗਤ, ਸਤਿ ਦੀ ਸੰਗਤ, ਗੁਰੂ ਦੀ ਸੰਗਤ ਇਹ ਬਾਰ-ਬਾਰ ਜ਼ਿਕਰ ਆਉਂਦੇ ਨੇ। ਜੇ ਤਾਂ ਅਸੀਂ ਐਵੇਂ ਹੀ ਇਹਨੂੰ ਸਮਝ ਲਈਏ ਤਾਂ ਤਾਂ ਸਮਝ ਲਓ ਸਾਡੀ ਬੁੱਧੀ ਮੰਦ ਹੈ। ਗੱਲ ਨੂੰ ਸਮਝਦੇ ਨਹੀਂ। ਰੁਟੀਨ ਬਣ ਜਾਂਦਾ ਹੈ। ਦੇਖਿਆ ਇਹ ਜਾਂਦਾ ਹੈ ਕਿ ਬਾਰ-ਬਾਰ ਉਪਦੇਸ਼ ਸੁਣਨ ਦੇ ਨਾਲ ਕੰਨਾਂ ਦੇ ਅੰਦਰ ਇਕ ਐਸਾ ਸਪੀਕਰ ਆ ਜਾਂਦਾ ਹੈ ਜਿਹਨੂੰ ਸੂਤਕ ਕਹਿੰਦੇ ਨੇ। ਉਹ ਸੂਤਕ ਗੱਲ ਅੱਗੇ ਜਾਣ ਨਹੀਂ ਦਿਆ ਕਰਦਾ, ਰੋਕ ਲੈਂਦਾ ਹੈ। ਜਿਥੇ ਜਾ ਕੇ ਵੀਚਾਰ ਕਰਨੀ ਹੈ ਕਿਉਂਕਿ ਵੱਡਾ ਗੇਟ ਸਤਿਸੰਗਤ ਹੈ, ਉਸ ਤੋਂ ਅਗਲਾ ਜਿਹੜਾ ਹੈ ਦਰਵਾਜ਼ਾ ਵਾਹਿਗੁਰੂ ਨੂੰ ਜਾਣ ਵਾਲਾ ਉਹ ਵੀਚਾਰ ਹੈ। ਫੇਰ ਉਸ ਤੋਂ ਅੱਗੇ ਇੰਦਰੀਆਂ ਦਾ ਸੰਤੋਖ ਹੈ ਸਾਰੀਆਂ ਦਾ। ਸਭ ਨੂੰ ਆਪਣੇ ਵਸ ਵਿਚ ਰੱਖਣਾ। ਪਹਿਲੇ ਦਰਵਾਜ਼ੇ 'ਚ ਜੇ ਮੇਨ ਗੇਟ ਵਿਚ ਦਾਖਲ ਹੋਏਗਾ, ਤਾਂ ਅੱਗੇ ਚੱਲ ਸਕਦਾ ਹੈ। ਇਕੋ ਹੀ ਗੱਲ ਬਾਰ-ਬਾਰ ਕਹੀ ਜਾਓ, ਉਹਦੀ ਅਹਿਮੀਅਤ ਖਤਮ ਹੋ ਜਾਂਦੀ ਹੈ। ਮਾਂ-ਬਾਪ ਆਪਣੇ ਬੱਚਿਆਂ ਨੂੰ ਉਪਦੇਸ਼ ਦਿੰਦੇ ਨੇ। ਉਨ੍ਹਾਂ ਨੂੰ ਉਨ੍ਹਾਂ ਦੇ ਮਾਂ-ਬਾਪ ਨੇ ਉਪਦੇਸ਼ ਦਿਤਾ ਤੇ ਉਨ੍ਹਾਂ ਨੂੰ ਵੀ ਉਨ੍ਹਾਂ ਦੇ ਮਾਂ-ਬਾਪ ਨੇ ਉਪਦੇਸ਼ ਦਿਤਾ। ਕੋਈ ਮਾਂ-ਬਾਪ ਐਸਾ ਦੁਨੀਆਂ 'ਚ ਨਹੀਂ ਹੈ ਜਿਹੜਾ ਆਪਣੇ ਬੱਚੇ ਨੂੰ ਗਲਤ ਗੱਲ ਕਹੇ। ਆਪਣੀ ਅਕਲ ਦੇ ਮੁਤਾਬਿਕ, ਆਪਣੇ ਤਜਰਬੇ ਦੇ ਮੁਤਾਬਿਕ ਬਿਲਕੁਲ ਸਹੀ ਗੱਲ ਕਹਿੰਦਾ ਹੈ। ਜਿਹਦੇ ਵਿਚ ਬੱਚੇ ਦਾ ਭਲਾ ਹੋ ਜਾਵੇ। ਦੁੱਖਾਂ ਦਲਿੱਦਰਾਂ ਤੋਂ ਬਚ ਜਾਵੇ, ਬਿਮਾਰੀਆਂ ਤੋਂ ਬਚ ਜਾਵੇ, ਜੇ ਮਾਂ-ਬਾਪ ਬੱਚੇ ਨੂੰ ਕਹਿੰਦੇ ਨੇ ਕਿ ਤੂੰ ਪੜ੍ਹ ਲਿਖ। ਉਹਦਾ ਮਾਂ-ਬਾਪ ਨੂੰ ਤਾਂ ਕੋਈ ਫਾਇਦਾ ਨਹੀਂ ਹੈ। ਬੱਚੇ ਨੂੰ ਫਾਇਦਾ ਹੈ ਕਿ ਆਪਣੀ ਜ਼ਿੰਦਗੀ ਸੋਹਣੀ ਬਣਾ ਲਏਗਾ। ਬਾਰ-ਬਾਰ ਮਾਂ-ਬਾਪ ਕਹਿੰਦੇ ਨੇ। ਬੱਚਿਆਂ ਦਾ ਕੀ attitude ਹੁੰਦਾ ਹੈ, ਦੋ ਤਿੰਨ ਬੱਚੇ ਹੋਣ, ਮਾਂ ਸਮਝਾਉਂਦੀ ਹੈ ਜਾਂ ਪਿਤਾ ਸਮਝਾਉਂਦਾ ਹੈ। ਗੱਲ ਰੋਜ਼ ਵਾਲੀ ਹੀ ਹੁੰਦੀ ਹੈ, ਥੋੜ੍ਹਾ-ਥੋੜ੍ਹਾ ਫਰਕ ਹੁੰਦਾ ਹੈ, ਬੱਚੇ ਇਕ ਦੂਜੇ ਵਲ ਦੇਖਣਗੇ ਹੇਠਾਂ ਨੂੰ ਨੀਵੀਂ ਪਾ ਕੇ, ਜਦੋਂ ਮਾਂ-ਬਾਪ ਚਲੇ ਗਏ ਬੋਲ-ਬਾਲ ਕੇ, ਉਸ ਤੋਂ ਬਾਅਦ ਹੱਸ ਪੈਣਗੇ, ਕਿੰਨੀਆਂ ਹੀ ਝਿੜਕਾਂ ਮਾਰੀ ਜਾਓ, ਕੁਛ ਕਹੀ ਜਾਓ, ਇਕ ਦੂਜੇ ਨੂੰ ਕਹਿਣਗੇ ਕਿੰਨੇ ਨੰਬਰ ਦਾ ਰਿਕਾਰਡ ਲੱਗਿਆ ਹੈ ਅਜ। ਕਿਹੜੀ ਟੇਪ ਲੱਗੀ ਸੀ। ਇਹਦਾ ਮਤਲਬ ਕੀ ਹੈ ਕਿ ਇਨ੍ਹਾਂ ਦੇ ਕੰਨਾਂ ਦੇ ਅੰਦਰ ਸੂਤਕ ਪਿਆ ਹੋਇਆ ਹੈ, ਉਹ ਅੱਗੇ ਨਹੀਂ ਗੱਲ ਜਾਣ ਦਿੰਦਾ। ਉਹ ਇਸ ਗੱਲ ਨੂੰ ਕਿੰਨਾ ਹੀ ਸਮਝਾ ਲਵੇ ਇਹੀ ਕਹਿਣਗੇ ਕਿ ਟੇਪ ਲੱਗ ਗਈ ਅੱਜ ਫਲਾਣੀ। ਬੜਾ ਮੁਸ਼ਕਲ ਹੈ ਬੱਚਿਆਂ ਨਾਲ deal ਕਰਨਾ। ਬੱਚੇ ਕੇਸ ਕਟਾ ਦਿੰਦੇ ਨੇ, ਮਾਂ-ਬਾਪ ਕਲਪਦੇ ਫਿਰਦੇ ਨੇ। ਗਿਆਨ ਹੁੰਦਾ ਨਹੀਂ ਅੰਦਰ, ਕਈ ਮਾਵਾਂ ਖੁਦ ਹੀ ਕੱਟ ਦਿੰਦੀਆਂ ਨੇ। ਪਤਾ ਨਹੀਂ ਬੱਚੇ ਸੋਹਣੇ ਲਗਦੇ ਨੇ। ਬਾਅਦ ਵਿਚ ਉਹ ਖੁਲ੍ਹ ਜਾਂਦਾ ਹੈ self disicipline ਵਿਚੋਂ ਬੱਚਾ ਨਿਕਲ ਜਾਂਦਾ ਹੈ, ਫੇਰ ਬਹੁਤ ਵੱਡੀ problem ਬਣ ਜਾਂਦਾ ਹੈ, ਸੰਸਾਰ ਨੂੰ ਵੀ ਤੇ ਆਪਣੇ ਪਰਿਵਾਰ ਨੂੰ ਵੀ। ਏਸੇ ਤਰ੍ਹਾਂ ਦੇ ਨਾਲ ਅਸੀਂ ਇਕੱਠੇ ਹੁੰਦੇ ਹਾਂ, ਗੁਰੂ ਮਹਾਰਾਜ ਰੋਜ਼ ਇਕ ਗੱਲ ਕਹਿੰਦੇ ਨੇ ਹਰ ਰੋਜ਼ ਇਕ ਗੱਲ ਕਹਿੰਦੇ ਨੇ, ਉਹ ਗੱਲ ਹੈ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਅਸੀਂ ਕਦੇ ਵੀ ਨਹੀਂ ਇਸ ਗੱਲ ਨੂੰ ਲੈਂਦੇ। ਕਦੇ ਵੀ ਧਿਆਨ ਨਹੀਂ ਆਉਂਦਾ ਕਿ ਮਹਾਰਾਜ ਇਹ ਗੱਲ ਕਹਿੰਦੇ ਨੇ ਕਿ ਤੇਰੀ ਵਾਰੀ ਆ ਗਈ। ਦਿਨ ਲੰਘਦੇ ਤੁਰੇ ਜਾ ਰਹੇ ਨੇ। ਨਿਤਨੇਮ ਰੋਜ਼ ਕਰਦੇ ਜਾ ਰਹੇ ਨੇ, ਮਹਾਤਮਾ ਦੱਸਦੇ ਨੇ ਕਿ ਭਾਈ, ਸਤਿਸੰਗਤ ਕਰ, ਜਿਹੜੇ ਸਤਿ ਨਾਲ ਜੁੜੇ ਹੋਏ ਨੇ, ਉਨ੍ਹਾਂ ਦੇ ਬਚਨ ਸਰਵਣ ਕਰ। ਉਹ ਕੀ ਕਰਨਗੇ, ਤੈਨੂੰ ਐਸੇ ਜਨਮ ਦੇ ਅੰਦਰ ਜੰਮਣਾ-ਮਰਣਾ ਖਤਮ ਕਰਾ ਦੇਣਗੇ। ਐਸੇ ਜਨਮ ਦੇ ਅੰਦਰ ਪ੍ਰਮੇਸ਼ਰ ਦੇ ਨਾਲ ਮਿਲਾ ਦੇਣਗੇ। ਲੇਕਿਨ ਹੁੰਦਾ ਕੀ ਹੈ ਜਿੰਨਾ ਜ਼ਿਆਦਾ ਕਹੀ ਜਾਓ ਓਨਾਂ ਜ਼ਿਆਦਾ ਅਸਰ ਘਟਦਾ ਜਾਂਦਾ ਹੈ। ਮਹਾਂਪੁਰਸ਼ਾਂ ਨੇ ਏਸ ਗੱਲ ਨੂੰ ਬਹੁਤ ਵਿਚਾਰਿਆ ਕਿ ਇਹ ਗੱਲ ਕੀ ਹੈ, ਐਨੇ ਉਪਦੇਸ਼ ਦਿੰਦੇ ਨੇ ਸਤਿ ਸਾਸ਼ਤਰ, ਵੇਦ ਦਿੰਦੇ ਨੇ, ਉਪਨਿਸ਼ਦਾਂ ਦਿੰਦੀਆਂ ਨੇ, ਗੀਤਾ ਦੱਸ ਰਹੀ ਹੈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਰਾ ਸਮਝਾ ਰਹੀ ਹੈ, ਕੁਰਾਨ ਸ਼ਰੀਫ ਦੇ ਅੰਦਰ ਸੱਚ ਦਾ ਪ੍ਰਚਾਰ ਹੈ। ਬਾਈਬਲ ਹੈ, ਤੌਰੇਤ ਹੈ, ਅੰਜੀਲ ਹੈ, ਜੰਬੂਰ ਹੈ ਬੇਅੰਤ ਗ੍ਰੰਥ ਨੇ। ਪਰ ਆਦਮੀ ਦੇ ਮਨ ਦੇ ਉਤੇ ਅਸਰ ਕਿਉਂ ਨਹੀਂ ਹੁੰਦਾ ਤੇ ਉਨ੍ਹਾਂ ਨੇ ਅੱਡ-ਅੱਡ ਨਤੀਜੇ ਕੱਢੇ ਨੇ ਕਿ ਏਸ ਬੰਦੇ ਦਾ ਜੋ ਉਲ੍ਹਾਰ ਹੈ ਉਹ ਮਾਇਆ ਵਲ ਨੂੰ ਹੈ। ਬਾਬਾ ਫਰੀਦ ਜੀ ਏਸ ਨੂੰ ਸੈਤਾਨ ਕਹਿੰਦੇ ਨੇ, ਮਹਾਤਮਾ ਏਸ ਨੂੰ ਮਾਰ ਦੇਵਤਾ ਕਹਿੰਦੇ ਨੇ। ਸਾਰਿਆਂ ਦੇ ਕੋਈ ਨਾ ਕੋਈ ਆਪਣੇ-ਆਪਣੇ ਰੱਖੇ ਹੋਏ ਨੇ ਕਿ ਐਡੇ ਸਤਿ ਉਪਦੇਸ਼ ਕੀਮਤੀ ਗੱਲਾਂ ਸੁਣ ਕੇ ਫੇਰ ਮਨ ਵਿਚ ਚਾਓ ਕਿਉਂ ਨਹੀਂ ਜਾਗਦਾ, ਲਗਨ ਕਿਉਂ ਨਹੀਂ ਲਗਦੀ।

ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ। ਮਹਾਰਾਜ ਕਹਿੰਦੇ ਅੱਗੇ ਵੀ ਪੁੱਛਿਆ ਤੂੰ? ਕਹਿੰਦੇ ਹਾਂ ਜੀ। ਮੇਰਾ ਮਨ ਨਹੀਂ ਮੰਨਦਾ। ਕਹਿੰਦੇ ਤੈਨੂੰ ਪ੍ਰੈਕਟੀਕਲ ਦੱਸ ਦਿੰਦੇ ਹਾਂ।

ਕੱਲ੍ਹ ਨੂੰ ਸਵੇਰੇ ਚੜ੍ਹਦੇ ਵਲ ਦੇ ਟੋਭੇ ਤੇ ਜਾਈਂ, ਉਥੇ ਤੈਨੂੰ ਦੱਸਣ ਵਾਲੇ ਆਉਣਗੇ। ਦਰਖਤ ਦੇ ਥੱਲੇ ਖੜ੍ਹ ਗਿਆ ਜਾ ਕੇ, ਪਹੁ ਫੁਟਾਲਾ ਮੁੱਕ ਗਿਆ, ਸੂਰਜ ਚੜ੍ਹ ਗਿਆ। ਵਾਪਸ ਆ ਗਿਆ।

ਕਹਿਣ ਲੱਗਿਆ, ਮਹਾਰਾਜ! ਉਥੇ ਤਾਂ ਕੋਈ ਨਹੀਂ ਆਇਆ?

ਮਹਾਰਾਜ ਜੀ ਨੇ ਕਿਹਾ, ਕਿ ਕੁਛ ਤਾਂ ਦੇਖਿਆ ਹੋਣਾ?

ਕਹਿੰਦਾ, ਇਕ ਕਾਵਾਂ ਦਾ ਜੋੜਾ ਸਾਮ੍ਹਣੇ ਦਰੱਖਤ ਦੇ ਟਾਹਣੇ ਤੇ ਬੈਠਾ ਕਾਂ-ਕਾਂ ਕਰਦਾ ਸੀ।

ਕਹਿੰਦੇ, ਫੇਰ ਜਾਈਂ, ਕੱਲ੍ਹ।

ਵਾਪਸ ਆ ਗਿਆ, ਕਹਿਣ ਲੱਗਿਆ, ਮਹਾਰਾਜ! ਅੱਜ ਵੀ ਕੁਛ ਨਹੀਂ ਦਿਸਿਆ। ਕਹਿੰਦੇ, ਕੁਛ ਤਾਂ ਦਿਸਿਆ ਹੋਣਾ, ਕੋਈ ਪੰਛੀ। ਕਹਿੰਦੇ, ਹਾਂ ਮਹਾਰਾਜ! ਜਿਥੇ ਕੱਲ੍ਹ ਕਾਵਾਂ ਦਾ ਜੋੜਾ ਸੀ ਕੱਲ੍ਹ ਬਗਲਿਆਂ ਦਾ ਜੋੜਾ ਸੀ।

ਕਹਿੰਦੇ, ਫੇਰ ਜਾਹ ਕੱਲ੍ਹ ਨੂੰ।

ਵਾਪਸ ਆਇਆ, ਕਹਿੰਦਾ, ਮਹਾਰਾਜ! ਜਿਥੇ ਬਗਲਿਆਂ ਦਾ ਜੋੜਾ ਸੀ ਉਥੇ ਅੱਜ ਹੰਸਾ ਦਾ ਜੋੜਾ ਬੈਠਾ ਸੀ।

ਕਿਹਾ, ਕੱਲ੍ਹ ਨੂੰ ਫੇਰ ਜਾਹ।

ਉਥੇ ਜਾ ਕੇ ਕੀ ਦੇਖਦਾ ਹੈ ਦੋ ਦਿਬਯ ਸਰੀਰ ਪ੍ਰਕਾਸ਼ ਵਾਲੇ ਇਹਦੇ ਚਰਨਾਂ ਤੇ ਬਾਰ-ਬਾਰ ਨਮਸ਼ਕਾਰਾਂ ਕਰੀ ਜਾਂਦੇ ਨੇ। ਕਹਿਣ ਲੱਗਿਆ, ਤੁਸੀਂ ਆ ਗਏ ਮੈਨੂੰ ਦੱਸਣ ਵਾਲੇ?

ਕਹਿੰਦੇ, ਹਾਂ।

ਕੀ ਫਲ ਹੈ ਸਤਿਸੰਗ ਦਾ? ਮਹਾਂਪੁਰਸ਼ਾਂ ਦੇ ਦਰਸ਼ਨ ਦਾ ਕੀ ਫਲ ਹੈ?

ਕਹਿਣ ਲੱਗੇ ਅਸੀਂ ਤਾਂ ਨਹੀਂ ਕਰਿਆ ਦਰਸ਼ਨ। ਅਸੀਂ ਮਹਾਂਪੁਰਸ਼ਾਂ ਦੀ ਸੰਗਤ ਨਹੀਂ ਕੀਤੀ। ਸਤਿਸੰਗ ਸੁਣਿਆ ਨਹੀਂ ਹੈ। ਪਰ ਤੂੰ ਕਰਿਆ ਹੈ। ਤੇਰੇ ਦਰਸ਼ਨਾਂ ਦੇ ਵਿਚ ਐਨੀ ਜ਼ਬਰਦਸਤ ਸ਼ਕਤੀ ਪੈਦਾ ਹੋ ਗਈ ਕਿ ਪਹਿਲਾਂ ਅਸੀਂ ਕਾਉਂ ਸੀ, ਦੂਸਰੇ ਦਿਨ ਅਸੀਂ ਬਗਲੇ, ਤੀਸਰੇ ਦਿਨ ਹੰਸ, ਅੱਜ ਅਸੀਂ ਦੇਵ ਦੇਹਾਂ ਪ੍ਰਾਪਤ ਕਰਕੇ ਬੈਕੁੰਠ ਧਾਮ ਨੂੰ ਜਾ ਰਹੇ ਹਾਂ।

ਬੜਾ ਖੁਸ਼ ਹੋਇਆ, ਆ ਕੇ ਮਹਾਰਾਜ ਜੀ ਨੂੰ ਦੱਸਿਆ। ਮਹਾਰਾਜ ਕਹਿੰਦੇ, ਪਿਆਰਿਆ! ਪਹਿਲਾਂ ਜਿਹੜਾ ਜੀਵ ਹੁੰਦਾ ਹੈ ਇਹਦੇ ਮਨ ਵਿਚ ਕਾਲਸ ਹੁੰਦੀ ਹੈ, ਜਿਵੇਂ ਕਾਉਂ ਹੁੰਦਾ ਹੈ, ਕਾਉਂ ਗੰਦ ਮੰਦ ਖਾਂਦਾ ਹੈ। ਇਹ ਵੀ ਨਿੰਦਿਆ, ਚੁਗਲੀ, ਈਰਖਾ, ਵਖੀਲੀ, ਰਿਸ਼ਵਤਾਂ ਧੋਖੇ ਝੂਠ ਬੋਲਦਾ ਹੈ। ਅਨੇਕਾਂ ਮਾੜੇ ਕੰਮ ਕਰਦਾ ਹੈ, ਕਾਉਂ ਵਾਲੀ ਖੁਰਾਕ ਹੈ ਇਸਦੀ। ਪਰ ਜਦੋਂ ਸਤਿਸੰਗ 'ਚ ਜਾਂਦਾ ਹੈ, ਉਥੇ ਚੋਟ ਲਗਦੀ ਹੈ। ਤਬਦੀਲੀ ਆਉਂਦੀ ਹੈ ਤੇ ਹੌਲੀ-ਹੌਲੀ ਬਾਹਰੋਂ ਚਟਿਆਈ ਆ ਜਾਂਦੀ ਹੈ ਲੇਕਿਨ ਅੰਦਰਲਾ ਸੁਭਾਅ ਨਹੀਂ ਬਦਲਦਾ, ਹੋਰ ਸਤਿਸੰਗ ਕਰਦਾ ਹੈ ਤਾਂ ਅੰਦਰਲਾ ਸੁਭਾਅ ਵੀ ਬਦਲ ਜਾਂਦਾ ਹੈ ਤੇ ਹੰਸ ਵਾਂਗੂੰ ਤੱਤ ਵਿਵੇਚਨ ਮਿਥਿਆ ਤੇ ਸਤਿ ਨੂੰ ਪਛਾਨਣ ਦੀ ਸ਼ਕਤੀ ਹੋ ਜਾਂਦੀ ਹੈ। ਜਦੋਂ ਹੋਰ ਸਤਿਸੰਗ ਕਰਦਾ ਹੈ ਉਸ ਵੇਲੇ ਦੇਵ ਦੇਹੀ ਪ੍ਰਾਪਤ ਹੋ ਜਾਂਦੀ ਹੈ। ਸੋ ਦੁਨੀਆਂ ਦੇ ਅੰਦਰ ਜੇ ਕੋਈ ਕੀਮਤੀ ਚੀਜ਼ ਹੈ, ਜਿਹਦਾ ਮੁੱਲ ਨਹੀਂ ਪਾਇਆ ਜਾ ਸਕਦਾ ਕਹਿੰਦੇ, ਉਹ ਸਤਿਸੰਗ ਹੈ।

ਮਹਾਰਾਜ! ਫੇਰ ਸਾਰੇ ਲੋਕ ਸਤਿਸੰਗ ਕਿਉਂ ਨਹੀਂ ਕਰਦਾ? ਸਾਰੇ ਲੋਕ ਭਜਨ ਪਾਠ ਕਿਉਂ ਨਹੀਂ ਕਰਦੇ। ਮਹਾਰਾਜ ਕਹਿੰਦੇ, ਪ੍ਰੇਮੀਆ! ਇਹ ਅਤਿ ਦੁਰਲੱਭ ਚੀਜ਼ ਹੈ ਸਤਿਸੰਗ। ਸਾਰੇ ਕਰਮਾਂ ਤੋਂ ਸ਼੍ਰੋਮਣੀ ਕਰਮ ਹੈ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਜਿਹਦੇ ਮੱਥੇ ਵਿਚ ਲੇਖ ਲਿਖੇ ਜਾਣ, ਪੁੰਨ ਕਰਮ ਬਣ ਜਾਣ। ਉਹ ਪੁੰਨ ਕਰਮ ਪ੍ਰੇਰਦੇ ਨੇ ਕਿ ਸਤਿਸੰਗ 'ਚ ਚੱਲ। ਹੋਰ ਵੱਧ ਕੇ ਬਣ ਜਾਣ, ਸੰਤਾਂ ਦੇ ਦਰਸ਼ਨ ਦੇ ਨਾਲ ਬਣ ਜਾਣ। ਗੁਰੂ ਦੀਆਂ ਸੰਗਤਾਂ ਦੀ ਧੂੜ ਪੈ ਜਾਵੇ ਉਤੇ, ਉਹਦੇ ਨਾਲ ਬਣ ਜਾਣ। ਕਹਿੰਦੇ, ਫੇਰ ਇਹ ਭਜਨ ਕਰਨਾ ਸ਼ੁਰੂ ਕਰ ਦਿੰਦਾ ਹੈ, ਗੁਰੂ ਵਾਲਾ ਬਣ ਜਾਂਦਾ ਹੈ। ਹੌਲੀ-ਹੌਲੀ ਭਜਨ ਕਰਦੇ ਨੂੰ ਫੇਰ ਸੋਝੀ ਆਉਣੀ ਸ਼ੁਰੂ ਹੋ ਜਾਂਦੀ ਹੈ, ਅੰਦਰ ਪਿਆਰ ਜਾਗ ਪੈਂਦਾ ਹੈ। ਮਾੜੇ ਤੋਂ ਵੀ ਮਾੜਾ ਜਿਹੜਾ ਬੰਦਾ ਹੈ, ਸਾਧੂਆਂ ਦੀ ਸੰਗਤ ਕਰਕੇ ਉਹਦਾ ਵੀ ਉਧਾਰ ਹੋ ਜਾਂਦਾ ਹੈ। ਪਰ ਕਹਿੰਦੇ ਮਹਾਰਾਜ ਕਿ ਸਾਰੇ ਕਿਉਂ ਨਹੀਂ ਸੁਣਦੇ ਇਸ ਗੱਲ ਨੂੰ। ਕਹਿੰਦੇ, ਭਾਗਾਂ ਦੇ ਵਿਚ ਫਰਕ ਹੋਇਆ ਕਰਦਾ ਹੈ -

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ***
***ਦਿਤੀਆਂ ਬਾਗਾਂ ਤੋਂ ਨਾ ਜਾਗਦੇ।***
***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***
***ਅੰਗ - ੧੩੭੮***

ਜਿਸ ਦੇ ਉਤੇ ਮਾਇਆ ਹਾਵੀ ਹੋ ਗਈ, ਜਿਸਦੇ ਭਾਗ ਮੰਦੇ ਨੇ ਉਹਨੂੰ ਜਾਗ ਨਹੀਂ ਆਉਂਦੀ। ਇਸਲਾਮ ਦੇ ਵਿਚ ਜੋ ਇਸ਼ਾ ਦੀ ਨਮਾਜ਼ ਫਜ਼ਰ ਦੀ ਸੁਣਨ ਵਾਸਤੇ ਗਏ। ਉਹ ਨਮਾਜ਼ ਪੜ੍ਹਨ ਵਾਸਤੇ ਸੁੱਤਿਆਂ ਨੂੰ ਜਗਾਉਣ ਵਾਸਤੇ ਜੋ ਹੁੱਲਾ ਹੁੰਦਾ ਹੈ, ਉਹ ਮਸਜਿਦ ਦੇ ਮੁਨਾਰੇ ਤੇ ਚੜ੍ਹ ਜਾਂਦਾ ਹੈ, ਉਥੇ ਪੌੜੀਆਂ ਛੋਟੀਆਂ ਜਿਹੀਆਂ ਹੁੰਦੀਆਂ ਨੇ, ਸਿਖਰ ਚੜ੍ਹ ਜਾਂਦਾ ਹੈ। ਉਹ ਮੁਨਾਰੇ ਦਾ ਜਿਹੜਾ ਬੁਰਜ਼ ਹੈ ਉਹਦੇ ਚਾਰੇ ਪਾਸੇ ਦਰਵਾਜ਼ੇ ਰੱਖੇ ਹੁੰਦੇ ਨੇ ਛੋਟੇ-ਛੋਟੇ। ਉਹ ਬੋਲਦਾ ਹੈ ਪੂਰੇ ਜ਼ੋਰ ਨਾਲ। ਕੰਨਾਂ ਤੇ ਹੱਥ ਰੱਖ ਕੇ। ਆਵਾਜ਼ ਦਿੰਦਾ ਹੈ, ਅਲਾਹ-ਹੂ-ਅਕਬਰ। ਵਾਹਿਗੁਰੂ ਸਭ ਤੋਂ ਵੱਡਾ ਹੈ, ਵਾਹਿਗੁਰੂ ਸਭ ਤੋਂ ਵੱਡਾ ਹੈ। ਗੂੰਜ ਪੈਂਦੀ ਹੈ ਉਹਦੀ ਆਵਾਜ਼ ਦੀ। ਉਹ ਆਵਾਜ਼ ਦੇ ਕੇ ਜਗਾਉਂਦਾ ਹੈ ਕਿ ਨਮਾਜ਼ ਦਾ ਸਮਾਂ ਹੋ ਗਿਆ। ਉਠੋ ਹੁਣ ਨਮਾਜ਼ ਪੜ੍ਹੋ। ਨਮਾਜ਼ ਦਾ ਸਮਾਂ ਹੋ ਗਿਆ। ਉਦਮ ਕਰੋ ਤੇ ਫੇਰ ਨਮਾਜ਼ ਵਿਚ ਸਾਵਧਾਨ ਹੋਵੋ। ਪਰ ਕਹਿੰਦੇ ਹੁੰਦਾ ਕੀ ਹੈ, ਐਨੀਆਂ ਆਵਾਜ਼ਾਂ ਦੇਣ ਦੇ ਬਾਵਜੂਦ ਵੀ ਉਸਨੂੰ ਜਾਗ ਨਹੀਂ ਆਉਂਦੀ। ਜੇ ਆਉਂਦੀ ਹੈ ਤਾਂ ਕਹਿੰਦਾ ਹੈ ਚਲ ਹੁਣ ਹੋਰ ਪੈ ਲੈਂਦੇ ਹਾਂ। ਪ੍ਰਣ ਤਾਂ ਉਸ ਤੋਂ ਲਿਆ ਸੀ ਕਿ ਨਮਾਜ਼ ਪੜ੍ਹਨੀ ਹੈ, ਲੇਕਿਨ ਜਾਗ ਹੀ ਨਹੀਂ ਆਉਂਦੀ। ਕਿੰਨੇ ਮਾੜੇ ਕਰਮ ਨੇ ਇਸਦੇ, ਬਾਗਾਂ ਦੇਣ ਤੋਂ ਬਾਅਦ ਵੀ ਨਹੀਂ ਜਾਗਦਾ। ਇਥੇ ਗੁਰੂ ਮਹਾਰਾਜ ਬਾਰ-ਬਾਰ ਸਮਝਾਉਂਦੇ ਨੇ ਕਿ ਪਿਆਰਿਆ! -

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ ॥***

***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨***

ਸਤਿਸੰਗ ਦੇ ਵਿਚ ਆ, ਕਾਉਂ ਤੋਂ ਦੇਵਤਾ ਬਣ ਜਾਏਂਗਾ। ਤੇਰਾ ਜਨਮ ਮਰਨ ਦਾ ਚੱਕਰ ਕੱਟਿਆ ਜਾਏਗਾ, ਇਹ ਜਿਹੜੇ ਚੱਕਰ ਕੱਟਦਾ ਹੈਂ ਚੁਰਾਸੀ ਦੇ ਵਿਚ ਆਉਂਦਾ ਹੈਂ, ਮੁੜ ਕੇ ਫੇਰ ਗਿਰ ਜਾਂਦਾ ਹੈ -

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ ॥***
***ਅੰਗ - ੧੦੭੫***

ਹੁਣ ਛੁਟਕਾਰਾ ਕਰਾ ਲੈ ਜੇ ਹੁੰਦਾ ਹੈ। ਬੜੀ ਮੁਸ਼ਕਲ ਗੱਲ ਹੈ, ਪਹਿਲਾਂ ਤਾਂ ਇਹ ਗੱਲ ਦਿਲ ਦੇ ਵਿਚ ਨਹੀਂ ਬੈਠਦੀ। ਓਡਾ ਥਾਉਂ ਨਹੀਂ ਲੈਂਦੀ ਜਿੱਡੀ ਇਸ ਦੀ ਮਹੱਤਤਾ ਹੈ। ਇਹਨੂੰ ਸੁਣੇ ਨੂੰ ਅਣਸੁਣਿਆ ਕਰ ਦਿੰਦੇ ਹਾਂ ਅਸੀਂ। ਕੋਈ ਹੌਲ ਨਹੀਂ ਪੈਂਦਾ, ਕੋਈ ਇਰਾਦਾ ਨਹੀਂ ਬਣਦਾ, ਗੱਲ ਰੋਜ਼ ਦੀ ਰੋਜ਼ ਉਵੇਂ ਹੀ ਆਉਂਦੀ ਹੈ, ਇਹਨੂੰ immun ਕਹਿੰਦੇ ਨੇ ਅੰਗ੍ਰੇਜ਼ੀ 'ਚ। ਜਿਵੇਂ ਪਹਿਲਾਂ-ਪਹਿਲਾਂ ਡੀ.ਡੀ. ਟੀ ਆਈ, ਮੱਛਰ ਮਰ ਜਾਂਦੇ ਸੀ, ਪਰ ਜਿਹੜੇ ਮੱਛਰ ਡੀ.ਡੀ.ਟੀ ਦੇ ਵਿਚ ਹੀ ਪੈਦਾ ਹੋਏ ਉਨ੍ਹਾਂ ਤੇ ਅਸਰ ਕਰਨ ਤੋਂ ਹਟ ਗਈ ਦਵਾਈ। ਉਹ immun ਹੋ ਗਏ, ਬਾਰ-ਬਾਰ ਉਪਦੇਸ਼ ਸੁਣਦੇ-ਸੁਣਦੇ immun ਹੋ ਜਾਂਦੇ ਨੇ। ਸਿਆਣਿਆਂ ਦਾ ਇਹ ਮੱਤ ਹੈ -

Nearer the church father the God.

ਆਦਮੀ ਜਿੰਨਾ ਆਪਣੇ ਧਰਮ ਗ੍ਰੰਥ ਦੇ ਨੇੜੇ ਰਹਿੰਦਾ ਹੈ, ਧਰਮਸਾਲਾ ਦੇ ਨੇੜੇ ਰਹਿੰਦੇ ਹੈ, ਗੁਰਦੁਆਰੇ ਦੇ ਨੇੜੇ ਰਹਿੰਦਾ ਹੈ, ਵਿਚ ਰਹਿੰਦਾ ਹੈ ਉਹ ਰੱਬ ਤੋਂ ਦੂਰ ਹੁੰਦਾ ਤੁਰਿਆ ਜਾਂਦਾ ਹੈ, ਕਿਉਂਕਿ ਅੰਦਰ ਸ਼ਰਧਾ ਨਹੀਂ, ਬੇਅਦਬੀ ਕਰਦਾ ਹੈ। ਚਾਹੇ ਮਹਾਤਮਾ ਹੈ ਚਾਹੇ ਗੁਰੂ ਨੇ, ਉਹ proper care ਦੇਣੀ ਪੈਂਦੀ ਹੈ। ਜੇ ਮਹਾਤਮਾ ਕੋਲ ਰਹਿਣ ਲਗ ਜਾਵੇ, ਉਹ ਦੂਰ ਰਹਿਣ ਲੱਗ ਜਾਏਗਾ, ਨਮਸਕਾਰ ਤੋਂ। ਐਵੇਂ ਹੱਥ ਜਿਹੇ ਜੋੜ ਕੇ ਪਰ੍ਹੇ ਕਰ ਲਏਗਾ। ਸ਼ਰਧਾ ਘਟ ਜਾਂਦੀ ਹੈ। ਉਹ ਬੇਅਦਬੀ ਹੁੰਦੀ ਹੈ। ਬੇਅਦਬੀ ਦਾ ਦੋਸ਼ ਲਗ ਕੇ ਉਹਦੇ ਅੰਦਰੋਂ ਰੂਹਾਨੀਅਤ ਖਤਮ ਹੋ ਜਾਇਆ ਕਰਦੀ ਹੈ। ਇਸੇ ਕਰਕੇ ਐਸੀਆਂ ਗੱਲਾਂ ਪ੍ਰਚਲਤ ਹੋ ਗਈਆਂ ਕਿ ਇਹ ਚੁਟਕੀ ਪਾਠ ਕਰ ਰਿਹਾ ਹੈ ਜੀ, ਇਹ ਥੱਬਾ ਪਾਠ ਕਰ ਰਿਹਾ ਹੈ, ਇਹ ਵਿਚਾਲੇ ਹੀ ਪਾਠ ਛੱਡ ਕੇ ਕਹਿ ਦਿੰਦਾ ਹੈ ਕਿ ਜੀ ਹੋ ਗਿਆ ਹੈ ਪਾਠ। ਅਰਦਾਸ ਕਰ ਦਿੰਦਾ ਹੈ, ਹੁਕਮਨਾਮਾ ਪਹਿਲਾਂ ਹੀ ਦੇਖ ਕੇ ਰੱਖ ਲੈਂਦਾ ਹੈ ਕਿ ਘਰਵਾਲੇ ਕਿਹੜੇ ਹੁਕਮਨਾਮੇ ਨਾਲ ਖੁਸ਼ ਹੋਣਗੇ। ਜੇ ਭਲਾ ਪਤਰੇ ਉਲੱਦਿਆਂ ਤੇ ਨਾ ਹੀ ਨਿਕਲਿਆ ਤਾਂ ਜ਼ੁਬਾਨੀ ਹੀ ਯਾਦ ਹੁੰਦਾ ਹੈ। ਜ਼ੁਬਾਨੀ ਹੀ ਪੜ੍ਹ ਦਿੰਦਾ ਹੈ।

ਇਕ ਮੈਨੂੰ ਦਿੱਲੀ ਦੇ ਪ੍ਰੇਮੀ ਮਿਲੇ ਕਹਿਣ ਲੱਗੇ ਕਿ ਫਲਾਣਾ ਬੰਦਾ ਜਿਹੜਾ ਹੈ ਤੁਹਾਡਾ ਉਹ ਹੁਕਮਨਾਮਾ ਬਹੁਤ

ਵਧੀਆ ਲੈਂਦਾ ਹੈ। ਮੈਂ ਕਿਹਾ ਉਹਦੇ ਪੰਨੇ ਯਾਦ ਨੇ ਕਿ ਐਨੇ ਪੰਨੇ ਤੇ ਆਹ ਹੈ। ਕਹਿੰਦੇ, ਨਹੀਂ ਉਹ ਕਈ ਵਾਰੀ ਦੇਖਦਾ ਹੀ ਨਹੀਂ ਹੈ ਉਹਦੇ ਜ਼ੁਬਾਨੀ ਹੀ ਯਾਦ ਹੁੰਦਾ ਹੈ। ਐਹੀਆਂ ਜਿਹੀਆਂ ਗੱਲਾਂ ਆ ਜਾਂਦੀਆਂ ਨੇ, immun ਹੋਣ ਤੋਂ ਬਾਅਦ। ਇਕ ਲਗਨ ਹੁੰਦੀ ਹੈ, ਲਗਨ ਵਾਲਾ ਬੰਦਾ ਅੱਗੇ ਵਧਦਾ ਤੁਰਿਆ ਜਾਂਦਾ ਹੈ। ਸੋ ਇਹ ਬਾਰ-ਬਾਰ ਇਸ ਬਾਰੇ ਬੇਨਤੀ ਕੀਤੀ ਜਾਂਦੀ ਹੈ ਕਿ ਪਿਆਰਿਆ! ਸਤਿਸੰਗ ਵਰਗੀ ਦੁਨੀਆਂ 'ਚ ਕੋਈ ਚੀਜ਼ ਨਹੀਂ ਹੈ। ਇਹ ਭਾਗ ਤੋਂ ਬਗੈਰ ਨਹੀਂ ਮਿਲਦਾ।

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਜੇ ਸੰਗਤ ਨਾ ਮਿਲੇ ਤਾਂ ਮਨ ਮੈਲਾ ਹੋ ਜਾਂਦਾ ਹੈ। ਮਨ ਮੈਲਾ ਹੋ ਕੇ ਕੀ ਕਰਦਾ ਹੈ, ਰੱਬ ਵਲੋਂ ਹਟਣਾ ਸ਼ੁਰੂ ਹੋ ਜਾਂਦਾ ਹੈ। ਵਿਸ਼ੇ-ਵਿਕਾਰਾਂ 'ਚ ਪ੍ਰਵਿਰਤ ਹੋ ਜਾਂਦਾ ਹੈ। ਉਹ ਚਾਉ ਤੇ ਜਿਹੜਾ ਖਿੱਚ ਸੀ ਉਹ ਖਤਮ ਹੋ ਜਾਂਦੀ ਹੈ। ਉਹ ਰੁਟੀਨ ਜਿਹਾ ਬਣਾ ਲੈਂਦਾ ਹੈ। ਬੜਾ ਖਤਰਨਾਕ ਕੰਮ ਹੈ ਰੂਹਾਨੀ ਮਾਰਗ ਦੇ ਅੰਦਰ। ਜਦੋਂ ਅੰਦਰੋਂ ਖਿੱਚ ਘਟ ਜਾਵੇ, ਤਾਂ ਸਮਝ ਲਓ ਕਿ ਤਰੱਕੀ ਹੋ ਗਈ। ਮਹਾਰਾਜ ਕਹਿੰਦੇ, ਐਉਂ ਨਹੀਂ ਹੋਣਾ ਚਾਹੀਦਾ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਅੰਗ - ੧੦੯੬*

ਪੈਰ ਅੱਗੇ ਨੂੰ ਤਾਂ ਪੁੱਟ, ਪਿੱਛੇ ਨੂੰ ਨਾ ਝਾਕ। ਸੋ ਇਸ ਕਰਕੇ ਜੋ ਸੰਗਤ ਹੈ ਉਸਦੀ ਮਹਿਮਾ ਦੱਸਦੇ ਹੋਏ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਸੁਣਿਓ ਮੇਰੇ ਮੀਤਾ*
*ਮਹਿਮਾ ਸਾਧੂਆਂ ਦੇ ਸੰਗ ਦੀ।*
*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥*
*ਅੰਗ - ੮੦੯*

ਸਾਧੂਆਂ ਦੀ ਸੰਗਤ ਦੀ ਮਹਿਮਾ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਪਿੰਗੁਲਾ ਜਿਹੜਾ ਮਨ ਹੈ, ਜੀਵ ਹੈ, ਇਹ ਮਾਇਆ ਦਾ ਜਿਹੜਾ ਵੱਡਾ ਪਰਬਤ ਹੈ ਉਹਨੂੰ ਪਾਰ ਲੰਘ ਜਾਂਦਾ ਹੈ। ਮਹਾਂਮੂਰਖ ਜਿਹੜਾ ਬੰਦਾ ਹੈ ਉਹ ਚਤੁਰ ਹੋ ਜਾਂਦਾ ਹੈ। ਅਗਿਆਨੀ ਬੰਦੇ ਵਿਵੇਕ ਵਾਲੇ ਨੂੰ, ਵਿਵੇਕ ਦੀ ਸੋਝੀ ਹੋ ਜਾਂਦੀ ਹੈ। ਜਿਸ ਵਕਤ ਗੁਰੂ ਨੂੰ ਮਿਲਦਾ ਹੈ, ਉਹਦੇ ਬਚਨ ਸਰਵਣ ਕਰਦਾ ਹੈ। ਕਹਿੰਦੇ ਸੁਣੋ ਮਹਿਮਾ -

ਕਰੋੜਾਂ ਜਨਮਾਂ ਦੀ ਮੈਲ ਜਿਹੜੀ ਲੱਗੀ ਹੋਈ ਹੈ ਅੰਤਸ਼ਕਰਣ ਨੂੰ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਕੋਹਲੂ ਦੀ ਲੀਰ ਜਿਸ ਤਰ੍ਹਾਂ ਦੇ ਨਾਲ ਸਾਫ ਨਹੀਂ ਹੁੰਦੀ, ਸੋ 'ਧੋਵਣ ਪਾਹੁ' ਸੌ ਵਾਰੀ ਧੋ ਲੈ, ਐਹੋ ਜਿਹਾ ਜੋ ਮੈਲਾ ਹੋਇਆ ਹੋਇਆ ਹੈ ਅੰਤਸ਼ਕਰਣ ਮਨ। ਉਹਦੀ ਮੈਲ ਵੀ ਧੋ ਹੋ ਜਾਂਦੀ ਹੈ ਤੇ ਨਾਲ ਜਿਹੜੇ ਪਾਪ ਕਰੇ ਹੋਏ ਨੇ ਜ਼ਿੰਦਗੀ ਭਰ ਦੇ ਅੰਦਰ। ਪਿਛਲੇ ਜਨਮ, ਪਿਛਲੇ ਜਨਮ, ਪਿਛਲੇ ਜਨਮ ਜਮ੍ਹਾਂ ਪਏ ਨੇ ਸਾਡੇ। ਕਰਮ ਸਾਡੇ ਪਏ ਨੇ, ਸਾਧਸੰਗਤ ਜੀ, ਕੋਈ ਨਹੀਂ ਕਹਿ ਸਕਦਾ ਕਿ ਕਿਹੜੇ ਦੀ ਵਾਰੀ ਆ ਜਾਣੀ ਹੈ। ਆਪਾਂ ਜੋ ਕੁਛ ਕਰਦੇ ਹਾਂ ਕਿ ਮੈਂ ਕਰਦਾ ਹਾਂ। ਹਰ ਬੰਦੇ ਦੇ ਅੰਦਰ ਹੈ ਮੈਂ ਭਾਵ, ਕਹੇ ਚਾਹੇ ਨਾ ਕਹੇ। ਹਰ ਵਕਤ ਕਹਿੰਦਾ ਹੈ, ਕਰਮਾਂ ਨੂੰ Own ਕਰਦਾ ਹੈ। ਹੁਕਮ ਵਿਚ ਹੁਕਮ ਨਹੀਂ ਮੰਨਦਾ ਕਿ ਮੇਰੇ ਤੋਂ ਹੁਕਮ ਨੇ ਸਭ ਕੁਛ ਕਰਾ ਲਿਆ। ਵਾਹਿਗੁਰੂ ਦਾ ਹੁਕਮ ਸੀ ਮੈਂ ਸੇਵਾ ਕਰ ਲਈ। ਮੈਂ ਗੁਰਦੁਆਰੇ ਦੇ ਵਿਚ ਹੱਥੀਂ ਸਾਰਾ ਕੰਮ ਕਰਕੇ ਇਕ ਬਿਲਡਿੰਗ ਬਣਾ ਲਈ, ਪਰਿਵਾਰ ਦੇ ਵਿਚ ਮੈਂ ਆਹ-ਆਹ ਕੰਮ ਕਰ ਲਏ। ਉਹਦਾ ਫਲ ਮਿਲਣਾ ਹੈ ਉਸਨੂੰ, ਬੰਨ੍ਹਿਆ ਗਿਆ ਜਦੋਂ ਕਹਿੰਦਾ ਹੈ ਮੈਂ ਕੀਤਾ। ਇਹ ਤਾਂ ਭਾਵਨਾ ਹਟਦੀ ਹੀ ਨਹੀਂ, ਜ਼ੋਰ ਲਾ ਲਓ ਜਿੰਨਾ ਲਗਦਾ ਹੈ। ਇਹਦਾ ਮਤਲਬ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*
*ਅੰਗ - ੨੭੮*

ਗੱਲ ਸਮਝੋ ਧਿਆਨ ਦੇ ਨਾਲ। ਇਹ ਮੂੰਹ ਨਾਲ ਕਹਿ, ਨਾ ਕਹਿ। ਅੰਦਰ ਤਾਂ ਭਾਵਨਾ ਹੁੰਦੀ ਹੀ ਹੈ ਕਿ ਮੈਂ ਕੁੱਛ ਕਰਿਆ ਹੈ। ਜਿੱਡੀ ਵੱਡੀ ਭਾਵਨਾ ਹੈ ਜੇ ਉਹਦਾ ਨਤੀਜਾ ਸਹੀ ਨਾ ਮਿਲੇ ਤਾਂ ਓਡਾ ਹੀ ਉਹਦਾ ਦੁੱਖ ਹੋਇਆ ਕਰਦਾ ਹੈ। ਕਈ ਪ੍ਰੇਮੀ ਦੇਖੇ ਨੇ, ਗੁਰੂ ਘਰ ਦੀ ਸੇਵਾ ਕਰਕੇ ਗੁਰਦੁਆਰਾ ਬਣਾ ਲਿਆ, ਦੂਜੀ ਪਾਰਟੀ ਨੇ ਉਸ ਤੋਂ ਆ ਕੇ ਲੈ ਲਿਆ। ਉਹ ਬਿਮਾਰ ਹੋ ਜਾਏਗਾ, ਗੁਰਦੁਆਰੇ ਜਾਣ ਤੋਂ ਹਟ ਜਾਏਗਾ। ਕਿਉਂਕਿ ਉਹਦੇ ਅੰਦਰ ਇਹ ਭਾਵਨਾ ਪੈਦਾ ਨਹੀਂ ਸੀ ਹੋਈ ਕਿ ਇਹ ਤਾਂ ਗੁਰੂ ਸਾਹਿਬ ਮੇਰੇ ਤੋਂ ਕਰਾ ਰਹੇ ਨੇ। ਬੰਦਾ ਕੌਣ ਹੈ ਕਰਨ ਵਾਲਾ। ਕਿਉਂਕਿ ਬਾਣੀ ਧਿਆਨ ਨਾਲ ਨਹੀਂ ਪੜ੍ਹੀ ਜਾਂਦੀ। ਜੇ ਬਾਣੀ ਧਿਆਨ ਨਾਲ ਪੜ੍ਹੇ ਫੇਰ ਮੰਨਣੀ ਵੀ ਪੈਂਦੀ ਹੈ। ਜੇ ਮੰਨਦਾ ਨਹੀਂ ਫੇਰ ਫਲ ਨਹੀਂ ਹੁੰਦਾ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ - ੬੬੯*

ਬਾਣੀ ਕੀ ਕਹਿੰਦੀ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭*

ਇਹ ਵਾਹਿਗੁਰੂ ਜੀ ਆਪ ਹੀ ਕਰਾਉਂਦੇ ਨੇ ਭਲਾ, ਆਪ

ਹੀ ਕੰਮ ਸਾਰਦੇ ਨੇ। ਕੋਈ ਗੁਰਦੁਆਰੇ ਦਾ, ਕੋਈ ਹੋਰ ਅਨੇਕਾਂ ਕਿਸਮ ਦੇ ਕੰਮ, ਕਹਿੰਦੇ ਨੇ ਕਿ ਮੈਂ ਐਉਂ ਕਰਿਆ, ਜੇ ਮੈਂ ਨਾ ਹੁੰਦਾ ਤਾਂ ਐਉਂ ਨਹੀਂ ਸੀ ਹੋਣਾ। ਉਹਦੇ ਨਾਲ ਕੀ ਹੋਇਆ? ਪਕੜਿਆ ਗਿਆ। ਕਹਿੰਦੇ –

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*

*ਅੰਗ - ੨੭੮*

ਇਸੇ ਕਰਕੇ ਕਿਹਾ ਕਿ ਮੈਂ ਐਉਂ ਕਰਿਆ, ਮੈਂ ਐਉਂ ਕਰਿਆ। ਉਹਦਾ ਫਲ ਕੀ ਹੋਏਗਾ ਜਿਹੜਾ ਕਰਿਆ ਹੈ ਨਾ ਚੰਗਾ ਕੰਮ, ਉਹਦਾ ਸਵਰਗ ਮਿਲ ਜਾਏਗਾ। ਨੇਕ ਕਰਮਾਂ ਦਾ ਸਵਰਗ ਮਿਲ ਜਾਏਗਾ। ਗੱਲ ਧਿਆਨ ਨਾਲ ਸਮਝੋ ਮੇਰੀ। ਸਵਰਗ ਦੇ ਵਿਚ ਜਾਵਾਂਗੇ, ਉਹਦਾ ਫਲ ਜਿੰਨੀ ਦੇਰ ਹੈ ਉਹ ਭੋਗਣ ਤੋਂ ਬਾਅਦ ਮੁਕ ਜਾਏਗਾ, ਉਹ ਇਕੱਠੇ ਕਰ ਦੇਣਗੇ ਸਾਰੇ ਇਹੋ ਜਿਹੇ ਨੇਕੀ ਦੇ ਕੰਮ। ਉਹ ਚਾਹੇ ਮਾਂ-ਬਾਪ ਦੀ ਸੇਵਾ ਕਰਦਾ ਹੈ, ਚਾਹੇ ਕਿਸੇ ਸਮਾਜ ਦੀ ਸੇਵਾ ਕਰਦਾ ਹੈ, ਚਾਹੇ ਪਰਿਵਾਰ ਦੀ ਸੇਵਾ ਕਰਦਾ ਹੈ। ਦੋ ਫਲ ਹੁੰਦੇ ਨੇ ਇਕ ਤਾਂ ਉਸੇ ਵੇਲੇ ਸੁਖ ਦੇ ਵਿਚ ਪ੍ਰਾਪਤ ਹੋ ਜਾਂਦਾ ਹੈ, ਦੂਸਰਾ ਇਹ ਹੈ ਕਿ ਜੇ ਉਹਨੇ ਫਲ ਲੈਣਾ ਹੀ ਹੈ ਤਾਂ ਫਲ ਅੱਗੇ ਸਵਰਗ ਲੋਕਾਂ 'ਚ ਜਾ ਕੇ ਮਿਲ ਜਾਂਦਾ ਹੈ। ਉਸ ਤੋਂ ਬਾਅਦ ਫੇਰ ਆ ਕੇ ਗਿਰ ਜਾਂਦਾ ਹੈ, ਗਿਰ ਕੇ ਆ ਕੇ ਫੇਰ ਜੂਨਾਂ 'ਚ ਪੈ ਜਾਂਦਾ ਹੈ। ਕਿੱਡੀ ਮਾੜੀ ਗੱਲ ਹੈ, ਇਕ ਗੱਲ ਨੇ ਇਹਨੂੰ ਬੰਧਨ ਵਿਚ ਪਾ ਲਿਆ, ਛੁਟਦਾ ਨਹੀਂ ਇਹ। ਸਾਰਿਆਂ ਦੇ ਮਨਾਂ ਵਿਚ ਹੈ ਕਿ ਮੈਂ ਐਉਂ ਕਰਿਆ-ਮੈਂ ਐਉਂ ਕਰਿਆ। ਮੇਰੇ ਨਾਲ ਐਉਂ ਕਰਿਆ। ਮਹਾਰਾਜ ਕਹਿੰਦੇ ਤੂੰ ਬਾਣੀ ਨਹੀਂ ਪੜ੍ਹਦਾ ਪ੍ਰੇਮੀਆ, ਤੇਰੇ ਤੇ ਬਾਣੀ ਦਾ ਕੋਈ ਅਸਰ ਨਹੀਂ ਹੋਇਆ। ਸਾਰੀ ਜ਼ਿੰਦਗੀ ਟੇਪ ਰਿਕਾਰਡ ਵਰਗਾ ਤੇਰਾ ਮਨ ਹੈ, ਬਾਣੀ ਨਹੀਂ ਵਿਚਾਰੀ ਤੂੰ। ਬਾਣੀ ਨਾ ਵਿਚਾਰਨ ਕਰਕੇ ਤੇਰੇ ਤੇ ਅਸਰ ਕੋਈ ਨਹੀਂ ਹੋ ਰਿਹਾ। ਤੂੰ ਦੂਜਿਆਂ ਨੂੰ ਦੋਸ਼ ਦੇਈ ਜਾਂਦਾ ਹੈਂ, ਜਿਹੜਾ ਪੁੱਛਦਾ ਹੈ ਕਿ ਨੇਕੀ ਕਮਾ ਲਈ, ਨੇਕੀ ਨੂੰ ਐਉਂ ਨਾ ਕਹਿ ਕਿ ਮੈਂ ਕਮਾਈ ਹੈ। ਤੂੰ ਐਉਂ ਕਹਿ ਗੁਰੂ ਮਹਾਰਾਜ ਨੇ ਆਹ ਸਰੀਰ ਤੋਂ ਕੰਮ ਲੈ ਲਿਆ, ਫੇਰ ਕੀ ਹੋਏਗਾ, ਲੱਖਾਂ ਗੁਣਾਂ ਫਲ ਵੱਧ ਜਾਣਾ ਹੈ। ਅੰਤਸ਼ਕਰਣ ਨਿਰਮਲ ਹੋ ਜਾਣਾ ਹੈ, ਨਾਮ ਟਿਕ ਜਾਣਾ ਹੈ ਉਹਦੇ ਵਿਚ। ਇਕੋ ਭਾਵਨਾ ਛੱਡਣ ਨਾਲ-

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*

*ਅੰਗ - ੨੭੮*

ਸੋ ਜੋ ਅਸੀਂ ਕਰਮ ਕਰਦੇ ਹਾਂ ਕਿ ਮੈਂ ਕਰਦਾ ਹਾਂ, ਮੈਂ ਝਾੜੂ ਦੇ ਰਿਹਾ ਹਾਂ। ਮੈਂ ਸੇਵਾ ਕਰ ਰਿਹਾ ਹੈ, ਮੈਂ ਲੰਗਰ ਦੇ ਬਰਤਨ ਸਾਫ ਕਰ ਰਿਹਾ ਹਾਂ। ਮੈਂ ਲੰਗਰ ਬਣਾ ਰਿਹਾ ਹੈ, ਇਕ ਤਾਂ ਇਹ ਗੱਲ ਹੈ ਜਿਹੜਾ ਸੋਝੀਵਾਨ ਬੰਦਾ ਹੈ ਉਹ ਮੱਥਾ ਟੇਕਦਾ ਹੈ ਕਿ ਹੇ ਮਹਾਰਾਜ ਸੱਚੇ ਪਾਤਸ਼ਾਹ! ਮੇਰੇ ਵਰਗੇ ਸਰੀਰ ਤੋਂ ਵੀ ਤੂੰ ਕੰਮ ਲੈ ਰਿਹਾ ਹੈਂ। ਕਿੰਨਾ ਮੈਂ ਤੇਰਾ ਧੰਨਵਾਦੀ ਹਾਂ, ਤੂੰ ਐਸੇ ਹਾਲਾਤ ਪੈਦਾ ਕਰ ਦਿਤੇ ਕਿ ਮੇਰੇ ਸਰੀਰ ਤੋਂ ਤੂੰ ਕੰਮ ਲੈ ਰਿਹਾ ਹੈਂ। ਮੇਰਾ ਸਰੀਰ ਮੱਲੋ-ਮੱਲੀ ਪਵਿੱਤਰ ਕਰ ਰਿਹਾ ਹੈ। ਸੋ ਇਹ ਗੱਲ ਸਾਡੇ ਸਮਝ ਵਿਚ ਨਹੀਂ ਆਉਂਦੀ, ਜੇ ਸਮਝ ਵਿਚ ਆ ਜਾਵੇ, ਫੇਰ ਸਾਨੂੰ ਕਰਮ ਨਹੀਂ ਚਿੰਬੜਦਾ। ਜੇ ਪੈਰ ਥੱਲੇ ਆ ਕੇ ਕੋਈ ਜੀਵ ਮਰ ਗਿਆ, ਪਾਪ ਹੀ ਨਹੀਂ ਚਿੰਬੜਦਾ। ਜੇ ਕੋਈ ਵੱਡੀ ਤੋਂ ਵੱਡੀ ਪੁੰਨ ਕਰ ਦਿਤਾ, ਉਹ ਵੀ ਨਹੀਂ ਚਿੰਬੜਦਾ। ਉਹ ਪਾਪ ਤੇ ਪੁੰਨ ਜੇ ਚਿੰਬੜਦੇ ਨੇ ਉਹ ਧਰਮਰਾਜ ਦੇ ਜਾ ਕੇ ਪਾਪ ਦਾ ਫਲ ਅੱਡ –

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥*

*ਅੰਗ - ੧੪੧੪*

ਗੁਰੂ ਮਹਾਰਾਜ ਕਹਿੰਦੇ ਤੈਨੂੰ ਧਰਮਰਾਜ ਦੇ ਨਹੀਂ ਜਾਣ ਦੇਣਾ। ਤੂੰ ਮੇਰੇ ਕੋਲ ਆ ਸਿੱਧਾ। ਮੈਂ ਤੈਨੂੰ ਥਾਉਂ ਦੇਵਾਂਗਾ ਜੇ ਤੂੰ ਬਾਣੀ ਦੇ ਮੁਤਾਬਿਕ ਆਪਣਾ ਜੀਵਨ ਗੁਜ਼ਾਰੇਂ।

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ - ੫੧੭*

*ਧਾਰਨਾ - ਦਰਗਹ ਮਿਲਦੈ ਥਾਉਂ*
*ਗੁਰਾਂ ਨਾਲ ਰੱਤਿਆਂ-ਗੁਰਾਂ ਨਾਲ ਰੱਤਿਆਂ।*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ - ੫੧੭*

ਇਹ ਕਿਉਂ ਮਿਲ ਗਿਆ ਦਰਗਾਹ 'ਚ ਥਾਉਂ। ਕਿਉਂਕਿ ਇਹ ਅਰਦਾਸ 'ਚ ਰਿਹਾ ਕਿ ਸੱਚੇ ਪਾਤਸ਼ਾਹ! ਮੇਰੇ ਤੋਂ ਕਰਾ ਰਿਹਾ ਹੈਂ ਤੂੰ। ਮੈਂ ਤੇਰਾ ਰਿਣੀ ਹਾਂ ਮੇਰੇ ਵਰਗੇ ਅਣਜਾਣ ਬੰਦੇ ਤੋਂ ਤੂੰ ਵੱਡੇ-ਵੱਡੇ ਕੰਮ ਕਰਾ ਰਿਹਾ ਹੈਂ, ਮੈਂ ਨਹੀਂ ਕੁੱਛ ਵੀ ਕਰ ਰਿਹਾ।

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*

*ਅੰਗ - ੧੩੬੭*

ਜਗ ਹੋ ਰਿਹਾ ਹੈ, ਬ੍ਰਾਹਮਣਾਂ ਨੇ ਸੱਦੇ ਪੱਤਰ ਭੇਜ ਦਿਤੇ। ਵੱਡੇ-ਵੱਡੇ ਸਾਧੂਆਂ ਨੂੰ ਬੁਲਾ ਲਿਆ। ਕਬੀਰ ਦੇ ਯੱਗ ਹੋਣਾ ਹੈ ਬਹੁਤ ਵੱਡਾ। ਰਾਜੇ ਕੀ ਕਰ ਸਕਣਗੇ, ਜੋ ਕਬੀਰ ਜੀ ਨੇ ਕਰਨਾ ਹੈ। ਜਿੱਥੇ ਤੱਕ ਸਾਧੂਆਂ ਨੂੰ ਜਾਣਦੇ ਸੀ ਉਥੇ ਤੱਕ ਚਿੱਠੀਆਂ ਭੇਜ ਦਿਤੀਆਂ। ਸਾਧੂ ਕਬੀਰ ਸਾਹਿਬ ਸੱਦਾ ਪੱਤਰ ਜਾਣ ਕੇ ਸਾਰੇ ਕੰਮਾਂ ਨੂੰ ਸੰਕੋਚ ਕੇ ਆਪਣੀਆਂ ਮੰਡਲੀਆਂ ਭਗਤ ਜਾਨਾਂ ਦੀਆਂ ਲੈ-ਲੈ ਕੇ ਆ ਰਹੇ ਨੇ। ਕਬੀਰ ਸਾਹਿਬ ਨੂੰ ਪਤਾ ਲੱਗਿਆ ਕਿ ਕਹਿੰਦੇ ਨੇ ਇਥੇ ਯੱਗ ਹੈ, ਪਤਾ ਨਹੀਂ ਵਾਹਿਗੁਰੂ ਨੇ ਕੀ ਕਰਿਆ ਹੈ, ਕੋਈ ਕੌਤਕ ਕਰਿਆ ਹੈ, ਕੀਹਨੇ ਇਹ ਕਰ ਦਿਤਾ। ਜਿਹਨੇ ਚਿੱਠੀਆਂ ਲਿਖੀਆਂ ਨੇ, ਫੇਰ ਮੈਂ ਕੀ ਕਰਨਾ ਹੈ ਵਿਚ ਵੜ ਕੇ, ਚੁੱਪ ਕਰਕੇ ਤੁਰ ਗਏ। ਮਿੰਟਾਂ ਦੇ ਅੰਦਰ ਪਕਵਾਨ ਪੱਕਣੇ ਸ਼ੁਰੂ ਹੋ ਗਏ। ਬੇਅੰਤ ਸ਼ਾਮਿਆਨੇ

ਲੱਗ ਗਏ। ਪੰਗਤਾਂ ਲੱਗ ਗਈਆਂ, ਸਾਧੂ ਆਉਂਦੇ ਨੇ ਯਥਾਸ਼ਕਤ ਉਨ੍ਹਾਂ ਦਾ ਸਤਿਕਾਰ ਹੋ ਰਿਹਾ ਹੈ। ਰੇਸ਼ਮ ਦੇ ਸਿਰਪਾਓ, ਸੋਨੇ ਦੀਆਂ ਮੋਹਰਾਂ ਭੇਟਾ ਕੀਤੀਆਂ ਜਾ ਰਹੀਆਂ ਨੇ। ਧੰਨ-ਧੰਨ ਹੋ ਰਹੀ ਹੈ, ਉਹ ਵੀ ਬ੍ਰਾਹਮਣ ਜਿਨ੍ਹਾਂ ਨੇ ਈਰਖਾ ਕਰਕੇ ਕਰਿਆ ਸੀ, ਉਨ੍ਹਾਂ ਨੂੰ ਵੀ ਰੇਸ਼ਮ ਦੇ ਸਿਰਪਾਓ ਮਿਲ ਰਹੇ ਨੇ, ਸ਼ਰਮਿੰਦੇ ਹੋ ਰਹੇ ਨੇ ਕਿ ਹੋ ਕੀ ਗਿਆ। ਅਸੀਂ ਤਾਂ ਕੁਛ ਹੋਰ ਕਰਨਾ ਸੀ, ਇਹ ਤਾਂ ਕੁਛ ਹੋਰ ਹੀ ਹੋ ਰਿਹਾ ਹੈ। ਕਬੀਰ ਸਾਹਿਬ ਵਿਚ ਦੌੜੇ ਫਿਰਦੇ ਨੇ, ਹੱਥ ਬੰਨ੍ਹਦੇ ਨੇ ਕਿ ਧੰਨਵਾਦ ਮਹਾਰਾਜ ਤੁਸੀਂ ਦਰਸ਼ਨ ਦਿਤੇ। ਤੁਹਾਡੀ ਕ੍ਰਿਪਾ ਹੈ, ਜਿੰਨੇ ਕਦਮ ਤੁਸੀਂ ਚੱਲ ਕੇ ਆਏ ਹੋਂ, ਤੁਸੀਂ ਮੇਰੇ ਨੇਤਰਾਂ ਤੇ ਚੱਲ ਕੇ ਆਏ ਹੋਂ। ਮੈਂ ਆਪ ਦੇ ਚਰਨਾਂ ਤੇ ਸੀਸ ਨਿਵਾਉਂਦਾ ਹਾਂ, ਇਕ ਦਮ ਫਿਰਦੇ ਨੇ, ਜਿਧਰ ਕੋਈ ਆਉਂਦਾ ਹੈ ਓਥੇ ਹੀ ਕਬੀਰ ਸਾਹਿਬ, ਜਿਥੇ ਕੋਈ ਦੇਖਦਾ ਹੈ ਉਥੇ ਹੀ ਕਬੀਰ ਸਾਹਿਬ। ਦਿਸਦਾ ਇਕੋ ਹੀ ਹੈ ਕਬੀਰ ਸਾਹਿਬ, ਪਰ ਅੱਡ-ਅੱਡ ਥਾਂ ਤੇ ਦਿਸਦਾ ਹੈ, ਕਿਸੇ ਨੂੰ ਹੋਰ ਥਾਂ, ਕਿਸੇ ਨੂੰ ਹੋਰ ਥਾਂ, ਕਿਤੇ ਆਦਰ ਕਰ ਰਿਹਾ ਹੈ, ਕਿਤੇ ਪਕਵਾਨਾਂ ਦੇ ਵਿਚ ਖੜ੍ਹਾ ਹੈ, ਕਿਤੇ ਸਿਰਪਾਓ ਦੇ ਰਿਹਾ ਹੈ। ਭੇਟਾਂ, ਦੱਛਣਾ ਦੇ ਰਿਹਾ ਹੈ। ਉਹ ਹੈਰਾਨ ਹੋ ਗਏ ਕਿ ਕਿਵੇਂ ਕੰਮ ਹੋ ਰਿਹਾ ਹੈ।

ਵਾਹਿਗੁਰੂ ਕੰਮ ਕਰਿਆ ਕਰਦਾ। ਬੜੀ ਮਹਿਮਾ ਹੁੰਦੀ ਜਾ ਰਹੀ ਹੈ। ਕਬੀਰ ਸਾਹਿਬ ਦੇ ਕੋਲ ਦੀ ਕੋਈ ਲੰਘੇ, ਕਬੀਰ ਸਾਹਿਬ ਰਸਤੇ ਤੇ ਆ ਗਏ ਕਹਿਣ ਲੱਗੇ, ਮਹਾਰਾਜ! ਅੱਜ ਤਾਂ ਤੁਸੀਂ ਕਮਾਲ ਹੀ ਕਰ ਦਿਤੀ, ਧੰਨ ਹੋਂ ਤੁਸੀਂ, ਸਾਰੀ ਗੱਲ ਦੱਸੀ ਕਿ ਐਹੋ ਜਿਹਾ ਯੱਗ ਤਾਂ ਰਾਜਿਆਂ ਤੋਂ ਵੀ ਨਹੀਂ ਹੁੰਦਾ। ਐਨੀ ਦੱਛਣਾ ਤੇ ਭੇਟਾ ਤਾਂ ਰਾਜੇ ਵੀ ਨਹੀਂ ਦੇ ਸਕਦੇ। ਰੇਸ਼ਮ ਦੇ ਵਸਤਰ ਦਿਤੇ ਨੇ, ਯਥਾਸ਼ਕਤ ਸਭ ਦਾ ਸਤਿਕਾਰ ਕੀਤਾ ਹੈ। ਧੰਨ ਹੋ ਮਹਾਰਾਜ, ਧੰਨ ਤੁਹਾਡੀ ਕਮਾਈ। ਉਸ ਵੇਲੇ ਕਬੀਰ ਸਾਹਿਬ ਕਹਿੰਦੇ ਨੇ ਕਿ ਮੈਂ ਤਾਂ ਕੁਛ ਕਰਿਆ ਹੀ ਨਹੀਂ ਹੈ। ਇਹ ਧੰਨ-ਧੰਨ ਹੋ ਰਹੀ ਹੈ, ਇਹ ਤਾਂ ਵਾਹਿਗੁਰੂ ਨੇ ਆਪ ਹੀ ਕਰੀ ਹੈ, ਕੀ ਜਾਣੀਏ, ਕੀ ਕਰਿਆ ਹੈ, ਕਿਵੇਂ ਹੋ ਗਿਆ।

ਇਥੇ ਸਮਾਗਮ ਹੁੰਦਾ ਹੈ, ਬੜੀਆਂ ਮੁਬਾਰਕਵਾਦਾਂ ਦਿੰਦੇ ਨੇ, ਮੇਰੇ ਕੋਲ ਆਉਂਦੇ ਨੇ। ਮੈਂ ਕਿਹਾ ਮੈਂ ਤਾਂ ਕੁਛ ਵੀ ਨਹੀਂ ਕਰਦਾ, ਮੈਂ ਤਾਂ ਆਹ ਕੋਨੇ 'ਚ ਬੈਠਾ, ਨਾ ਮੈਂ ਕਿਸੇ ਨੂੰ ਚੁੱਪ ਕਰਾਉਣ ਜਾਂਦਾ ਹਾਂ, ਨਾ ਕਿਸੇ ਨੂੰ ਮਿਲਦਾ ਹਾਂ। ਸ਼ਾਮ ਨੂੰ ਜਾ ਕੇ ਜਦੋਂ ਵਿਹਲਾ ਹੁੰਦਾ ਹਾਂ ਥੋੜ੍ਹਾ ਚਿਰ ਮਿਲਦਾ ਹਾਂ। ਲੰਗਰ 'ਚ ਮੇਰੇ ਤੋਂ ਨਹੀਂ ਜਾ ਹੁੰਦਾ, ਪਰ ਮੇਰੇ ਮਨ 'ਚ ਆਉਂਦੀ ਹੈ ਕਿ ਜੋ ਕੁਛ ਹੋ ਰਿਹਾ ਹੈ ਵਾਹਿਗੁਰੂ ਜੀ ਆਪ ਹੀ ਕਰ ਰਹੇ ਨੇ। ਮੈਂ ਨਹੀਂ ਕਰ ਰਿਹਾ। ਮੇਰੇ ਮਨ ਵਿਚ ਇਕ ਰੱਤੀ ਜਿੰਨਾ ਵੀ ਖਿਆਲ ਨਹੀਂ ਆਇਆ। ਕਿਉਂਕਿ ਮੈਂ ਅੰਦਰੋਂ ਮੰਨੀਂ ਬੈਠਾ ਹਾਂ ਕਿ ਇਹ ਜੋ ਕੁਛ ਹੋ ਰਿਹਾ ਹੈ, ਇਹ ਗੁਪਤ ਰੂਹਾਂ ਕਰ ਰਹੀਆਂ ਨੇ।

ਭੈਣੀ ਸਾਹਿਬ ਮੈਂ ਗਿਆ ਉਥੇ ਮਹਾਂਪੁਰਸ਼ਾਂ ਨੇ ਕਿਹਾ ਕਿ ਉਥੇ ਬਹੁਤ ਸੰਗਤ ਸੀ। ਉਨ੍ਹਾਂ ਦੀ ਸੰਗਤ ਦੋ ਲੱਖ ਅਖਬਾਰ ਵਿਚ ਆਈ ਹੈ। ਕਹਿੰਦੇ ਆਪਣੇ ਤਾਂ ਥੋੜ੍ਹੇ ਹੀ ਨੇ, ਉਥੇ ਤਾਂ ਬੇਅੰਤ ਸੀ। ਕਹਿਣ ਲੱਗੇ, ਤੁਹਾਨੂੰ ਮੈਂ ਇਕ ਭੇਤ ਦੀ ਗੱਲ ਦਸਦਾ ਹਾਂ, ਉਥੇ ਸੰਤ ਜੀ ਨਹੀਂ ਕੁਛ ਵੀ ਕਰ ਰਹੇ, ਉਥੇ ਬੇਅੰਤ ਸੰਤ ਮੁਕਤ ਆਤਮਾਵਾਂ, ਉਥੇ ਕੰਮ ਤੇ ਲੱਗੀਆਂ ਹੋਈਆਂ, ਕੰਮ ਹੋ ਰਿਹਾ ਹੈ। ਇਕ ਤਾਂ ਤਰੀਕਾ ਇਹ ਹੈ, ਇਕ ਹੈਗਾ ਮੈਂ ਕਰਿਆ, ਮੈਂ ਐਹੋ ਜਿਹਾ ਕਰਿਆ, ਮੈਂ ਐਹੋ ਜਿਹਾ ਕਰਿਆ। ਉਹ ਜਿਹੜਾ ਮੈਂ ਐਹੋ ਜਿਹਾ ਕਰਿਆ, ਉਹਨੇ ਮੈਨੂੰ ਸੰਗਲ ਪਾ ਕੇ ਬੰਨ੍ਹ ਲੈਣਾ ਹੈ।

ਆਹ ਗੱਲ ਸਾਨੂੰ ਸਮਝਣੀ ਚਾਹੀਦੀ ਹੈ, ਹਾਂ ਸਰੀਰ ਤੋਂ ਕਰਵਾਇਆ ਜਾ ਰਿਹਾ ਹੈ। ਮੱਤ ਦਿਤੀ ਜਾ ਰਹੀ ਹੈ, ਮੇਰੇ ਇਕੱਲੇ ਤੋਂ ਤਾਂ ਨਹੀਂ, ਹਜ਼ਾਰਾਂ ਸੰਗਤ ਹੈ ਜਿਹੜੀ ਕਰ ਰਹੀ ਹੈ। ਹਰ ਥਾਂ ਬੈਠਾ ਹੋਇਆ ਕਰ ਰਿਹਾ ਹੈ। ਸੰਗਤ ਦਾ ਐਨਾ ਪਿਆਰ ਹੈ ਆਪਸ ਵਿਚ ਕਿ ਪਤਾ ਹੀ ਨਹੀਂ ਲਗਦਾ, ਨਾ ਥਕੇਵਾਂ ਨਾ ਕੋਈ ਹੋਰ ਚੀਜ਼। ਸੋ ਇਹ ਚੀਜ਼ ਹੈ, ਜਦੋਂ ਤੁਹਾਡੇ ਆਪਣੇ ਮਨਾਂ 'ਚ ਇਹ ਆ ਜਾਏਗੀ ਕਿ ਅਸੀਂ ਨਹੀਂ ਕੁਛ ਕਰਦੇ ਫੇਰ ਵਾਹਿਗੁਰੂ ਕਰਦਾ ਹੈ। ਸੋ ਮਹਾਰਾਜ ਕਹਿੰਦੇ ਤੇਰੇ 'ਚ ਬਲ ਨਹੀਂ ਪਿਆਰਿਆ! -

***ਇਸ ਕਾ ਬਲੁ ਨਾਹੀ ਇਸੁ ਹਾਥ ॥***

***ਅੰਗ - ੨੭੭***

ਫੇਰ ਮਹਾਰਾਜ, ਕੰਮ ਕੌਣ ਕਰਦਾ ਹੈ? ਕਹਿੰਦੇ -

***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭***

ਕਰਦਾ ਕਰਾਉਂਦਾ ਉਹ ਹੈ ਜਿਹੜਾ ਸਾਰਿਆਂ ਦਾ ਮਾਲਕ ਹੈ। ਸੋ ਮੈਂ ਇਹ ਲੰਮੀ ਚੌੜੀ ਗੱਲ ਤਾਂ ਕੀਤੀ ਹੈ ਕਿ ਅਸੀਂ ਕੰਮ ਕਰਦੇ ਹਾਂ ਜਦੋਂ ਤੋਂ ਪੈਦਾ ਹੁੰਦੇ ਹਾਂ, ਪੰਜ ਸਾਲ ਦੀ ਉਮਰ ਤੱਕ ਮਾਪੇ ਜ਼ਿੰਮੇਵਾਰ ਨੇ ਬੱਚੇ ਦੇ। ਉਹਦੇ ਚੰਗੇ ਕਰਮ ਦੇ, ਮਾੜੇ ਕਰਮ ਦੇ ਬੱਚੇ ਨੂੰ ਪਾਪ ਨਹੀਂ ਲਗਦਾ। ਮਾਂ-ਬਾਪ ਨੂੰ ਲੱਗਿਆ ਕਰਦਾ ਹੈ। ਉਸ ਤੋਂ ਬਾਅਦ ਜੇ ਵੱਡੇ ਹੋ ਗਏ ਫੇਰ ਅਸੀਂ ਕਰਮ ਓਹੋ ਜਿਹੇ ਸ਼ੁਰੂ ਕਰ ਦਿਤੇ, ਕਿਤੇ ਨੇਕੀ ਕਿਤੇ ਬਦੀ, ਕਿਤੇ ਚੰਗਾ ਕਿਤੇ ਮੰਦਾ। ਉਹ ਮੰਦਾ ਵੀ ਹਿਰਦੇ 'ਚ ਲਈ ਬੈਠਾ ਹਾਂ ਕਿ ਮੈਂ ਕਰਿਆ ਹੈ। ਚੰਗਾ ਤਾਂ ਬਹੁਤਾ ਹੀ ਲਈ ਬੈਠੇ ਹਾਂ, ਸੁਣਾਵਾਂਗੇ ਲੋਕਾਂ ਨੂੰ। ਮਹਾਰਾਜ ਕਹਿੰਦੇ ਇਹ ਨਾਲ ਤੇਰੇ ਕਰਮ ਬਣ ਗਏ ਇਹਨੂੰ ਕ੍ਰਿਆਮਾਨ ਕਰਮ ਕਹਿੰਦੇ ਨੇ। ਸਾਰੀ ਜ਼ਿੰਦਗੀ ਬਣੀ ਜਾਣੇ ਨੇ। ਇਹ ਜਾਣੇ ਕਿੱਥੇ ਨੇ, ਇਹ ਤੇਰੇ ਅੰਤਸ਼ਕਰਣ ਦੇ ਵਿਚ ਸਟੋਰ ਹੈ ਜਿਥੇ ਸੰਚਿਤ ਕਰਮ ਨੇ। ਉਥੇ ਇਹ ਜਮ੍ਹਾਂ ਹੁੰਦੇ ਤੁਰੇ ਜਾਣੇ ਨੇ। ਉਥੇ ਪਹਿਲਾਂ ਵੀ ਕਰੋੜਾਂ ਹੀ ਕਰਮ ਪਏ ਨੇ, ਚੰਗੇ ਵੀ ਮੰਦੇ ਵੀ। ਜਿਹੜੇ ਮੰਦੇ ਕਰਮ ਨੇ ਉਹ ਮੈਲ ਲਾਈ ਜਾਂਦੇ ਨੇ। ਮਨ ਮੈਲਾ ਹੋ ਜਾਂਦਾ ਹੈ। ਉਸ ਤੋਂ ਬਾਅਦ ਜਿਸ ਵਕਤ ਫੇਰ ਇਹਨੂੰ ਭੇਜਿਆ ਜਾਂਦਾ ਹੈ, ਉਸ ਵੇਲੇ ਸੰਚਿਤ ਕਰਮਾਂ ਦਾ ਜਿਹੜਾ ਲੇਖਾ ਪੱਤਾ ਹਿਸਾਬ ਕਿਤਾਬ ਸਟੋਰ ਖੋਲ੍ਹਿਆ ਜਾਂਦਾ ਹੈ। ਉਥੇ ਫੇਰ ਵਿਉਂਤ ਬਣਾਈ ਜਾਂਦੀ ਹੈ ਕਿ ਇਹਦੇ ਨਾਲ ਕਿਹੜੇ-ਕਿਹੜੇ ਕਰਮ ਭੇਜੀਏ। ਜਿਹੜੇ ਇਹਨੇ ਭੋਗਣੇ ਨੇ, ਪ੍ਰਸ਼ਾਦਾ ਕਿਹੋ ਜਿਹਾ ਮਿਲ

ਜਾਏਗਾ, ਕਿਹੋ ਜਿਹੇ ਥਾਂ ਰਹੇਗਾ, ਕਿਹੋ ਜਿਹੇ ਲੋਕਾਂ ਨਾਲ ਵਾਹ ਪਏਗਾ। ਕਿਹੋ ਜਿਹੇ ਘਰ ਵਿਚ ਇਹਦਾ ਜਨਮ ਹੋਏਗਾ। ਕਿੰਨਾ ਕੁ ਪੈਸਾ ਇਹਦੇ ਕੋਲ ਹੋਏਗਾ। ਕਿਹੋ ਜਿਹਾ ਕਾਰੋਬਾਰ ਕਰੇਗਾ, ਇਹਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਪ੍ਰਾਲਬਧ ਕਰਮ ਲੈ ਕੇ ਜੀਵ ਸੰਸਾਰ ਵਿਚ ਆਇਆ ਕਰਦਾ ਹੈ। ਉਹ ਪ੍ਰਾਲਬਧ ਕਰਮਾਂ ਦੇ ਹਿਸਾਬ ਨਾਲ ਦੁੱਖ ਤੇ ਸੁਖ ਨੂੰ ਭੋਗਦਾ ਹੈ। ਇਹ ਕਹਿੰਦਾ ਹੈ ਕਿ ਮੈਨੂੰ ਫਲਾਣੇ ਨੇ ਦੁਖੀ ਕਰ ਦਿਤਾ, ਮਹਾਰਾਜ ਕਹਿੰਦੇ ਨਾ ਐਉਂ ਨਾ ਸੋਚ –

***ਧਾਰਨਾ – ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ – ੪੩੩***

ਜਦ ਇਹ ਦੂਜਿਆਂ ਨੂੰ ਦੋਸ਼ ਦੇਣ ਲੱਗੇਗਾ, ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਜੋ ਸਿਧਾਂਤ ਹੈ, ਉਸ ਤੋਂ ਲਾਂਭੇ ਹੋ ਜਾਏਗਾ ਕਿਉਂਕਿ ਹੁਕਮ ਨੂੰ ਨਹੀਂ ਬੁੱਝਿਆ, ਜਿੰਨਾ ਚਿਰ ਹੁਕਮ ਨਹੀਂ ਬੁੱਝਦਾ ਓਨੀਂ ਦੇਰ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ। ਮਹਾਰਾਜ ਨੇ ਜਿਹੜਾ ਸਭ ਤੋਂ ਪਹਿਲਾ ਸੂਤਰ ਰੱਖਿਆ ਹੈ ਐਉਂ ਸਮਝ ਲਓ ਪਹਿਲੀ ਇੱਟ ਰੱਖੀ ਹੈ ਨਾ ਏਸ ਗੁਰਸਿੱਖੀ ਦੇ ਮੰਦਰ ਦੀ, ਉਹ ਹੈ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥***
***ਅੰਗ – ੧***

ਹੁਣ ਇਹਦੇ ਅਰਥ ਕੋਈ ਹੋਰ ਤਰ੍ਹਾਂ ਕਰਕੇ ਦਿਖਾਓ। ਉਹ ਕਹਿੰਦੇ, ਹੁਕਮ ਜਿਹੜਾ ਹੈ ਵਾਹਿਗੁਰੂ ਦੀ ਰਜ਼ਾ ਜਿਹੜੀ ਵਾਹਿਗੁਰੂ ਦੀ ਹੈ ਉਹਦੇ 'ਚ ਚੱਲਣਾ ਹੈ, ਉਹ ਨਾਲ ਲਿਖਿਆ ਹੋਇਆ ਹੈ ਹਰ ਬੰਦੇ ਦੇ।

***ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥***
***ਅੰਗ – ੭੪***

ਇਹ ਲਿਖਾ ਕੇ ਲਿਆਇਆ ਹੈ ਲੇਖ। ਚੰਗੇ ਵੀ ਤੇ ਮੰਦੇ ਵੀ। ਉਹਦੇ ਹਿਸਾਬ ਨਾਲ ਲੇਖੇ ਪੱਤੇ ਦੇ ਰਿਹਾ ਹੈ। ਕਿਤੇ ਤਾਂ ਪੁੱਤਰ ਬਣ ਕੇ ਲੇਖਾ ਲੈ ਰਿਹਾ ਹੈ, ਕਿਤੇ ਭਰਾ ਬਣ ਕੇ ਲੇਖਾ ਲੈ ਰਿਹਾ ਹੈ, ਕਿਤੇ ਮਾਂ ਬਾਪ ਹੀ ਲੇਖਾ ਪੁੱਤਰ ਤੋਂ ਲੈ ਰਹੇ ਨੇ, ਕਿਤੇ ਕੋਈ ਲੈ ਰਿਹਾ, ਕਿਤੇ ਕੋਈ, ਲੇਖੇ ਪੱਤੇ ਦਾ ਸਾਰਾ ਹਿਸਾਬ ਕਿਤਾਬ ਹੈ, ਦੁੱਖ ਹੁੰਦੇ ਨੇ, ਵਿਛੋੜਾ ਹੋ ਜਾਂਦਾ ਹੈ, ਦੁੱਖ ਹੋਇਆ ਕਰਦਾ ਹੈ ਲੇਕਿਨ ਹੈ ਕੁਦਰਤ ਵਲੋਂ ਉਵੇਂ ਜਿਵੇਂ ਹੀ ਹੋਣਾ ਹੀ ਸੀ ਇਹ। ਗੁਰਮੁਖ ਮਨ ਸਮਝਾ ਲੈਂਦਾ ਹੈ, ਮਨਮੁਖ ਪਿਟਦਾ ਫਿਰਦਾ ਹੈ। ਸੋ ਇਹਦੇ ਵਿਚ ਜਿਹੜੇ ਪ੍ਰਾਬਲਧ ਕਰਮ ਲੈ ਕੇ ਆਇਆ ਹੈ, ਉਹ ਭੋਗਣੇ ਪੈਣੇ ਨੇ ਉਨ੍ਹਾਂ ਨੂੰ ਕੋਈ ਹਟਾ ਨਹੀਂ ਸਕਿਆ ਕਰਦਾ –

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਮਹਾਂਪੁਰਸ਼ਾਂ ਨੂੰ ਕਹੀ ਜਾਂਦੇ ਨੇ ਕਿ ਮੈਨੂੰ ਆਹ ਹੋ ਗਿਆ –ਆਹ ਹੋ ਗਿਆ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਤੇਰੇ ਕਰਮ ਨੇ। ਇਹ ਤੂੰ ਭੋਗ ਲੈ ਖੁਸ਼ੀ-ਖੁਸ਼ੀ। ਹਾਂ ਇਕ ਤਰੀਕਾ ਹੈਗਾ ਕਿ ਤੂੰ ਭਜਨ ਐਨਾ ਕਰ, ਇਨ੍ਹਾਂ ਦਾ ਅਸਰ ਜਿਹੜਾ ਹੈ ਨਾ ਜ਼ਾਇਲ ਹੋ ਜਾਏ, ਸੂਲੀਆਂ ਤੋਂ ਸੂਲ ਬਣ ਜਾਏ। ਉਹ ਕਰਦਾ ਨਹੀਂ ਹੈ, ਉਂਵ ਹੀ ਕਹਿੰਦਾ ਹੈ ਕਿ ਮੇਰਾ ਦੁਖ ਆਪੇ ਹੀ ਦੂਰ ਕਰ ਦਿਓ। ਸੰਤ ਕਿਤੇ ਚਾਕਰ ਤਾਂ ਨਹੀਂ ਹਨ, ਉਨ੍ਹਾਂ ਦੇ ਉਤੇ ਵੀ ਵਾਹਿਗੁਰੂ ਦਾ ਹੁਕਮ ਚਲਦਾ ਹੈ। ਹੁਕਮ ਹੁੰਦਾ ਹੈ, ਕਹਿ ਦਿੰਦੇ ਨੇ, ਕੰਮ ਕਰ ਦਿੰਦੇ ਨੇ, ਨਹੀਂ ਹੁੰਦਾ ਨਹੀਂ ਕਰਦੇ। ਸੋ ਪ੍ਰਾਲਬਧ ਕਰਮ ਜਿਹੜੇ ਨੇ –

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***
***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***
***ਅੰਗ – ੯੩੭***

ਜਿਹੜਾ ਦਰਗਾਹ ਤੋਂ ਲਿਖਿਆ ਗਿਆ ਉਹ ਨਹੀਂ ਮਿਟ ਸਕਦਾ। ਸੋ ਇਨ੍ਹਾਂ ਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਇਹਦੇ ਵਿਚ ਹੀ ਮਾਇਆ ਹੁੰਦੀ ਹੈ, ਇਹਦੇ ਵਿਚ ਹੀ ਬਖਸ਼ੀਸ਼ ਹੁੰਦੀ ਹੈ, ਇਹਦੇ ਵਿਚ ਹੀ ਹੁਕਮ ਲਿਖ ਦੁਖ ਸੁਖ ਪਾਈਐ। ਹੁਕਮ ਦੇ ਲਿਖੇ ਦੇ ਮੁਤਾਬਿਕ ਅਸੀਂ ਸੁੱਖ ਤੇ ਦੁਖ ਭੋਗਦੇ ਹਾਂ। ਸੋ ਜੇ ਤਾਂ ਇਹ ਜੀਵਨ ਆ ਜਾਵੇ ਸਾਡੇ ਅੰਦਰ। ਅਸੀਂ ਸਮਝ ਜਾਈਏ ਸਤਿਸੰਗ 'ਚ ਆ ਕੇ, ਫੇਰ ਜਿਹੜਾ ਅਗਾਂਹ ਨੂੰ ਕਰਮ ਕਰਦੇ ਹਾਂ ਉਹ ਨਹੀਂ ਜਮ੍ਹਾਂ ਹੋਣਾ। ਉਹ ਨਾਲ ਦੀ ਨਾਲ ਜਲੀ ਜਾਂਦਾ ਹੈ। ਉਹ ਨਹੀਂ ਜਾਣਾ ਸਟੋਰ ਦੇ ਵਿਚ। ਜਿਹੜੇ ਸਟੋਰ ਵਾਲੇ ਨੇ ਜੇ ਭਜਨ ਕਰ ਲਵੇ ਤੇ ਗਿਆਨ ਹੋ ਜਾਵੇ, ਉਹ ਗਿਆਨ ਦਾ ਐਨਾ ਸੇਕ ਹੈ ਕਿ ਜਿਵੇਂ ਬੀਜ ਗਰਮੀ ਦੇ ਨਾਲ, ਸਲਾਂਭੇ 'ਚ ਗਰਮੀ ਤਾਂ ਉਹ ਦਗਧ ਹੋ ਜਾਇਆ ਕਰਦਾ ਹੈ। ਉਹ ਸਾਰੇ ਕਰਮ ਦਗਧ ਹੋ ਜਾਂਦੇ ਨੇ। ਫਰੀ ਹੋ ਜਾਂਦਾ ਹੈ, ਫਰੀ ਹੋ ਕੇ ਫੇਰ ਵਾਹਿਗੁਰੂ ਦੇ ਦੇਸ਼ ਵਿਚ ਚਲਿਆ ਜਾਂਦਾ ਹੈ। ਗੁਰੂ ਦੀ ਦਰਗਾਹ 'ਚ ਐਉਂ ਜਾਂਦਾ ਹਾਂ। ਜੇ ਕਹੇ ਕਿ ਮੈਂ ਗੁਰੂ ਦੀ ਦਰਗਾਹ 'ਚ ਜਾਂਦਾ ਹੈ, ਕਹੀ ਜਾਵੇ ਕਿ ਮੈਂ ਐਉਂ ਕਰਦਾ ਹਾਂ, ਐਉਂ ਕਰਦਾ ਹਾਂ। ਮਹਾਰਾਜ ਕਹਿੰਦੇ ਨਹੀਂ ਪਿਆਰਿਆ! ਤੂੰ ਤਾਂ ਧਰਮਰਾਜ ਦੇ ਜਾਏਂਗਾ, ਤੂੰ ਗਰਭ ਜੂਨੀ 'ਚ ਪਏਂਗਾ –

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥ ਅੰਗ – ੨੭੮***

ਜਦੋਂ ਇਕ ਨੂੰ ਆਪਣਾ ਵੈਰੀ ਸਮਝਦਾ ਹੈ, ਇਕ ਨੂੰ ਆਪਣਾ ਨੇੜੇ ਦਾ ਸਮਝਦਾ ਹੈ। ਇਕ ਨਾਲ ਨਫਰਤ ਕਰਦਾ ਹੈ, ਇਕ ਨਾਲ ਪਿਆਰ ਕਰਦਾ ਹੈ। ਮਹਾਰਾਜ ਕਹਿੰਦੇ ਤੇਰਾ ਚਿੱਤ ਨਾ ਨਿਹਚਲ ਹੈ। ਸੋਚ ਵਿਚਾਰ, ਉਚੀ ਮੰਜ਼ਿਲ 'ਚ ਪਹੁੰਚ। ਚਿੱਤ ਨਿਹਚਲ ਜਿਥੇ ਹੁੰਦਾ ਹੈ ਉਥੇ ਹੁੰਦਾ ਹੈ –

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ***
***ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥***

*ਨਹ ਨਿੰਦਿਆ ਨਹ ਉਸਤਤਿ*
*ਜਾ ਕੈ ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥ ੧ ॥*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥ ਅੰਗ - ੬੩੩*

ਨਿਸ਼ਚਲ ਚਿੱਤ ਵਾਲੇ ਦੇ ਅੰਦਰ ਵਾਹਿਗੁਰੂ ਦਾ ਵਾਸਾ ਹੋ ਜਾਂਦਾ ਹੈ, ਬ੍ਰਹਮ ਪ੍ਰਗਟ ਹੋ ਜਾਂਦਾ ਹੈ, ਆਤਮਾ ਸ਼ਾਖਸ਼ਾਤਕਾਰ ਹੋ ਜਾਂਦਾ ਹੈ। ਅਸੀਂ ਜਪ ਤਪ ਕਰਦੇ ਹਾਂ, ਪੁੰਨ ਦਾਨ ਕਰਦੇ ਹਾਂ, ਨਾਮ ਜਪਦੇ ਹਾਂ, ਬਾਣੀਆਂ ਪੜ੍ਹਦੇ ਹਾਂ। ਹੁੰਦਾ ਕਿਉਂ ਨਹੀਂ ਕਿਉਂਕਿ ਗੁਰੂ ਦੇ ਦੱਸੇ ਹੋਏ ਹੁਕਮ ਦੇ ਮੁਤਾਬਿਕ ਨਹੀਂ ਚੱਲ ਰਿਹਾ। ਆਪਣੀ ਮੱਤ ਦੇ ਮੁਤਾਬਿਕ ਚੱਲ ਰਿਹਾ ਹੈ। ਜਿਹੜਾ ਆਪਣੀ ਮੱਤ ਦੇ ਮੁਤਾਬਿਕ ਚਲਦਾ ਹੈ ਮਹਾਰਾਜ ਕਹਿੰਦੇ, ਤੂੰ ਖਾਰਜ, ਤੂੰ ਮਨਮੁਖ ਹੈਂ। ਮਨ ਦੇ ਪਿਛੇ ਚਲਦਾ ਹੈਂ, ਤੈਨੂੰ ਸੁੱਖ ਨਹੀਂ ਹੋ ਸਕਦਾ।

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*
*ਅੰਗ - ੯੪੭*

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩*

ਹੁਣ ਆਪਾਂ ਹੈਗੇ ਤਾਂ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਪਿਛੇ ਲੜ ਪੈਂਦੇ ਹਾਂ। ਜੇ ਕੋਈ ਕਹਿ ਦੇਵੇ ਕਿ ਮੇਰਾ ਗੁਰੂ ਫਲਾਣਾ ਬੰਦ ਹੈ। ਉਹਦੇ ਨਾਲ ਬੋਲਦੇ ਹੀ ਨਹੀਂ। ਓ ਭਾਈ! ਤੂੰ ਆਪਣੇ ਗੁਰੂ ਦਾ ਕੋਈ ਬਚਨ ਵੀ ਮੰਨਦਾ ਹੈਂ ਕਿ ਐਵੇਂ ਹੀ ਕਬਜ਼ਾ ਕਰੀਂ ਬੈਠਾ ਹੈਂ ਕਿ ਮੇਰਾ ਗੁਰੂ ਗ੍ਰੰਥ ਸਾਹਿਬ ਜੀ ਹਨ। ਦੂਜਿਆਂ ਦਾ ਆਪਣਾ ਰਾਹ ਹੈ, ਤੇਰਾ ਆਪਣਾ ਰਾਹ ਹੈ। ਤੂੰ ਆਪਣੇ ਥਾਉਂ ਸਾਵਧਾਨ ਰਹਿ। ਉਹ ਆਪਣੇ ਥਾਉਂ ਸਾਵਧਾਨ ਨੇ, ਤੈਨੂੰ ਉਨ੍ਹਾਂ ਦਾ ਕੀ ਫਿਕਰ ਪੈ ਗਿਆ, ਤੂੰ ਤਾਂ ਆਪ ਡੁੱਬਦਾ ਜਾਂਦਾ ਹੈਂ। ਪਹਿਲਾਂ ਆਪ ਤਰ।

ਸੋ ਇਸ ਤਰ੍ਹਾਂ ਦੇ ਨਾਲ ਮਹਿਮਾ ਹੈ ਸਤਿਸੰਗ ਦੀ। ਸਤਿਸੰਗ 'ਚ ਜਾ ਕੇ ਬਚਨ ਮਿਲਦੇ ਨੇ। ਉਹਦੇ ਨਾਲ ਹੁੰਦਾ ਕੀ ਹੈ, ਬੰਦਾ ਨਾਮ ਵਲ ਨੂੰ ਲਗਦਾ ਹੈ, ਬੰਦਗੀ ਕਰਦਾ ਹੈ, ਸੇਵਾ ਕਰਦਾ ਹੈ, ਨਰਇੱਛਤ ਕੰਮ ਕਰਦਾ ਹੈ, ਨਿਸ਼ਕਾਮ ਸੇਵਾ ਕਰਦਾ ਹੈ। ਮਹਾਰਾਜ ਕਹਿੰਦੇ ਜਿਹੜਾ ਨਿਸ਼ਕਾਮ ਸੇਵਾ ਕਰਦਾ ਹੈ -

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥ ਅੰਗ - ੨੮੬*

ਮਹਾਰਾਜ ਨੇ ਨੇੜੇ ਜਿਹੇ ਹੀ ਰਸਤਾ ਦੱਸ ਦਿਤਾ ਕਿ ਖੱਪਣ ਦੀ ਲੋੜ ਨਹੀਂ ਹੈ ਗੱਲ ਸਮਝ ਲਓ, ਦੋ ਲਾਇਨਾਂ ਦੀ ਗੱਲ ਹੈ।

ਜਿਹੜਾ ਸੇਵਾ ਕਰਦਾ ਹੋਇਆ ਕਹਿੰਦਾ ਮੈਂ ਨਹੀਂ ਕਰਦਾ, ਮੇਰੇ ਤੋਂ ਤਾਂ ਕਰਾਈ ਜਾ ਰਹੀ ਹੈ, ਮੈਂ ਕੁੱਛ ਨਹੀਂ ਕਰ ਰਿਹਾ। ਕਹਿੰਦੇ ਉਹਦਾ ਨਤੀਜਾ ਕੀ ਹੈ?

*ਤਿਸ ਕਉ ਹੋਤ ਪਰਾਪਤਿ ਸੁਆਮੀ॥ ਅੰਗ - ੨੮੬*

ਉਹਨੂੰ ਵਾਹਿਗੁਰੂ ਮਿਲ ਜਾਂਦਾ ਹੈ, ਨਾ ਜੰਗਲਾਂ 'ਚ ਜਾਣ ਦੀ ਲੋੜ ਹੈ। ਨਾ ਭੁੱਖੇ ਰਹਿਣ ਦੀ, ਨਾ ਪੁੱਠੇ ਲਟਕਣ ਦੀ। ਕਿੱਡਾ ਵੱਡਾ ਫਾਰਮੂਲਾ ਗੁਰੂ ਮਹਾਰਾਜ ਨੇ ਦੱਸ ਦਿਤਾ। 'ਮੈਂ' ਨਾ ਧਾਰ। ਸਾਰਾ ਰੌਲਾ ਤੇਰਾ ਆਪਣਾ ਪਾਇਆ ਹੋਇਆ ਹੈ। ਕਿਉਂਕਿ ਇਥੇ ਹੁਕਮ ਦੇ ਵਿਚ ਰਹਿ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ - ੭੫੭*

ਇਹ ਬਿਰਤੀ ਧਾਰਨ ਕਰ ਲੈ। ਫੇਰ ਗੁਰਮੁਖ ਦੀ ਬਿਰਤੀ ਹੈ। ਫੇਰ -

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਜਿਹੜੀ ਜਨਮਾਂ-ਜਨਮਾਂ ਦੀ ਮੈਲ ਲੱਗੀ ਹੋਈ ਹੈ ਨਾ, ਉਹ ਲਹਿ ਜਾਂਦੀ ਹੈ। ਜਿਹੜੀ ਮਹਾਰਾਜ ਕਹਿੰਦੇ ਦੇਖੋ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਐਨੀ ਮੈਲੀ ਹੋ ਗਈ ਕਿ ਉਤਰਦੀ ਨਹੀਂ ਹੈ ਮੈਲ, ਕੋਹਲੂ ਲੀਰ ਵਾਂਗੂੰ। ਐਥੇ ਮਹਾਰਾਜ ਕਹਿੰਦੇ ਜੇ ਤੂੰ ਸਤਿਸੰਗ ਕਰੇਂਗਾ, ਫੇਰ ਮੈਲ ਜਿਹੜੀ ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਹੈ, ਇਹ ਲਹਿ ਜਾਏਗੀ ਤੇਰੇ ਹਿਰਦੇ ਦੇ ਅੰਦਰ ਪ੍ਰਕਾਸ਼ ਆ ਜਾਏਗਾ। ਚਮਕੇਗਾ, ਲਿਸ਼ਕੇਗਾ। ਨਿਗ੍ਹਾ ਨਹੀਂ ਟਿਕੇਗੀ, ਐਨਾ ਪਵਿੱਤਰ ਹੋ ਜਾਏਗਾ।

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਅੰਗ - ੧੩੬੭*

ਜਦੋਂ ਨਿਰਮਲ ਹੋ ਗਿਆ, ਅੱਗੇ ਵੀ ਤਾਂ ਹੋਣੀ ਹੈ ਕੋਈ ਗੱਲ। ਕਹਿੰਦੇ ਵਾਹਿਗੁਰੂ ਨੂੰ ਐਨਾ ਪਸੰਦ ਆ ਗਿਆ ਕਿ -

*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥*
*ਅੰਗ - ੧੩੬੭*

ਹੁਣ ਕਹਿੰਦਾ ਕੀ ਹੈ? ਪਹਿਲਾਂ ਤਾਂ ਰਾਮ-ਰਾਮ ਕਹਿੰਦਾ ਸੀ। ਕਹਿੰਦੇ, ਹੁਣ ਮੈਂ ਹੈਰਾਨ ਹੀ ਹੋ ਗਿਆ ਉਹ ਕਬੀਰ-

(ਬਾਕੀ ਪੰਨਾ **52** ਤੇ)

# ਸੰਤ ਬਿਮਲਾ ਸਿੰਘ

*ਡਾ. ਭਾਈ ਵੀਰ ਸਿੰਘ ਜੀ*

## ਉਦਾਸੀ ਮਹੰਤ

ਇਸ ਵੇਲੇ ਪਠਾਣਾਂ ਦਾ ਇਕ ਵੱਡਾ ਦਸਤਾ ਹਯਾਤ ਖਾਂ ਦੇ ਹੁਕਮ ਵਿਚ ਇਕ ਪਾਸਿਓਂ ਅੱਗੇ ਵਧ ਆਇਆ। ਇਹ ਦੇਖ ਕੇ ਗੁਰੂ ਜੀ ਉਦਾਸੀ ਮਹੰਤ ਸ੍ਰੀ ਕ੍ਰਿਪਾਲ ਜੀ ਵਲ ਤੱਕੇ। ਤਦ ਮਹੰਤ ਜੀ ਗੁੱਸੇ ਨਾਲ ਭਰ ਗਏ। ਜੈਸੇ ਗੁਰੂ ਜੀ ਆਪ ਲਿਖਦੇ ਹਨ –

*ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ।*
*ਹਠੀ ਖਾਨ ਹਯਾਤ ਕੇ ਸੀਸ ਝਾਰੀ।*
*ਉਠਈ ਛਿਛ ਇਛੰ ਕਢਾ ਮੇਝ ਜੋਰੰ।*
*ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ।*

ਇਹ ਕਹਿ ਕੇ ਭਾਈ ਸ਼ਾਮ ਸਿੰਘ ਨੇ ਇਕ ਪੋਥੀ ਫੜੀ ਤੇ ਬੋਲੇ, ਇਸ ਦਾ ਵੇਰਵਾ ਕਵੀ ਸੰਤੋਖ ਸਿੰਘ ਜੀ ਐਉਂ ਲਿਖਦੇ ਹਨ –

ਮਹੰਤ ਕ੍ਰਿਪਾਲ ਜੀ ਬੋਲੇ –

*ਪ੍ਰਭ ਜੀ! ਰਣ ਮੈਂ ਤੁਮ ਸੰਗ ਖਰਯੋ।*
*ਪਿਖਿ ਲੂਣ ਹਰਾਮ ਪਠਾਨ ਅਰਯੋ।*
*ਨਹਿਂ ਜਾਇ ਸਹਯੋ ਰਿਪੁਕੇ ਬਲਕੋ।*
*ਕਰਿ ਘਾਤਿ ਡਰਾਵਤ ਹੈ ਦਲ ਕੋ।*
*ਕਲਗੀਧਰ ਯੌਂ ਜਬ ਬੈਨ ਸੁਨੇ।*
*ਉਰ ਹੋਇ ਪ੍ਰਸੰਨ ਬਿਸਾਲ ਭਨੇ –*
*ਹਥਯਾਰ ਨਹੀਂ ਜੁ ਪ੍ਰਹਾਰੋਗੇ?*
*ਜਿਸ ਕੇ ਬਲ ਤੇ ਅਰਿ ਮਾਰਗਹ॥੧੯॥*

ਕ੍ਰਿਪਾਲ ਜੀ ਨੇ ਜਵਾਬ ਦਿਤਾ –

*'ਕੁਤਕਾ ਇਹ ਕਾਂਧ ਮੋਹਿ ਕਹਯੋ?*
*ਮਮ ਆਯੁਧ ਦੀਰਘ ਹਾਥ ਗਹਯੋ॥*
*ਇਸ ਸੰਗ ਹਯਾਤ ਪ੍ਰਹਾਰ ਕਰੌਂ।*
*ਤੁਮਰੋ ਬਲ ਪਾਇ ਰਤੀ ਨਾ ਡਰੌਂ।*
*ਜਹਿਂ ਲੌਂ ਚਲ ਜਾਇ ਨ ਛੋਰਹੁੰਗੋ।*
*ਇਕ ਵਾਰ ਕਰੌਂ ਸਿਰ ਫੌਰਹੁੰਗੋ।*
*ਸੁਨਿ ਮਾਤੁਲ ਧੀਰ ਕ੍ਰਿਪਾਲ ਕਹੈ।*
*ਤਪ ਤੇਜ ਬਿਸ਼ਾਲ ਕ੍ਰਿਪਾਲ ਅਹੈ।*
*ਕਹਿ ਦੇਹੁ ਕ੍ਰਿਪਾਲ ਸੁ ਆਇਸ ਕੌਂ।*
*ਰਣ ਸਾਥ ਪਠਾਨ ਪਿਖੌਂ ਇਸ ਕੋ॥*
*ਮੁਸਕਾਇ ਪ੍ਰਭੂ ਤਬਿ ਬਾਕ ਕਹਯੋ।*
*ਹਤਿ ਖਆਨ ਹਯਾਤ ਰਿਦੈ ਜੁ ਚਹਯੋ।*
*ਬਿਦਤੀ ਜਗ ਮੈਂ ਜਿਮ ਭੀਮ ਗਦਾ।*
*ਕੁਤਕਾ ਤਿਮ ਜਾਨਹਿਂ ਲੋਕ ਸਦਾ।*
*ਗੁਰ ਕੇ ਸੁਨਿ ਬਾਕ ਅਨੰਦ ਭਯੋ।*
*ਬਲਸਾਥ ਸੁ ਹਾਥ ਸੰਭਾਰਿ ਲਯੋ।*
*ਜਿਹ ਦੀਰਘ ਦੇਹ ਸਪੇਟ ਮਹਾ।*
*ਭੁਜ ਲੰਬ ਦੋਊ ਬਡ ਓਜ ਲਹਾ॥*
*ਜਟ ਜੂਟ ਜਟਯੋ ਜਿਹ ਸੀਸ ਧਰੇ।*
*ਸਭਿ ਅੰਗਨ ਬੀਚ ਬਿਭੂਤਿ ਧਰੇ।*
*ਨਿਜ ਤੇਜ ਤੁਰੰਗ ਧਵਾਇ ਚਲਯੋ।*
*ਦਲ ਖਾਨਨ ਕੋ ਤਤਕਾਲ ਦਲਯੋ।*
*ਤਨ ਭੈਰਵ ਭੇਖ ਸੁਪੈਦ ਕਰਯੋ।*
*ਦ੍ਰਿਗ ਆਨਨ ਲਾਲ ਸੁ ਕੋਪ ਭਰਯੋ।*
*ਡਰਪਾਇ ਪਠਾਨਨ ਅੱਗ੍ਰ ਭਯੋ।*
*ਤਤਕਾਲ ਹਯਾਤ ਬੰਗਾਰ ਲਯੋ।*
*ਕਿਤ ਜਾਤਿ ਭਜਯੋ ਇਤ ਹੋਹੁ ਖਰਯੋ।*
*ਮਮ ਸਾਥ ਕ੍ਰਿਪਾਨ ਨਿਕਾਰ ਲਰਯੋ।*
*ਹਮਰੇ ਬਹੁ ਬੀਰ ਹਤੇ ਰਨ ਮੈਂ।*
*ਅਬਿ ਸਨਮੁਖ ਧੀਰ ਧਰੋ ਮਨ ਮੈਂ।*
*ਸੁਨਿ ਖਾਨ ਮੁਰਯੋ ਲਲਕਾਰਤਿ ਹੀ।*
*ਜਿਮ ਨਾਗ ਕਿ ਪੂੰਛਹਿ ਦਾਬਤਿ ਹੀ।*
*ਹੁਇ ਸੰਮੁਖ ਦੋਨਹੁ ਬੀਰ ਖਰੇ।*
*ਤਰਵਾਰ ਨਿਕਾਰਿਯ ਕੋਪ ਭਰੇ।*
*ਕੁਤਕਾ ਬਡ ਮੋਟ ਸੰਭਾਰਿ ਤਬੈ।*
*ਦਲ ਦੋਇਨ ਕੇ ਭਟ ਦੇਖਿ ਸਬੈ।*
*ਲਖਿ ਸਾਧ ਬਿਭੂਤਿ ਜਟਾਊ ਧਰੇ।*
*ਗਿਰਨਾਥ, ਪਠਾਣ ਦਿਸੰਤਿ ਖਰੇ।*
*ਇਹ ਜੁੱਧ ਭਲੋ ਹਠ ਸਾਥ ਕਿਯੋ।*
*ਹਿਤ ਮਾਰਨ ਕੇ ਕੁਤਕਾ ਸੁ ਲਿਯੋ।*
*ਤਜਿ ਕੈ ਰਨ ਦੇਖਿਨ ਦੋਇਨ ਕੋ।*
*ਇਮ ਪੂਰਬ ਕੀਨਸਿ ਕੋਇ ਨ ਕੋ।*
*ਕਰਿ ਤੇਜ ਤੁਰੰਗ ਪਠਾਣ ਅਯੋ।*
*ਤਰਵਾਰ ਨਿਕਾਰਿ ਉਭਾਰਿ ਲਯੋ।*
*ਉਰ ਧੀਰਜ ਸੰਮੁਖ ਸਾਧ ਖਰਯੋ।*
*ਕੁਤਕਾ ਗਹਿ ਨੈਕ ਨ ਹੀਯ ਭਰਯੋ।*
*ਤਬਿ ਖਾਨ ਹਯਾਤ ਸਮੀਪ ਢੁਕਯੋ।*
*ਕਰਵਾਰ ਧਰੋ ਕਰਵਾਰ ਰੁਕਯੋ।*
*ਕੁਤਕਾ ਕਰਿ ਅੱਗ੍ਰ ਬਚਾਇ ਭਲੇ।*
*ਅਸਿ ਟੂਟ ਤਬੈ ਗਿਰਿ ਗਾ ਸੁ ਤਲੈ॥*
*ਭਬਕਯੋ ਸਮ ਕੇਹਿਰ ਸਾਧ ਤਬੈ।*
*ਦਲ ਦੋਇ ਬਿਲੋਕਤਿ ਬੀਰ ਸਬੈ।*
*ਕੁਕਾ ਬਲ ਸਾਥ ਸੰਭਾਰਿ ਲਯੋ।*
*ਸਿਰ ਖਾਨ ਹਯਾਤ ਕੇ ਝਾਰ ਦਯੋ।*
*ਪਗ ਕੋ ਬਲ ਪਾਇ ਰਕਾਬਨ ਪੈ।*
*ਉਛਰਯੋ ਕਛੁ ਊਚਹਿ ਆਸਨ ਪੈ।*
*ਸਗਰੇ ਤਨ ਓਜ ਲਗਾਇ ਬਡੋ।*
*ਕੁਤਕਾ ਜੁਗ ਹਾਥਨ ਸਾਥ ਛਡੋ॥*
*ਇਸ ਭਾਂਤਿ ਲਗਯੋ ਸਿਰ ਫੋਰ ਦਯੋ।*
*ਨਿਕਸੀ ਮਿਝ ਸੇਤ ਸੁ ਮ੍ਰਿਤੁ ਭਯੋ।*
*ਬਹੁ ਖੰਡ ਕਰੇ ਜਿਹ ਸੀਸਹਿਂ ਕੇ।*
*ਸਭਿ ਦੇਖਤਿ ਹੈਂ ਗਿਰ ਈਸਹਿਂ ਕੇ।*
*ਪਾਧੜੀ ਛੰਦ*
*ਉਛਲਯੋ ਤਜਿ ਆਸਨ ਜ਼ੀਨ ਜਬੈ।*

*ਗਿਰ ਭੂਮ ਪਰਯੋ ਕਰਿ ਸ਼ੀਘ੍ਰ ਤਬੈ।*
*ਛੁਟਿ ਭਾਜ ਤੁਰੰਗਮ ਦੂਰ ਗਯੋ।*
*ਇਕ ਖਆਨ ਕਿਕਾਨ ਦਬਾਇ ਲਯੋ।*
*ਲਰ ਉਧਮ ਦੀਰਘ ਹੋਤਿ ਭਯੋ।*
*ਹਤਿ ਕੈ ਅਸਵਾਰ ਦੁਲਾਤ ਦਯੋ।*
*ਇਮ ਕੌਤਕ ਦੇਖਤਿ ਬੀਰ ਖਰੇ।*
*ਦੁਹੂੰ ਓਰਨ ਅਦਭੁਤ ਰੰਗ ਧਰੇ।*
*ਤਬਿ ਕੇਤਿਕ ਖਆਨ ਧਵਾਇ ਅਏ।*
*ਦਿਸ਼ ਚਾਰ ਮਹੰਤਹਿ ਘੇਰਿ ਲਏ।*
*ਤਬ ਕ੍ਰੋਧਤਿ ਸੰਮੁਖ ਧਾਇ ਪਰਯੋ।*
*ਇਕ ਸੀਸ ਤੁਰੰਗਹਿ ਘਾਤ ਕਰਯੋ।*
*ਤਤਕਾਲ ਬਿਨਾ ਸੁਧ ਹੋਇ ਗਯੋ।*
*ਅਸਵਾਰ ਸਮੇਤ ਗਿਰੰਤਿ ਭਯੋ।*
*ਮਲ ਜੀਤ ਸਹਾਇਕ ਹੋਇ ਤਬੈ।*
*ਅਪਨੇ ਮਹਿੰ ਸਾਧ ਮਿਲਾਇ ਸਬੈ।*
*ਗੁਲਕਾਂ ਗਨ ਤੀਰ ਚਲਾਵਤਿ ਹੈਂ।*
*ਦੁਹੂੰ ਓਰਨ ਬੀਰਨ ਘਾਵਤਿ ਹੈਂ।*
*ਹਯ ਛੂਛ ਫਿਰੇ ਹਿਹਨਾਵਤਿ ਹੈਂ।*
*ਭਟ ਭੂਮ ਪਰੇ ਤਰਫਾਵਤਿ ਹੈਂ।*

ਇਸ ਵੇਲੇ ਜਦ ਕਿ ਘੋਰ ਸੰਗਰਾਮ ਹੋ ਰਿਹਾ ਸੀ ਤੇ ਹਥਾ ਵਥੀ ਹੋ ਰਹੀ ਸੀ ਤਦ ਕਵੀ ਜੀ ਲਿਖਦੇ ਹਨ ਕਿ ਗੜ੍ਹ ਭਿਲਾਨ ਦੇ ਇਕ ਸਿੱਖ ਰਾਮ ਸਿੰਘ ਨਾਮੇ ਨੇ ਇਕ ਲਕੜੀ ਵਿਚ ਕਿਸੇ ਹਿਕਮਤ ਨਾਲ ਮੋਰੀ ਪਾ ਕੇ ਤੋਪ ਵਾਂਗੂੰ ਬਣਾ ਕੇ ਪੱਥਰ ਦਾ ਗੋਲਾ ਪਾ ਕੇ ਚਲਾ ਦਿਤੀ। ਇਸ ਦੇ ਅਸਰ ਨਾਲ ਵੈਰੀ ਦਾ ਜਮਘਟ ਟੁਟ ਗਿਆ ਤੇ ਸ਼ੱਤਰੂ ਘਬਰਾ ਕੇ ਹਟ ਖਲੋਤੇ। ਪਹਾੜੀਏ ਤਾਂ ਡਰੇ ਪਰ ਪਠਾਣ ਫੇਰ ਅੱਗੇ ਵਧੇ।

## ਨੰਦ ਚੰਦ

ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਹੁਣ ਨਜਾਬਤ ਖਾਂ ਨੇ ਆ ਹੱਲਾ ਕੀਤਾ। ਪਰ ਨੰਦ ਚੰਦ ਨੇ ਅਤਿ ਸ਼ੀਘਰਤਾ ਨਾਲ ਚਲਾਈ ਬਰਛੀ ਮਾਰ ਕੇ ਉਸਨੂੰ ਘੋੜੇ ਤੋਂ ਸਿੱਟ ਘੱਤਿਆ, ਪਰ ਜ਼ਖਮਕਾਰੀ ਨਾ ਲੱਗਣ ਕਰਕੇ ਦੂਜੇ ਘੋੜੇ ਤੇ ਚੜ੍ਹ ਇਕ ਹੋਰ ਤੁੰਮਲ ਨਾਲ ਲੈ ਕੇ ਨਜਾਬਤ ਨੰਦ ਚੰਦ ਤੇ ਆ ਪਿਆ ਤੇ ਭੀਖਨ ਖਾਂ ਬੀ ਨਾਲ ਰਲ ਆਯਾ। ਹੁਣ ਏਥੇ ਘੋਰ ਜੁੱਧ ਮਚਿਆ। ਜੈਸਾ ਕਿ ਗੁਰੂ ਜੀ ਲਿਖਦੇ ਹਨ –

*ਤਹਾ ਨੰਦ ਚੰਦੰ ਕੀਯੋ ਕੋਪ ਭਾਰੋ।*
*ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ।*
*ਤੁਟੀ ਤੇਗ ਤ੍ਰਿਖੀ ਕਢੇ ਜਮਦੱਢੰ।*
*ਹਠੀਰਾਖੀਯੰ ਲਾਜ ਬੰਸੰ ਸਨੱਢੰ।*

ਅਰਥਾਤ ਪਹਿਲੇ ਇਸ ਨੇ ਬਰਛੀ ਨਾਲ ਪਠਾਣ ਪ੍ਰੋਤੇ, ਜਦ ਉਹ ਟੁਟੀ ਤਾਂ ਕ੍ਰਿਪਾਨ ਧੂਹ ਲਈ, ਇਸ ਨਾਲ ਵਾਰ ਕੀਤੇ। ਜਦ ਇਹ ਬੀ ਟੁੱਟੀ ਤਾਂ ਕੱਢ ਲਈ ਜਮਧਰ (ਕਟਾਰ) ਤੇ ਖੂਬ ਸੂਰਬੀਰਤਾ ਨਾਲ ਵਰਤੀ।

ਨੰਦ ਚੰਦ ਨੂੰ ਘਿਰਿਆ ਤੇ ਮਹਾਂ ਸੂਰਮਗਤੀ ਨਾਲ ਲੜਦਾ ਦੇਖ ਕੇ ਮਾਮਾ ਕ੍ਰਿਪਾਲ ਚੰਦ ਜੀ ਮਦਦ ਨੂੰ ਜਾ ਪਹੁੰਚੇ ਤੇ ਮਹਾਂਬੀਰਤਾ ਨਾਲ ਜੁਧ ਕੀਤਾ। ਜੰਗ ਘੋਰ ਹੋ ਪਿਆ ਜੈਸਾ ਕਿ ਸ੍ਰੀ ਗੁਰੂ ਜੀ ਫੁਰਮਾਉਂਦੇ ਹਨ –

*ਤਹਾ ਮਾਤੁਲੇਯੰ ਕ੍ਰਿਪਾਲੰ ਕ੍ਰੁੱਧੰ॥*
*ਛਕਿਯੋ ਛੋਭ ਛਤ੍ਰੀ ਚਰਯੋ ਜੁੱਧ ਸੁਧੰ॥*
*ਸਹੇ ਦੇਹ ਆਪੰ ਮਹਾਂ ਬੀਰ ਬਾਣੰ।*
*ਕਰੇ ਖਾਨ ਬਾਨੀਨ ਖਾਲੀ ਪਲਾਣੰ॥*
*ਹਠਯੋ ਸਾਹਿਬ ਚੰਦੰ ਖੇਚੰ ਖਤ੍ਰਿਆਣੰ॥*
*ਹਨੇ ਖਾਨ ਖੂਨੀ ਖੁਰਾਸਾਨਿ ਭਾਨੰ॥*
*ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ।*
*ਬਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ॥*

ਇਨ੍ਹਾਂ ਤੁਕਾਂ ਦਾ ਭਾਵ ਤੇ ਵਿਸਥਾਰ ਇਸ ਪ੍ਰਕਾਰ ਹੈ –

ਮਾਮਾ ਕ੍ਰਿਪਾਲ ਚੰਦ ਜੀ ਨੇ ਨਿਹਾਯਤ ਬਹਾਦਰੀ ਦਾ ਜੰਗ ਕੀਤਾ। ਬੜੇ ਜੋਸ਼ ਵਿਚ ਭਰਕੇ ਸੱਚੇ ਖਤ੍ਰੀਪਨ ਦੀ ਸੂਰਬੀਰਤਾ ਵਿਚ ਆ ਕੇ ਸ਼ੌਰਯਵਾਲਾ ਜੁੱਧ ਕੀਤਾ। ਮਹਾਂ ਬਹਾਦਰ ਨੇ ਕਈ ਤੀਰ ਸਹਾਰੇ ਆਪਣੀ ਦੇਹ ਉਤੇ ਪਰ ਫੇਰ ਬੀ ਲੜਦੇ ਹੀ ਰਹੇ ਅਤੇ ਕਈ ਘੋੜੇ ਬਾਂਕੇ ਪਠਾਣਾਂ ਤੋਂ ਖਾਲੀ ਕਰ ਦਿਤੇ।

ਇਉਂ ਲੜਦੇ ਦੇਖ ਕੇ ਤੇ ਸ਼ਤਰੂ ਦਾ ਬਲ ਹੋਰ ਪਾਸਿਉਂ ਪੈਂਦਾ ਵੇਖ ਕੇ ਗੁਰੂ ਕੇ ਦਲ ਵਲੋਂ ਸਾਹਿਬ ਚੰਦ ਜੀ ਸੂਰਮੇ,ਲਾਲ ਚੰਦ, ਗੰਗਾ ਰਾਮ, ਦਯਾ ਰਾਮ ਪ੍ਰੋਹਿਤ, ਮਹਾਨ ਯੋਧੇ ਸਿੱਖ ਸੈਨਾ ਦੇ ਦਸਤੇ ਨਾਲ ਲੈ ਕੇ ਜਾ ਪਹੁੰਚੇ। ਹੁਣ ਦੁਵੱਲੀ ਬੜੇ ਘਮਸਾਨ ਦਾ ਜੁੱਧ ਹੋਇਆ। ਦੁਵੱਲੀ ਬਹੁਤ ਸੂਰਮੇ ਮਰੇ। ਪਰ ਸ਼ਤਰੂ ਦਲ ਦੇ ਸੂਰਮੇ ਬਹੁਤ ਕੰਮ ਆਏ। ਇਹ ਦੇਖ ਕੇ ਕਿ ਪਠਾਣਾਂ ਦੇ ਪੈਰ ਹਿਲ ਰਹੇ ਹਨ ਤਾਂਗਾਜੀ ਚੰਦ ਰਾਜਾ ਚੰਦੇਰ ਦਾ ਉਨ੍ਹਾਂ ਦੀ ਕੁਮਕ ਨੂੰ ਪਹੁੰਚ ਪਿਆ। ਇਸ ਦਾ ਹੱਲਾ ਬੜੇ ਜ਼ੋਰ ਦਾ ਸੀ ਸਿੱਖਾਂ ਦੇ ਪੈਰ ਜ਼ਰਾ ਹਿਲੇ ਹੀ ਸੀ ਕਿ ਗੁਰੂ ਕਿਆਂ ਵਲੋਂ ਬਚਿਤ੍ਰ ਸਿੰਘ ਆਦਿ ਸੂਰਮੇ ਪਹੁੰਚ ਪਏ। ਪਠਾਣ ਬੀ ਹੁਣ ਖੂਬ ਲੜ ਰਹੇ ਸੇ ਪਰ ਸਿੱਖਾਂ ਵਲੋਂ ਵੀ ਉਹ ਜੰਗ ਬੜੇ ਘਮਸਾਨ ਦਾ ਹੋਇਆ! ਦੁਵੱਲੀ ਬਹੁਤ ਸੂਰਮੇ ਮਰੇ। ਪਰ ਸ਼ਤਰੂ ਦਲ ਦੇ ਸੂਰਮੇ ਬਹੁਤ ਕੰਮ ਆਏ। ਇਹ ਦੇਖ ਕੇ ਕਿ ਪਠਾਣਾਂ ਦੇ ਪੈਰ ਹਿਲ ਰਹੇ ਹਨ ਤਾਂ ਗਾਜੀ ਚੰਦ ਰਾਜਾ ਚੰਦੇਰ ਦਾ ਉਨ੍ਹਾਂ ਦੀ ਕੁਮਕ ਨੂੰਪਹੁੰਚ ਪਿਆ। ਪਠਾਣ ਬੀ ਹੁਣ ਖੂਬ ਲੜ ਰਹੇ ਸੇਪਰ ਸਿੱਖਾਂ ਵਲੋਂ ਵੀ ਉਹ ਜੰਗ ਬੜੇ ਘਮਸਾਨ ਦਾ ਹੋਇਆ ਕਿ ਸ਼ਤਰੂਕੁਛ ਪਿਛੇ ਨੂੰ ਹਟ ਗਏ। ਇਸ ਵਲੋਂ ਸਗੋਸਾਹ ਜੀ ਨੇ ਬੜੇ ਬਹਾਦਰੀ ਦੇ ਕਰਤਬ ਦਿਖਾਏ। ਦਾਨਾਈ ਤੇ ਬੀਰਤਾ ਜੁੱਧ ਵਿਦਿਆ ਦੀ ਪ੍ਰਬੀਨਤਾ ਦਾ ਕਮਾਲ **ਦਿਖਾਇਆ।** (ਗੋਪਾਲ)

ਜੈਸਾ ਕਿ ਗੁਰੂ ਜੀ ਲਿਖਦੇ ਹਨ –

*ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ।*
*ਬਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ।*
*ਤਹਾ ਸ਼ਾਹ ਸੰਗਰਾਮ ਕੀਨੇ ਅਖਾਰੇ।*
*ਘਨੇ ਖੇਤ ਮੋ ਖਾਨ ਖੂਨੀ ਲਿਤਾਰੇ।*
*ਨ੍ਰਿਪੰ ਗੋਪਲਾਯੰ ਖਰੋ ਖੇਤ ਗਾਜੈ।*
*ਮ੍ਰਿਗੰ ਝੁੰਡ ਮਧਯੰ ਮਨੋ ਸਿੰਘ ਰਾਜੈ।*
***ਸਾਹਿਬ ਚੰਦ ਤੇ ਸੰਗੋ ਸ਼ਾਹ ਦੇ ਏਸ ਜੁੱਧ ਨੂੰ ਕਵੀ ਸੰਤੋਖ ਸਿੰਘ ਜੀ ਐਉਂ ਵਰਣਨ ਕਰਦੇ ਹਨ –***
*ਸਾਹਿਬ ਚੰਦ ਬਿਲੰਦ ਬਲਿ ਗੁਰ ਬੀਰ ਬਿਸਾਲਾ।*
*ਵਧੇ ਪਠਾਨ ਬਿਲੋਕਿ ਕੈ ਬੋਲਯੋ ਤਿਸ ਕਾਲਾ।*
*ਪ੍ਰਭੁ ਜੀ ਆਗਯਾਦੇਹੁ ਮੁਝ ਉਮਡੇ ਇਤ ਆਵੈਂ।*
*ਪੰਚਹੁੰ ਭ੍ਰਾਤਾ ਉਤ ਖਰੇ ਸੰਗ੍ਰਾਮ ਮਚਾਵੈਂ।*

*ਫਤੇ ਸ਼ਾਹ ਕੀ ਚਮੂੰਗਨ ਓਰੜ ਇਤ ਆਈ।*
*ਗੁਲਕਾਂ ਤੋਮਰ ਤੀਰ ਕੀ ਬਡ ਮਾਰ ਮਚਾਈ।*
*ਜਥੇਦਾਰ ਤੇ ਸਤਿਗੁਰੂ ਸੁਨਿ ਕਰਿ ਲਲਕਾਰਾ।*
*ਲੇਹੁ ਸੰਗ ਗਨ ਬੀਰ ਕੋ ਰਨ ਕਰੋ ਉਦਾਰਾ।*
*ਇਤ ਦਿਸ਼ਿ ਹ੍ਵੈ ਕਰਿ ਹੇਲ ਕਰਿ ਤਜਿ ਪੁੰਜ ਤੁਫੰਗੇ।*
*ਵਧੇ ਆਇ ਰੋਕਹੁ ਇਨੈਂ ਗੇਰਹੁ ਬਿਚ ਜ਼ੰਗੇ।*
*ਆਗਜ਼ਾ ਸੁਨਿ ਸਤਿਗੁਰੂ ਕੀ ਸਾਹਿਬ ਚੰਦ ਚਾਲਾ।*
*ਭਈ ਤੜਾਭੜ ਤੁਪਕਕੀ ਇਕਬਾਰਿ ਬਿਸਾਲਾ।*
*ਬਾਨ ਪ੍ਰਹਾਰੈਂ ਐਂਚਿ ਧਨ ਹੇਲਾ ਬਡ ਘਾਲਾ।*
*ਹਾਲ ਚਲੇ ਗਨ ਖਾਨ ਤਬਿ ਪਿਖਿ ਜੰਗ ਕਰਾਲਾ।*
*ਘਾਇਲ ਹ੍ਵੈ ਗਿਰ ਗਿਰ ਪਰੈਂ ਨਹਿਂ ਬਲ ਸੰਭਾਰੇ।*
*ਮ੍ਰਿਤੁ ਤੇ ਕਾਤੁਰ ਡਰ ਭਜੇ ਮਰਿਗੇ ਬਿਨ ਮਾਰੇ।*
*ਭੀਖਨ ਖਾਂ ਦੇਖਯੋ ਤਬੈ ਗਨ ਖਆਨ ਪਲਾਏ।*
*ਗੁਰੁ ਕੋ ਦਲ, ਉਮਡਯੋ ਅਧਿਕ ਆਵਤਿ ਅਗੁਵਾਏ।*
*ਭਟ ਹਯਾਤ ਖਾਂ ਮਰਿ ਗਯੋ ਕੁਛੁ ਸਰਯੋ ਨ ਕਾਮਾ।*
*ਸਾਧ ਕਹਾਂ ਬਪੁਰੋ ਹੁਤੋ ਜਿਨ ਪਠਿ ਜਮ ਧਾਮਾ।*
*ਇਮ ਬਿਚਾਰ ਭੀਖਨ ਰਿਦੈ ਚਪਲਾਇ ਤੁਰੰਗਾ।*
*ਸੰਗ ਨਿਜਾਬਤ ਖਆਨ ਕੌ ਲੇ ਕਹਯੋ ਉਤੰਗਾ।*
*ਇਕੱਠੇ ਕਰੇ ਗਵਾਰ ਗਨ ਹੇਰੇ ਤੁਮ ਪਾਛੇ।*
*ਹਥਯਾਰਨ ਕੋ ਪਰਰਨੋ ਨਹਿਂ ਆਵਤਿ ਆਛੇ।*
*ਊਚੀ ਭੁਜਾ ਉਸਾਰਿ ਕੇ ਕਰਿ ਊਚ ਪੁਕਾਰੇ।*
*ਮੋਰੇ ਭਾਜਤਿ ਖਾਨ ਗਨ, ਠਹਿਰੇ ਤਿਸ ਬਾਰੇ।*
*ਸੰਗ ਨਿਜਾਬਤ ਖਾਂਨ ਲੇ, ਧਨੁ ਕਰ ਭਰਿ ਬਾਨਾ।*
*ਗਿਸ ਕਰਿ ਕਰਿ ਮਾਰਤਿ ਘਨੇਪਿਖਿ ਸੁਭਟ ਨਿਸ਼ਾਨਾ।*
*ਸਾਹਿਬ ਚੰਦ ਬਿਲੋਕਿ ਤਬਿ ਉਮਡੇ ਗਨ ਖਾਨੰ।*
*ਗਯੋ ਧੀਰ ਧਰਿ ਛਿਪ੍ਰਕਰਿ, ਛੋਰਤਿ ਖਰ ਬਾਨੰ।*
*ਸੁਭਟ ਤੁਰੰਗਮ ਕੇ ਲਗਹਿਂ ਹੋਵਹਿ ਤਨ ਪਾਰੇ।*
*ਉਥਲ ਜਾਹਿ ਰਣ ਖੇਤ ਮਹਿਂ ਜਨੁਦੀਹ ਮੁਨਾਰੇ।*
*ਬਰਖਾ ਗੁਲਕਾਂ ਸਰਨ ਕੀ ਦਿਸ਼ ਦੋਨਹੁ ਹੋਈ।*
*ਮਚਯੋ ਸ਼ੋਰ ਰਣ ਘੋਰ ਭਾ ਜੁੱਟੇ ਸਭ ਕੋਈ।*

## ਹਰੀ ਚੰਦ

ਇਸ ਪ੍ਰਕਾਰ ਸੰਗ੍ਰਾਮ ਘੋਰ ਮਚ ਰਿਹਾ ਸੀ। ਉਸ ਵੇਲੇ ਹੰਡੂਰ ਦਾ ਰਾਜਾ ਹਰੀ ਚੰਦ ਬੜੇ ਰੋਹ ਵਿਚ ਆਇਆ। ਇਹ ਸੂਰਮਾ ਤੀਰ ਚਲਾਉਣ ਦੀ ਵਿਦਿਆ ਦਾ ਉਸ ਸਮੇਂ ਉਸਤਾਦ ਮੰਨਿਆ ਜਾਂਦਾ ਸੀ। ਜੈਸਾ ਕਿ ਗੁਰੂ ਜੀ ਬੀ ਲਿਖਦੇ ਹਨ –

*ਤਹਾਂ ਏਕ ਬੀਰੰ ਹਰੀ ਚੰਦ ਕੋਪਯੋ।*
*ਭਲੀ ਭਾਂਤਿ ਸੋਂ ਖੇਤ ਮੋ ਪਾਇ ਰੋਪਯੋ।*
*ਮਹਾਂ ਕ੍ਰੋਧ ਕੈ ਤੀਰ ਤੀਖੇ ਪ੍ਰਹਾਰੇ।*
*ਲਗੇ ਜੌਨ ਕੈ ਤਾਂਹਿ ਪਾਰੈ ਪਧਾਰੇ॥*

ਇਸ ਨੇ ਐਸੇ ਤੀਰ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਮਾਰੇ ਕਿ ਗੁਰੂ ਦਲ ਵਿਚੋਂ ਚੰਗੇ ਚੰਗੇ ਸੂਰਮੇ ਤੇ ਘੋੜੇ ਮਾਰੇ ਗਏ ਤੇ ਗੁਰੂ ਕਾ ਦਲ ਹੱਲ ਖਲੋਤਾ। ਭੀਖਨ ਖਾਨ ਨੇ ਅੱਗੇ ਵਧ ਕੇ ਰਾਜਾ ਹਰੀ ਚੰਦ ਦੀ ਪਿੱਠ ਠੋਕੀ ਤੇ ਕਿਹਾ, ਸ਼ਾਬਾਸ਼ ਰਾਜਾ ਸ਼ਾਬਾਸ਼।

ਇਧਰੋਂ ਸਾਹਿਬ ਚੰਦ ਨੇ ਬੜੇ ਨਿਸ਼ਾਨੇ ਬੱਝਵੇਂ ਤੀਰ ਚਲਾਏ ਤੇ ਤੱਕ ਤੱਕ ਕੇ ਬੀਰ ਫੁੰਡੇ,ਪਰ ਗੁਰੂ ਦਲ ਵਿਚ ਜੋ ਹਲਚਲੀ ਸ਼ੁਰੂ ਹੋ ਗਈ ਸੀ ਉਸ ਨੇ ਮੋੜਾ ਨਾ ਖਾਧਾ। ਤਦ ਦੀਵਾਨ ਨੰਦ ਚੰਦ ਨੇ ਗੁਰੂ ਜੀ ਨੂੰ ਬਿਨੈ ਕੀਤੀ ਕਿ ਸਾਡਾ ਦਲ ਔਸ ਪਾਸਿਓਂ ਹੱਲਾ ਕਰ ਰਿਹਾ ਹੈ। ਸਾਹਿਬ ਚੰਦ ਸੂਰਮਗਤੀ ਕਰ ਰਿਹਾ ਹੈ ਪਰ ਪੇਸ਼ ਨਹੀਂ ਜਾ ਰਹੀ। ਤਦ ਗੁਰੂ ਜੀ ਨੇ ਨਜ਼ਰ ਬੰਨ੍ਹ ਤੱਕਿਆ ਤੇ ਫੁਰਮਾਇਆ ਕਿ ਨੰਦ ਚੰਦ ਤੇ ਦਯਾ ਰਾਮ ਤੁਸੀਂ ਦੋਨੋਂ ਅਗੇ ਵਧੋ ਤੇ ਨਜਾਬਤ ਵਧੇ ਆ ਰਹੇ ਨੂੰ ਠੱਲਾ ਪਾ ਦਿਓ। ਹੁਕਮ ਪਾ ਕੇ ਦੋਵੇਂ ਅੱਗੇ ਵਧੇ। ਦਯਾ ਰਾਮ ਤਾਂ ਪਠਾਣਾਂ ਵਲ ਪਿਆ। ਉਸਦੀ ਤੀਰ ਪ੍ਰਵਾਹ ਨੇ ਸਿੱਖ ਦਲ ਦੇ ਪੈਰ ਫੇਰ ਪੱਕੇ ਕਰ ਦਿਤੇ। ਪਰ ਪਠਾਣਾਂ ਦੇ ਅੱਗੇ ਨੂੰ ਰੋਕਣ ਲਈ ਨੰਦ ਚੰਦ ਕਾਹਲੀ ਕਰਕੇ ਹੋਰ ਅੱਗੇ ਵਧ ਕੇ ਜਾ ਪਿਆ ਤੇ ਬਰਛੀ ਘੁਮਾ ਕੇ ਇਕ ਵਧੇ ਆ ਰਹੇ ਪਠਾਣ ਨੂੰ ਪੁਰੋਕੇ ਧਰਤੀ ਤੇਪਟਕਾ ਮਾਰਿਆ। ਇਹ ਵੇਖ ਕੇ ਕਿਤਨੇ ਪਠਾਣ ਉਸ ਉਤੇ ਵੱਰ੍ਹ ਪਏ। ਹੁਣ ਹੱਥਾ ਵਥੀ ਹੋ ਗਈ। ਨੰਦ ਚੰਦ ਨੇ ਤਲਵਾਰ ਸੂਤੇ ਤੇ ਵਧੇ ਆਏ ਇਕ ਪਠਾਣ ਦਾ ਸਿਰ ਕੱਟ ਦਿਤਾ। ਦੂਜਾ ਜੋ ਹੋਰ ਜ਼ੋਰ ਨਾਲ ਵਧਿਆ ਉਸ ਦਾ ਸਿਰ ਬੀ ਇਕ ਵਾਰ ਨਾਲ ਕੱਟ ਦਿਤਾ, ਹੁਣ ਤੀਸਰੇ ਤੇ ਵਾਰ ਕੀਤਾ। ਤਾਂ ਉਸ ਨੇ ਬੰਦੂਕ ਅੱਗੇ ਕੀਤੀ, ਬੰਦੂਕ ਨੂੰ ਵੱਜ ਕੇ ਤਲਵਾਰ ਟੁੱਟ ਗਈ। ਪਰ ਰੋਹ ਭਰੇ ਨੇ ਇਕ ਛਿਨ ਨਾ ਲਾਈ, ਜਮਧਰ ਖਿੱਚ ਲਈ ਤੇ ਇਸ ਨਾਲ ਅਪਨੀ ਸੂਰਮਗਤੀ ਦਾ ਕਮਾਲ ਕਰ ਦਿਖਲਾਇਆ ਤੇ ਖਾਨ ਨੂੰ ਮਾਰ ਗਿਰਾਇਆ ਇੰਨੇ ਨੂੰ ਦਯਾ ਰਾਮ ਆਪਣੇ ਸੂਰਮਿਆਂ ਸਣੇ ਨੰਦ ਚੰਦ ਦੇ ਪਾਸ ਆ ਪਹੁੰਚਾ ਤੇ ਵਧੇ ਹੋਏ ਪਠਾਣ ਪਿਛੇ ਮੋੜ ਦਿਤੇ ਤੇ ਉਹ ਰੁਖਾਂ ਦੇ ਓਹਲੇ ਜਾ ਖੜੋਤੇ।

ਹਰੀ ਚੰਦ ਹੁਣ ਇਧਰੋਂ ਮੁੜ ਪਿਆ ਤੇ ਭੀਖਨ ਖਾਂ ਨੂੰ ਧੀਰਜ ਦੇਂਦਾ ਸੰਗੋਸ਼ਾਹ ਵਲ ਝੁਕ ਪਿਆ। ਸੰਗੋ ਨੇ ਦਖਿਆ ਕਿ ਹਰੀ ਚੰਦ ਜੋਧੇ ਨਾਲ ਲਈ ਆ ਰਿਹਾ ਹੈ ਸੋ ਉਸਨੇ ਬੀ ਸਾਵਧਾਨ ਹੋ ਕੇ ਤ੍ਰਿਖੇ ਤੀਰ ਵੱਡੇ ਵੇਗ ਨਾਲ ਚਲਾਏ। ਹਰੀ ਚੰਦ ਤੀਰ ਦੇਖ ਕੇ ਇਧਰ ਉਧਰ ਚਲਾ ਗਿਆ ਪਰ ਹੋਰ ਸੂਰਮੇ ਕਈ ਮਰੇ।

ਚੰਦੇਲ ਤੇ ਮਧੁਕਰ ਸ਼ਾਹ, ਨੰਦ ਚੰਦ ਤੇ ਦਯਾ ਰਾਮ ਗੱਲ ਕੀ ਦੁਵੱਲੀ ਸੂਰਮੇ ਤੀਰਾਂ ਗੋਲੀਆਂ ਨਾਲ ਜੁੱਧ ਕਰਦੇ ਰਹੇ। ਫਤੇਸ਼ਾਹ ਦੂਰ ਬਚਵੇਂ ਥਾਂ ਰਣ ਦਾ ਰੰਗ ਦੇਖ ਰਿਹਾ ਸੀ। ਇਧਰ ਗੁਰੂ ਜੀ ਖੜੇ ਦੇਖਦੇ ਸਮਝਦੇ ਤੇ ਹਦਾਇਤਾਂ ਘੱਲਦੇ ਸਨ। ਉਧਰ ਬੁੱਧੂਸ਼ਾਹ ਲੜ ਰਿਹਾ ਸੀ। ਉਸ ਦਾ ਦੂਜਾ ਪੁਤ ਬੀ ਸ਼ਹੀਦ ਹੋ ਗਿਆ ਪਰ ਉਸ ਦੇ ਪੈਰ ਨਾ ਹੱਲੇ ਸਗੋਂ ਹੋਰ ਜੋਸ਼ ਨਾਲ ਲੜਦਾ ਰਿਹਾ।

## (ਹਲਵਾਈ ਸਿੱਖ)

ਕਵੀ ਜੀ ਨੇ ਹਲਵਾਈ ਲਾਲ ਚੰਦ ਦਾ ਜੁੱਧ ਇਥੇ ਕੁ ਵਰਣਨ ਕੀਤਾ ਹੈ –

ਪਾਉਂਟੇ ਸਾਹਿਬ ਦਾ ਹਲਵਾਈ ਜੋ ਜੰਗ ਦੀ ਚੌਂਪ ਨਾਲ ਇਥਏ ਮੈਦਾਨ ਵਿਚ ਆਇਆ ਸੀ, ਸਾਹਿਬ ਤੋਂ ਆਗਿਆ ਲੈ ਕੇ ਮੀਰ ਖਾਂ ਨੂੰ ਆਉਂਦਾ ਦੇਖ ਕੇ ਅੱਗੇ ਵਧਿਆ। ਘੋੜਾ ਜੋ ਗੁਰੂ ਜੀ ਨੇ ਦਿਤਾ ਸੀ, ਉਸ ਨੂੰ ਤ੍ਰਪਾਕੇ ਜੋਧੇ ਮੀਰ ਖਾਂ ਤੇ ਜਾ ਪਿਆ। ਨਜਾਬਤ ਨੇ ਆਵਾਜ਼ ਦਿਤੀ, ਮੀਰ ਖਾਂ ਤਕੜਾ ਹੋ, ਇਸ ਤੇ ਵਾਰ ਕਰ, ਮਾਰ ਦੇਹ ਤੇ ਘੋੜਾ ਖੋਹ ਲੈ। ਮੀਰ ਖਾਂ ਘੋੜੇ ਦੀ ਸੇਧ ਬੰਨ੍ਹ ਕੇ ਉਸ ਨੂੰ ਭਜਾ ਕੇ ਹਲਵਾਈ ਦੇ ਨਾਲੋਂ ਖਹਿ ਕੇ ਲੰਘਣ ਲਈ ਉਮਡਿਆ ਤੇ ਮਿਲ ਕੇ ਤਲਵਾਰ ਚਲਾਈ। ਪਰ ਗੁਰੂ ਕੇ ਬਲਧਰ ਸੂਰਮੇ ਨੇ ਵਾਰ

ਢਾਲ ਤੇ ਲੈ ਲਿਆ। ਉਸ ਦਾ ਵਾਰ ਖਾਲੀ ਗਿਆ। ਉਹ ਜਤਨ ਕਰੇ ਫੇਰ ਵਾਰ ਦਾ, ਪਰ ਇਸ ਨੇ ਅਚਾਨਕ ਘੋੜਾ ਵਧਾ ਕੇ ਬਲ ਨਾਲ ਐਸੀ ਤਲਵਾਰ ਵਾਹੀ ਕਿ ਮੀਰ ਖਾਂ ਦਾ ਸਿਰ ਧਰਤੀ ਤੇ ਜਾ ਪਿਆ ਤੇ ਘੋੜਾ ਭੱਜ ਪਿਆ।

***ਹਰੀ ਚੰਦ ਮੂਰਛਾ, ਜੀਤ ਮੱਲ ਸ਼ਹਾਦਤ***

ਹਲਵਾਈ ਦੇ ਹੱਥੋਂ ਮੀਰ ਖਾਂ ਸੂਰਮੇ ਦਾ ਮਰਨਾ ਵੇਖ ਕੇ ਸਾਰੇ ਹੈਰਾਨਰਹਿ ਗਏ। ਭੀਖਨ ਖਾਂ ਤੇ ਨਜਾਬਤ ਖਾਂ ਨੂੰ ਬੜੀ ਸ਼ਰਮ ਆਈ ਤੇ ਰੋਹ ਵਿਚ ਆਪਣੇ ਪਠਾਣਾਂ ਨੂੰ ਵੰਗਾਰਿਓ ਨੇ। ਉਧਰ ਮਧੁਕਰ ਸ਼ਾਹ ਨੂੰ ਬੜਾ ਰੋਹ ਚੜ੍ਹਿਆ। ਹੁਣ ਦੋਇ ਦਲ ਪਠਾਣ ਤੇ ਰਜਪੂਤ ਮੇਲ ਕੇ ਗੁਰੂ ਦਲ ਉਤੇ ਹੱਲਾ ਕਰਕੇ ਆ ਪਏ, ਪਰ ਸਭ ਤੋਂ ਵੱਧ ਰੋਹ ਵਿਚ ਹਰੀ ਚੰਦ ਸੀ। ਇਸ ਦੇ ਤੀਰਾਂ ਦੀ ਮਾਰ ਸਿੱਖ ਸੈਨਾਂ ਦੇ ਆਹੂ ਲਾਹ ਰਹੀ ਸੀ, ਜੈਸਾ ਕਿ ਗੁਰੂ ਜੀ ਆਪ ਲਿਖਦੇ ਹਨ –

*ਹਰੀ ਚੰਦ ਕ੍ਰਧ। ਹਨੇ ਸੂਰ ਸੁਧੰ।*
*ਭਲੇ ਬਾਣ ਬਾਹੇ। ਵਡੇ ਸੈਨ ਗਾਹੇ।*
*ਰਸੰ ਰੁਦ੍ਰ ਰਾਚੇ। ਮਹਾਂ ਲੋਹ ਮਾਚੇ।*
*ਹਨੇ ਸਸਤ੍ਰਧਾਰੀ। ਲਿਟੇ ਭੂਪ ਭਾਰੀ।*
*ਤਬੈ ਜੀਤ ਮੱਲੰ। ਹਰੀ ਚੰਦ ਭੱਲੰ।*
*ਹ੍ਰਿਦੈ ਐਂਚ ਮਾਰਿਯੋ। ਸੁ ਖੇਤੰ ਉਤਾਰਿਯੋ॥*
*ਲਗੇ ਬੀਰ ਬਾਣੰ। ਰਿਸਿਓ ਤੇਜ ਮਾਣੰ।*
*ਸਮੂਹ ਬਾਜ ਡਾਰੇ ਸੁ ਸੁਰਗੰ ਸਿਧਾਰੇ।*

ਜਿਸ ਦਾ ਵੇਰਵਾ ਸੁਣੋ, ਇੰਞ ਲਿਖਿਆ ਹੈ –

*ਓਰੜ ਪਰੇ ਗੁਰੂ ਦਲ ਊਪਰ ਛੋਰਤ*
*ਗੁਲਕਾਂ ਤੀਖਨ ਬਾਨ।*
*ਕੋ ਬਰਛੀ ਤੋਮਰ ਕਿਨ ਮਾਰਯੋ,*
*ਹੇਲਾ ਕਰਯੋ ਅਧਿਕ ਭਟ ਹਾਨ।*
*ਨੰਦ ਚੰਦ ਅਰ ਸਾਹਿਬ ਚੰਦਹਿ*
*ਦਯਾ ਰਾਮ ਪ੍ਰੋਹਤ ਬਲਵੰਤ।*
*ਸੰਗੋ ਸ਼ਾਹਿ ਜੀਤ ਮਲ ਮਿਲਿਕੈ*
*ਸਾਧ ਕ੍ਰਿਪਾਲ ਬਿਸਾਲ ਮਹੰਤ।*
*ਗੰਗਾ ਰਾਮ ਮਾਹਿਰੀ ਚੰਦਹਿ*
*ਬਹੁਰ ਗੁਲਾਬ ਚੰਦ ਮਤਿਵੰਤ।*
*ਲੇਕਰਦਲ ਕੌ ਅਰੇ ਅਰਿਨ ਸੌਂਗਨ*
*ਗੁਲਕਾਂ ਅਰੁ ਬਾਨ ਚਲੰਤਿ।*
*ਮਾਤੁਲ ਬਲੀ ਕ੍ਰਿਪਾਲ ਸਮੁਖ ਹ੍ਵੈ*
*ਤੀਰਨ ਤੇ ਗਨ ਬੀਰ ਪਰੋਇ।*
*ਗਿਰੇ ਦੜਾਦੜ ਅਵਨੀ ਊਪਰ*
*ਸਮ ਰਣਥੰਭੇ ਰਹਯੋ ਖਰੋਇ।*
*ਜੁਟਯੋ ਜੀਤ ਮਲ ਹੀਰ ਚੰਦ*
*ਸੋ ਸਨਮੁਖ ਪਿਖਹਿਂ ਪਰਸਪਰ ਦੋਇ।*
*ਘਾਤਿ ਕਰਨ ਹਿਤ ਘਾਤ ਬਿਚਾਰਤਿ*
*ਚਪਲ ਚਲਾਕ ਤੁਰੰਗਮ ਹੋਇ।*
*ਸੰਗੋ ਸ਼ਾਹਿ ਨਿਜਾਬਤਿ ਸੰਗੇ*
*ਅਰੇ ਪਰਸਪਰ ਬੀਰ ਜੁਝਾਰ।*
*ਲਾਲ ਬਿਲੋਚਨ ਕ੍ਰੋਧ ਭਰੇ ਚਿਤ ਚਹੈਂ*
*ਆਪ ਮਹਿਂ ਕਰਨ ਪ੍ਰਹਾਰ।*
*ਬਿਚਰਤਿ ਹਤਹਿਂ ਤੀਰ ਜਿਤ ਕਿਤ ਤਿਤ,*
*ਕਬ ਦਾਂਏਂ ਕਬਿ ਬਾਂਮ ਸਿਧਾਰ।*
*ਮਹਾਂਬੀਰ ਬਰ ਉਰ ਹੰਕਾਰਤਿ*
*ਸ਼ਸਤ੍ਰਨ ਵਿਦਯਾ ਜਾਨਿ ਉਦਾਰ।*
*ਜੀਤ ਮਲ ਖਰ ਤੀਰ ਨਿਕਾਰਯੋਧਨੁ ਮਹਿਂ*
*ਜੋਰਿ ਖੈਂਚ ਕਰਿ ਤਾਨ।*
*ਹਰੀ ਚੰਦ ਕੋ ਤਾਕ ਨਿਸ਼ਾਨੋ*
*ਤਤਛਿਨ ਛੋਰਯੋ ਕਰਿਬੇ ਹਾਨ।*
*ਆਵਤਿ ਕੋ ਅਵਿਲੋਕ ਗਯੋ ਚਰ ਸਰ*
*ਨਿਸ਼ਫਲ ਤੇ ਕ੍ਰੋਧ ਮਹਾਨ।*
*ਕਹਾਂ ਭਯਾ ਹਰੀ! ਭਾਜਤਿ ਜੈਹੈਂ*
*ਅਬਿ ਕੈ ਹਾਨ ਦੇਉਂ ਤੁਵ ਪ੍ਰਾਨ।*
*ਇਮ ਕਹਿ ਤੀਛਨ ਤੀਰ ਨਿਕਾਸਯੋ*
*ਉਤ ਤੇ ਹਰੀ ਚੰਦ ਲਿਯ ਬਾਨ।*
*ਦੋਨਹੁੰ ਕੇ ਧਨੁ ਤੇ ਛੁਟਿ ਚਾਲੇ*
*ਬਹ ਬੇਗ ਤੇ ਸਰਪ ਸਮਾਨ॥*
*ਸਨਮੁਖ ਖਰੇ ਤੁਰੰਗਮ ਦੋਨਹੁੰ ਲਗੇ*
*ਭਾਲ ਮਹਿਂ ਇਕ ਥਿਰ ਤਾਨ।*
*ਦੋਨਹੁੰ ਗਿਰੇ ਧਰਾ ਪਰ ਥਿਤ ਹ੍ਵੈ*
*ਤਜੇ ਹਯਨ ਕੌ, ਪੁਨ ਸਵਧਾਨ।*
*ਦੋਨਹੁੰ ਧਨੁ ਵਿਦਯੋ ਮਹਿਂ ਚਾਤੁਰ*
*ਦੋਨਹੂੰ ਕੇ ਰਿਸ ਵਧੀ ਬਿਸਾਲ।*
*ਪੁਨ ਦੋਨਹੁੰ ਧਨੁ ਮਹਿਂ ਸਰ ਸੰਧੇ*
*ਦੇਨਹੁੰ ਚਲੇ ਸਬੇਗ ਕਰਾਲ।*
*ਲਗੇ ਦੁਹਨ ਕੀ ਭੁਜ ਮਹਿਂ ਬੀਧੇ*
*ਛੁਟਯੋ ਸ੍ਰੋਨ ਬਾਗੇ ਤਨ ਲਾਲ।*
*ਬਹੁਰ ਨ ਮਿਟੇ ਰਹੇ ਥਲ ਠਾਂਢੇ,*
*ਘਾਇਲ ਹ੍ਵੈ ਕਰਿ ਹੇਰਤਿ ਜਾਲ॥*
*ਬਹੁਤ ਜੀਤ ਮਲ ਤੀਰ ਨਿਕਾਸਯੋ*
*ਹਰੀ ਚੰਦ ਪਿਖਿ ਕੋਪ ਮਹਾਨ।*
*ਤੂਰਨ ਕਰਤਿ ਕਰਯੋ ਸਰ ਸੰਧਨਿ*
*ਕਰ ਦੋਨਹੁੰ ਕੇ ਨਿਠੁਰ ਕਮਾਨ।*
*ਐਂਚਿ ਐਂਚਿ ਚਿਰਤ੍ਰਾਵਤਿ ਨੀਕੇ*
*ਹਰੀ ਚੰਦ ਕੋ ਆਯੋ ਤੀਰ।*
*ਰਿਦਾ ਬੇਧਕਰਿ ਜੀਤ ਮੱਲ ਕੋ*
*ਪਰਯੋ ਪਾਰ ਘੂਮਯੋ ਵਧਿਪੀਰ।*
*ਦੰਤਨ ਚਰਬਤਿ ਹਤਨ ਸ਼ੱਤ੍ਰ ਕੌ*
*ਲਾਲ ਬਿਲੋਚਨ ਆਨਨ ਧੀਰ।*
*ਸਨਮੁਖ ਗਿਰਯੋ ਨ ਪਰਯੋ ਪਿਛਾਰੀ*
*ਧੰਨ ਪਿਤਾ ਮਾਤਾ ਬਰਬੀਰ।*
*ਜੀਤ ਮੱਲ ਕੋ ਛੁਟਯੋ ਬਾਣ*
*ਜੋ ਮਰਮ ਸਥਲ ਮਹਿਂ ਲਾਗਯੋ ਸੋਇ।*
*ਛਾਤੀ ਬੇਧਿ ਪਾਰ ਸੋ ਨਿਕਸਯੋ*
*ਹਰੀ ਚੰਦ ਘੂਮਯੋ ਸੁ ਖਰੋਇ।*
*ਕਰਤਿ ਸੰਭਾਰ ਨ ਭਈ ਮੂਰਛਾ*
*ਪਰਯੋ ਧਰਾ ਪਰ ਜਨੁ ਛਿਤ ਸੋਇ।*
*ਆਇ ਨਰਨ ਸੋ ਤੀਰ ਨਿਕਾਸਯੋ*
*ਬੰਧਯੋ ਘਾਵ ਕਰਯੋ ਦ੍ਰਿੜ ਜੋਇ।*

***ਸਨੇ ਸਨੇ ਤਿਹ ਪਵਨ ਝੁਲਾਈਲੇ***
***ਜਲ ਕੋ ਆਨਨ ਮਹਿਡਾਰ।***
***ਜੀਤ ਮੱਲ ਗੁਰ ਭਟਨ ਉਠਾਯੋ***
***ਜੋ ਪਹੁੰਚਯੋ ਸੁਖ ਸੁਰਗ ਮਝਾਰ।***
***ਐਉਂ ਜੀਤ ਮੱਲ ਜੀ ਪ੍ਰਲੋਕ ਸਿਧਾਰੇ***
***ਤੇ ਹਰੀ ਚੰਦ ਮੂਰਛਾ ਖਾ ਡਿਗਾ।***
***ਇਸ ਤੋਂ ਅੱਗੋਂ ਕੀ ਵਰਤੀ?***

ਗੁਰੂ ਸਾਹਿਬ ਲਿਖਦੇ ਹਨ ਕਿ –

***ਖੁਲੇ ਖਆਨ ਖੂਨੀ ਖੁਰਾਸਾਨ ਖੱਗੰ।***
***ਪਰੀ ਸ਼ਸਤ੍ਰ ਧਾਰੰ ਉਠੀ ਝਾਲ ਅੱਗੰ।***
***ਭਈ ਤੀਰ ਭੀਰੰ ਕਮਾਨੰ ਕੜੱਕੇ।***
***ਗਿਰੇ ਬਾਜ ਤਾਜੀ ਲਗੇ ਧੀਰ ਧੱਕੇ।***
***ਬਜੀ ਭੇਰਿ ਭਉਂਕਾਰ ਧਉਂਕੇ ਨਗਾਰੇ।***
***ਦੁਹੂੰ ਓਰ ਤੇ ਬੀਰ ਬੰਕੇ ਬਕਾਰੇ।***
***ਕਰੇ ਬਾਹੁ ਆਘਾਤ ਸ਼ਸਤ੍ਰੰ ਪ੍ਰਹਾਰੰ।***
***ਡਕੀ ਡਾਕਣੀ ਚਾਵਡੀ ਚੀਤ ਕਾਰੰ।***

ਭਾਵ ਇਹ ਹੈ ਕਿ ਜੀਤ ਮੱਲ ਸ਼ਹੀਦ ਹੋਇਆ ਤੱਕ ਕੇ ਪਠਾਣ ਖੁਰਾਸਾਨੀ ਤਲਵਾਰਾਂ ਚਮਕਾਉਂਦੇ ਅੱਗੇ ਵਧੇ। ਤਲਵਾਰਾਂ ਤੋਂ ਅੱਗ ਦੀ ਝਾਲ ਪੈਂਦੀ ਸੀ। ਨਾਲ ਤੀਰ ਚਲੇ ਕਮਾਨਾਂ ਦੇ ਕੜਕਟ ਸ਼ਬਦ ਹੁੰਦੇ ਸਨ। ਜਿਨ੍ਹਾਂ ਤੀਰਾਂ ਦੇ ਧੱਕੇ ਲਗ ਤਾਜੀ ਘੋੜੇ ਤੇ ਧੀਰਜ ਵਾਲੇ ਸੂਰਮੇ ਗਿਰ ਰਹੇ ਸਨ। ਭੇਰੀਆਂ ਦੇ ਭੁਅੰਕਾਰ, ਨਗਾਰਿਆਂ ਦੀ ਧੌਂਕਣ ਪੈ ਰਹੀ ਸੀ। ਦੁਵੱਲਿਓਂ ਬਾਂਕੇ ਸੂਰਮੇ ਲਲਕਾਰ ਲਲਕਾਰ ਕੇ ਕਟਾ ਵਢ ਕਰ ਰਹੇ ਸਨ, ਸ਼ਸਤ੍ਰ ਦੀ ਮਾਰ ਚੁੜੇਲਾਂ, ਡਕਾਰਦੀਆਂ ਤੇ ਗਿਧਾਂ ਚੰਘਾਰ ਚੰਘਾਰ ਬੋਲਦੀਆਂ ਸਨ।

***ਦੋਹਰਾ – ਕਹਾਂ ਲਗੇ ਵਰਨਨ ਕਰੌਂਮਚਿਓ ਜੁਧ ਅਪਾਰ।***
***ਜੋ ਲੁੱਝੇ ਜੁੱਝੇ ਸਭੈ ਭੱਜੇ ਸੂਰ ਹਜ਼ਾਰ।***

ਅਰਥਾਤ – ਜੁਧ ਦੀ ਵਾਰਤਾ ਕਿੰਨੀ ਕੁ ਦੱਸਾਂ, ਜੋ ਅੱਗੇ ਹੋ ਕੇ ਲੜੇ ਮਾਰੇ ਗਏ ਤੇ ਹਜ਼ਾਰ ਕੁ ਭੱਜ ਕੇ ਬਚੇ।

## ਫਤੇਸ਼ਾਹ ਦਾ ਮੈਦਾਨ ਜੰਗ ਤੋਂ ਖਿਸਕਣਾ।

ਫਤੇਸ਼ਾਹ ਇਕ ਟਿਕਾਣੇ ਖੜਾ ਸਾਰੇ ਰਣ ਨੂੰ ਤੇ ਇਸਦੀ ਭਿਆਨਕਤਾ ਨੂੰ ਦੇਖ ਰਿਹਾ ਤੇ ਵੇਲੇ ਕੁਵੇਲੇ ਸਲਾਹ ਤੇ ਹੁਕਮ ਭੇਜਦਾ ਸੀ। ਉਸਨੇ ਡਿੱਠਾ ਕਿ ਗੁਰੂ ਕਾ ਇਕ ਸਰਦਾਰ ਜੋਧਾ ਜੀਤ ਮੱਲ ਮਾਰਿਆ ਗਿਆ ਹੈ, ਬਹੁਤ ਜਿੱਤ ਹੋਈ ਹੈ। ਪਰ ਫਿਰ ਨਾਲ ਡਿਠੋਸੁ ਕਿ ਹਰੀ ਚੰਦ ਮਰ ਗਿਆ ਹੈ ਤਾਂ ਘਬਰਾਇਆ। ਫਿਰ ਪਤਾ ਲੱਗਾ ਕਿ ਹਰੀ ਚੰਦ ਮਰਿਆ ਨਹੀਂ, ਮੂਰਛਿਤ ਹੈ, ਸੋਚਿਓਸੁ ਕਿ ਇਹ ਹੁਣ ਕਿਥੇ ਉਹ ਸੂਰਮਗਤੀ ਕਰੇਗਾ ਜੋ ਕਰ ਰਿਹਾ ਸੀ, ਇਹੋ ਸਾਡੇ ਵਿਚ ਵੱਡਾ ਸੂਰਮਾ ਸੀ। ਪਰ ਅਜੇ ਫਤੇਸ਼ਾਹ ਖੜਾ ਸੀ ਤੇ ਰਣ ਦਾ ਉਪਾਉ ਵਿਚਾਰ ਰਿਹਾ ਸੀ ਤੇ ਆਪਣੇ ਸੂਰਮੇ ਪਿਛੇ ਹਟਦੇ ਵੀ ਦੇਖ ਰਿਹਾ ਸੀ ਅਤੇ ਹੋਰ ਸੂਰਮੇ ਕੁਛ ਵੱਡੇ–ਵੱਡੇ ਇਸ ਦੇ ਪਾਸ ਖੜ੍ਹੇ ਮਸ਼ਵਰੇ ਕਰ ਰਹੇ ਸਨ ਕਿ ਗੁਰੂ ਜੀ ਨੇ ਇਨ੍ਹਾਂ ਨੂੰ ਦੂਰੋਂ ਤਾੜ ਲਿਆ। ਉਸ ਵੇਲੇ ਜੁੱਧ ਵਿਦਿਆ ਦੇ ਦਾਨੇ ਗੁਰੂ ਜੀ ਨੇ ਕਿਹਾ, ਰਾਮ ਸਿੰਘ! ਕੀਹ ਤੇਰੀ ਕਾਠ ਦੀ ਤੋਪ ਦੋ ਇਕ ਗੋਲੇ ਹੋਰ ਚਲਾ ਸਕਦੀ ਹੈ? ਤਾਂ ਉਸ ਨੇ ਕਿਹਾ, ਜੀ ਹਾਂ। ਦੂਜੀ ਜੋ ਬਣੀ ਨਹੀਂ ਸੀ ਤਿਆਰ ਹੋ ਗਈ ਹੈ, ਹੁਕਮ ਕਰੋ ਤਾਂ ਚਲ ਸਕਦੀ ਹੈ। ਸਾਹਿਬਾ ਨੇ ਹੁਕਮ ਦਿਤਾ ਕਿ ਜਿਥੇ ਰਾਜੇ ਖੜੇ ਹਨ ਦੂਰ, ਉਥੇ ਕੁ ਗੋਲਾ ਸੱਟੋ ਜੋ ਡਰ ਕੇ ਭਜ ਪੈਣ।

ਰਾਮ ਸਿੰਘ ਨੇ ਨਿਸ਼ਾਨਾਂ ਤੱਕ ਕੇ ਤੋਪ ਚਲਾਈ, ਨਿਸ਼ਾਨੇ ਤੇ ਜਾ ਕੇ ਪੱਥਰ ਦਾ ਘੜਿਆ ਗੋਲਾ ਜਾ ਵੱਜਾ, ਰਾਜੇ ਤਾਂ ਬਚੇ ਰਹੇ ਹੋਰ ਜੁਆਨ ਜੋ ਥੋੜ੍ਹੀ ਦੂਰ ਖੜ੍ਹੇ ਸਨ, ਨਿਸ਼ਾਨੇ ਹੇਠ ਆ ਕੇ ਉਡ ਗਏ। ਇਹ ਤੱਕ ਕੇ ਫਤੇਸ਼ਾਹ ਜੀ ਘਬਰਾ ਗਏ। ਸਲਾਮਤੀ ਦੀ ਥਾਂ ਖੜ੍ਹੇ ਬੀ ਮਾਰੇ ਜਾਣ ਦਾ ਭੈ ਧਾਰ ਕੇ ਨੱਸਣਾ ਚੰਗਾ ਸਮਝਿਆ ਤੇ ਘੋੜਾ ਤ੍ਰਪਾਕੇ ਭੱਜ ਪਿਆ, ਸ਼ਸਤਰ ਭੀ ਨਾ ਸੰਭਾਲੇ। ਭੱਜੇ ਜਾਂਦੇ ਵੀ ਇਕ ਤੀਰ ਨਾ ਚਲਾ ਸਕਿਆ। ਜਸਵਾਲੀਆਂ ਬੀ ਨਾਲ ਭੱਜ ਪਿਆ। ਮਧੁਕਰ ਸਾਹ ਬੀ, ਭੱਜਦੇ ਘੋੜੇ ਨੂੰ ਭੱਜਦਾ ਵੇਖ ਕੇ ਜਿਵੇਂ ਖਲਾ ਘੋੜਾ ਭੱਜ ਉਠਦਾ ਹੈ, ਮਗਰੇ ਭੱਜ ਪਿਆ ਤੇ ਸਾਰੇ ਇਤਨੀ ਦੂਰ ਜਾ ਖੜ੍ਹੇ ਹੋਏ ਜਿਥੇ ਕੁ ਉਨ੍ਹਾਂ ਦੇ ਹਿਸਾਬ ਤੋਪ ਦਾ ਗੋਲਾ ਨਹੀਂ ਪਹੁੰਚ ਸਕਦਾ ਸੀ।

ਗੁਰੂ ਜੀ ਲਿਖਦੇ ਹਨ –

***ਭਜਯੋ ਸ਼ਾਹ ਪਾਹਾੜ ਤਾਜੀ ਤ੍ਰਿਪਾਯੰ।***
***ਚਲਯੋ ਬੀਬੀਯਾ ਤੀਰੀਯਾ ਨ ਚਲਾਯੰ।***
***ਜਸੋ ਡਢਵਾਲੰ ਮਧੁੱਕਰ ਸੁ ਸਾਹੰ।***
***ਭਜੇ ਸੰਗ ਲੈਕੇ ਸੁ ਸਾਰੀ ਸਿਪਾਹੰ।***

***(ਸੰਗੋਸ਼ਾਹ ਦੀ ਸ਼ਹਾਦਤ)***

ਇਸ ਮੌਕਿਆ ਤੇ ਸਾਹਿਬ ਫੁਰਮਾਉਂਦੇ ਹਨ –

***ਚਕ੍ਰਿਤ ਚੌਪਿਯੋ ਚੰਦ ਗਾਜੀ ਚੰਦੇਲੰ।***
***ਹਠੀ ਹਰੀ ਚੰਦੰ ਗਹੇ ਹਾਥ ਸੇਲੰ।***
***ਕਰਿਓ ਸ੍ਵਾਮਿ ਧਰਮੰ ਮਹਾਂਰੋਸ ਰੁਝਯੰ।***
***ਗਿਰਿਯੋ ਟੂਕ ਟੂਕ ਹ੍ਵੈ ਇਸੋ ਸੂਰ ਜੁਝਯੰ।***
***ਤਹਾਂ ਖਆਨ ਨੈਜਬਤੋ ਆਨ ਕੈ ਕੈ।***
***ਹਨਿਓ ਸ਼ਾਹ ਸੰਗ੍ਰਾਮ ਕੋ ਸ਼ਸਤਰ ਲੈ ਕੇ॥***
***ਕਿਤੇ ਖਾਨ ਬਾਨੀਨ ਹੂੰ ਅਸਤ੍ਰ ਝਾਰੇ।***
***ਸਹੀ ਸਾਹ ਸੰਗ੍ਰਾਮ ਸੁਰਗੰ ਸਿਧਾਰੇ।***
***ਦੋਹਰਾ॥ ਮਾਰ ਨਿਜਾਬਤ ਖਆਨ ਕੋ ਸੰਗੋ ਜੁਝੇ ਜੁਝਾਰ।***
***ਹਾ ਹਾ ਇਹ ਲੋਕੈ ਭਯੋ ਸੁਰਗ ਲੋਕ ਜੈਕਾਰ।***

ਇਸ ਦਾ ਵੇਰਵਾ ਇਉਂ ਹੈ –

ਆਪਣੇ ਪਾਸੇ ਵਿਚ ਰਾਜੇ ਲੁਕਦੇ ਭੱਜਦੇ ਦੇਖ ਕੇ ਇਕ ਸੂਰਮੇ ਨੂੰ ਅਣਖ ਜਾਗੀ ਤੇ ਭਾਰੀ ਕ੍ਰੋਧ ਆਇਆ। ਇਹ ਸੀ ਚੰਦੇਲ ਗਾਜੀ ਚੰਦ। ਇਹ ਸੇਲਾ (ਵਡਾ ਬਰਛਾ) ਲੈ ਕੇ ਅੱਗੇ ਵਧਿਆ। ਉਸ ਰੋਹ ਵਿਚ ਦੋ ਇਕ ਜੁਆਨ ਇਸ ਨੇ ਮਾਰੇ, ਪਰ ਇਧਰੋਂ ਦਯਾ ਰਾਮ ਆਦਿ ਸੂਰਮੇਂ ਅੱਗੇ ਵਧੇ ਚੰਦੇਲੀਆਂ ਸੰਗੋਸ਼ਾਹ ਦੇ ਹੱਥੋਂ ਮਾਰਿਆ ਗਿਆ। ਇਹ ਖੂਬ ਮਰਦਾਨਗੀ ਨਾਲ ਲੜਦਾ ਟੁਕੜੇ ਟੁਕੜੇ ਹੋ ਕੇ ਸ਼ਹੀਦ ਹੋਯਾ। ਇਹ ਮਹਾਂ ਸੂਰਮਾਂ ਮਰਦਾ ਵੇਖ ਕੇ ਨਜਾਬਤ ਖਾਂ ਰੋਹ ਨਾਲ ਭਰ ਕੇ ਬਿਜਲੀ ਦੀ ਤੇਜੀ ਵਾਂਗੂੰ ਸੰਗੋਸ਼ਾਹ ਤੇ ਆ ਪਿਆ। ਸੰਗੋਸ਼ਾਹ ਨੇ ਬੀ ਅੱਗੋਂ ਖੂਬ ਟਾਕਰਾ ਕੀਤਾ। ਕੁਛ ਦੇਰ ਦੁਵੱਲੀ ਮਹਾਂ ਸੂਰਮੇ ਲੜਦੇ ਰਹੇ। ਇਨ੍ਹਾਂ ਦਾ ਜੰਗ ਦੇਖ ਕੇ ਦੋਇ ਦਲ ਹੈਰਾਨ ਹੋ ਰਹੇ ਸਨ ਕਿ ਦੋਹਾਂ ਦੇ ਅੰਤਲੇ ਦਾਉ ਐਸੇ ਪਏ ਕਿ ਦੁਇ ਕਟ ਗਏ। ਤਦੋਂ ਸਾਹਿਬ ਫੁਰਮਾਉਂਦੇ ਹਨ ਕਿ –

***ਮਾਰ ਨਿਜਾਬਤ ਖਆਨ ਕੋ ਸੰਗੋ ਜੁਝੇ ਜੁਝਾਰ।***
***ਹਾ ਹਾ ਇਹ ਲੋਕੈ ਭਯੋ ਸੁਰਗ ਲੋਕ ਜੈਕਾਰ।***

(*****)

(ਪੰਨਾ **28** ਦਾ ਬਾਕੀ)

ਸੋ ਇਸ ਤਰ੍ਹਾਂ ਦੇ ਨਾਲ ਪ੍ਰਾਣਾਯਾਮ ਦੇ ਨਾਲ ਦਸਵੇਂ ਦੁਆਰ 'ਚ ਬਿਰਤੀ ਪਹੁੰਚਦੀ ਹੈ ਤੇ ਉਥੇ ਖੁਲ੍ਹੇ ਰਾਹ ਤ੍ਰਿਕੁਟੀ ਧਾਰੋ।

ਸੋ ਇਸ ਤੋਂ ਅੱਗੇ ਹੋਇਆ ਕਰਦਾ ਹੈ ਧਿਆਨ, ਧਾਰਨਾ। ਧਾਰਨਾ ਹੁੰਦਾ ਹੈ ਗੁਰੂ ਦੇ ਚਰਨਾਂ ਵਿਚ ਧਿਆਨ ਜੋੜਨਾ। ਤਿੰਨ ਤਰ੍ਹਾਂ ਦਾ ਧਿਆਨ ਹੁੰਦਾ ਹੈ, ਇਕ ਤਾਂ ਹੁੰਦਾ ਹੈ ਸਾਕਾਰ ਦਾ ਧਿਆਨ, ਇਕ ਹੁੰਦਾ ਹੈ ਸ਼ਬਦ ਦਾ ਧਿਆਨ, ਇਕ ਹੁੰਦਾ ਹੈ ਨਿਰੰਕਾਰ ਦਾ ਧਿਆਨ। ਤਿੰਨੋ ਜਿਹੋ ਜਿਹੀ ਕਿਸੇ ਦੀ ਅਵਸਥਾ ਹੁੰਦੀ ਹੈ ਉਹੋ ਜਿਹਾ ਉਹਨੂੰ ਸਾਧਨ ਕਰਨਾ ਪੈਂਦਾ ਹੈ। ਧਿਆਨ ਤੋਂ ਬਗੈਰ ਮਨ ਟਿਕਦਾ ਨਹੀਂ ਹੈ। ਜਿਵੇਂ ਕਪੜਾ ਟੰਗਣਾ ਹੋਵੇ ਤਾਂ ਕਿੱਲ੍ਹੇ ਤੇ ਉਤੇ ਟੰਗਿਆ ਜਾ ਸਕਦਾ ਹੈ, ਖੂੰਟੀ ਲੱਗੀ ਹੋਵੇ ਤਾਂ ਟੰਗਿਆ ਜਾ ਸਕਦਾ ਹੈ, ਜੇ ਨਹੀਂ ਹੈ ਤਾਂ ਨਹੀਂ ਟੰਗਿਆ ਜਾ ਸਕਦਾ ਹੈ। ਇਸੇ ਤਰ੍ਹਾਂ ਮਨ ਜਿਹੜਾ ਰੋਕਣਾ, ਧਿਆਨ ਦੇ ਨਾਲ ਹੁੰਦਾ ਹੈ। ਧਿਆਨ ਗੁਰੂ ਦਾ ਧਿਆਨ ਹੁੰਦਾ ਹੈ, ਸ਼ਬਦ ਦਾ ਧਿਆਨ ਹੁੰਦਾ ਹੈ। ਜੇ ਸ਼ਬਦ ਪ੍ਰਗਟ ਹੋ ਗਿਆ ਤਾਂ ਸ਼ਬਦ ਦਾ ਧਿਆਨ ਹੈ। ਜੇ ਸ਼ਬਦ ਨਹੀਂ ਅਜੇ ਪ੍ਰਗਟ ਹੋਇਆ ਪਹਿਲੀ ਅਵਸਥਾ ਦਾ ਧਿਆਨ ਕਰਦਾ ਹੈ, ਫੇਰ ਧਿਆਨ ਕਰਦੇ-ਕਰਦੇ ਸੰਕਲਪ ਆਉਂਦੇ ਨੇ, ਉਨ੍ਹਾਂ ਸੰਕਲਪਾਂ ਨੂੰ ਬਾਰ-ਬਾਰ ਮੋੜ ਕੇ ਧਿਆਨ 'ਚ ਮਨ ਲਾਉਣਾ। ਇਹਨੂੰ ਧਾਰਨਾ ਕਹਿੰਦੇ ਨੇ। ਇਹ ਜਿਸ ਵਕਤ ਕਰਦੇ-ਕਰਦੇ ਢਾਈ ਮਿੰਟ ਸੁਰਤ ਟਿਕ ਜਾਵੇ ਉਹਨੂੰ ਇਕ ਧਿਆਨ ਕਹਿੰਦੇ ਨੇ ਤੇ ਜਦੋਂ ਬਾਰ੍ਹਾਂ ਧਿਆਨ ਲਗ ਜਾਣ, ਉਹਨੂੰ ਸਮਾਧੀ ਕਹਿੰਦੇ ਨੇ। ਤੀਹ ਮਿੰਟ ਜਦ ਸੁਰਤ ਟਿਕ ਜਾਵੇ, ਕੋਈ ਫੁਰਨਾ ਨਾ ਆਵੇ ਉਹਤੋਂ ਬਾਅਦ ਉਹ ਸਮਾਧੀ ਦੇ ਵਿਚ ਬਦਲ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਧਿਆਨ ਦੇ ਬਾਰੇ ਇਸ ਤਰ੍ਹਾਂ ਦਾ ਫੁਰਮਾਨ ਹੈ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥***

***ਅੰਗ - ੮੬੪***

ਸੋ ਸਾਕਾਰ ਦਾ ਧਿਆਨ ਧਰਨਾ, ਸ਼ਬਦ ਦਾ ਧਿਆਨ ਧਰਨਾ, ਸ਼ਬਦ ਦੇ ਵਿਚ ਗਲਤੀ ਕਈ ਕਰ ਜਾਂਦੇ ਨੇ, ਅੱਖਰਾਂ ਦਾ ਧਿਆਨ ਧਰ ਲੈਂਦੇ ਨੇ। ਅੱਖਰਾਂ ਦਾ ਨਹੀਂ, ਸ਼ਬਦ ਕਹਿੰਦੇ ਨੇ sound ਨੂੰ, ਧੁਨ ਨੂੰ।

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯***

ਉਹ ਪਹਿਲੇ ਨਾਲੋਂ ਸ੍ਰੇਸ਼ਟ ਹੈ, ਉਸ ਤੋਂ ਬਾਅਦ ਜਦੋਂ ਧਿਆਨ ਪੂਰਾ ਹੋ ਜਾਂਦਾ ਹੈ, ਉਸ ਵੇਲੇ ਅੰਦਰੋਂ ਜੋਤ ਪ੍ਰਕਾਸ਼ ਹੋ ਜਾਂਦੀ ਹੈ ਆਪਣੇ ਆਪ ਹੀ। ਫੇਰ ਪ੍ਰਮੇਸ਼ਰ ਨੂੰ ਉਹ ਜੋਤੀ ਸਰੂਪ ਸਮਝ ਕੇ ਧਿਆਨ ਧਰਨਾ, ਇਹ ਤੀਸਰਾ ਹੈ। ਉਸ ਤੋਂ ਅੱਗੇ ਉਹਨੂੰ ਸਾਰੇ ਪਰੀਪੂਰਨ ਦੇਖਣਾ, ਘਟ-ਘਟ 'ਚ ਵਿਆਪਕ ਦੇਖਣਾ, ਇਹ ਧਿਆਨ ਨਹੀਂ ਇਥੋਂ ਆ ਕੇ ਬਦਲ ਜਾਂਦਾ ਹੈ ਗਿਆਨ ਕਹਾਉਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਫੇਰ ਧਿਆਨ ਹੁੰਦਾ ਹੈ ਭਾਈ। ਜਦੋਂ 30 ਮਿੰਟ ਧਿਆਨ ਟਿਕ ਜਾਵੇ ਫੇਰ ਉਹਨੂੰ ਸਮਾਧੀ ਕਹਿੰਦੇ ਨੇ। ਸਮਾਧੀ ਹੁੰਦੀ ਹੈ ਦੋ ਤਰ੍ਹਾਂ ਦੀ ਇਕ ਨੂੰ ਸਾਵਿਕਲਪ ਕਹਿੰਦੇ ਨੇ ਇਕ ਨੂੰ ਨਿਰਵਿਕਲਪ ਜਿਹੜੀ ਸਮਾਧੀ ਦੇ ਅੰਦਰ ਗੁਰ ਦਾ ਧਿਆਨ, ਸ਼ਬਦ ਦਾ ਧਿਆਨ, ਸੁਣਦਾ ਹੈ ਤੇ ਆਪਣਾ ਆਪ ਮਹਿਸੂਸ ਹੁੰਦਾ ਹੈ ਉਹਨੂੰ ਸਾ-ਵਿਕਲਪ ਕਹਿੰਦੇ ਨੇ। ਜਿਹਦੇ ਵਿਚ ਕੇਵਲ ਧੇਯ ਰਹਿ ਜਾਂਦਾ ਹੈ ਹੋਰ ਕੁਛ ਨਹੀਂ ਰਹਿੰਦਾ ਆਪਣਾ ਆਪ ਵੀ ਜਾਂਦਾ ਰਹਿੰਦਾ ਹੈ ਕਿਰਿਆ ਵੀ ਜਾਂਦੀ ਰਹਿੰਦੀ ਹੈ, ਉਹ ਜਦੋਂ ਹੁੰਦਾ ਹੈ ਇਹਨੂੰ ਨਿਰਵਿਕਲਪ ਸਮਾਧੀ ਕਹਿੰਦੇ ਨੇ। ਸੋ ਮਹਾਰਾਜ ਕਹਿੰਦੇ ਇਕ ਰਸਤਾ ਤਾਂ ਹੈਗਾ ਇਹ ਭਾਈ, ਦੂਸਰਾ ਰਸਤਾ ਹੈਗਾ ਭਗਤੀ ਦਾ, ਭਗਤੀ ਦਾ ਰਸਤਾ ਕਲਜੁਗ ਦੇ ਅੰਦਰ ਜ਼ਿਆਦਾ ਸੁਖਾਲਾ ਹੈ ਤੇ ਭਗਤ ਵੱਡੀਆਂ-ਵੱਡੀਆਂ ਪਦਵੀਆਂ ਤੇ ਪਹੁੰਚੇ ਨੇ। ਕਹਿੰਦੇ ਉਹਦੇ ਵਿਚ ਪਹਿਲਾ ਸਾਧਨ ਹੈ ਮਨ ਨੂੰ ਨੀਵਾਂ ਰੱਖਣਾ, ਪੱਕਾ ਵਿਸ਼ਵਾਸ਼ ਕਰਨਾ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - ੧੩੭੪***

ਪਰ ਇਹ ਰੱਖਣਾ ਬੜਾ ਔਖਾ ਹੈ, ਕਹਿ ਕੇ ਦੇਖ ਲਓ ਕਿਸੇ ਨੂੰ। ਕਹੇਗਾ ਮੈਂ ਐਨਾ ਨੀਵਾਂ, ਮੈਂ ਮਾੜਾ? ਬਿਲਕੁਲ ਆਦਮੀ ਮੰਨਣ ਵਾਸਤੇ ਤਿਆਰ ਨਹੀਂ ਹੁੰਦਾ। ਕਿਉਂਕਿ ਅੰਦਰ ਹਉਮੈ ਹੈ ਹਉਮੈ ਦੇ ਨਾਲ ਭਰਿਆ ਰਹਿੰਦਾ ਹੈ ਹਰ ਵਕਤ, ਦੂਸਰਾ ਹੋਇਆ ਕਰਦਾ ਹੈ, ਸਤਿਸੰਗਤ ਕਰਨੀ। ਸਤਿਸੰਗ ਕਰਨ ਦੀ ਵਿਧੀ ਹੁੰਦੀ ਹੈ, ਉਹ ਵਿਧੀਪੂਰਵਕ ਸੰਗਤ ਕਰਨੀ, ਤੀਸਰਾ ਹੋਇਆ ਕਰਦਾ ਹੈ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਜਾਨਣਾ।

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ***
***ਗੋਬਿੰਦ ਬਿਨੁ ਨਹੀ ਕੋਈ ॥ ਅੰਗ - ੪੮੫***

ਪ੍ਰਮੇਸ਼ਰ ਹੀ ਹੈ ਸਾਰਿਆਂ ਦੇ ਅੰਦਰ। ਸੋ ਇਸ ਤਰ੍ਹਾਂ ਚੌਥਾ ਹੋਇਆ ਕਰਦਾ ਹੈ ਚਿੱਤ ਨੂੰ ਇਕਾਗਰ ਰੱਖਣਾ ਫੁਰਨੇ ਨਾ ਆਉਣ ਦੇਣੇ। ਬਾਣੀ ਪੜ੍ਹਨੀ, ਬਾਣੀ ਪੜ੍ਹਦੇ ਹੋਏ ਕੋਈ ਫੁਰਨਾ ਨਾ ਆਉਣ ਦੇਣਾ। ਪੰਜਵਾਂ ਹੋਇਆ ਕਰਦਾ ਹੈ ਗੁਰੂ ਦੇ ਬਚਨ ਚਿੱਤ ਨੂੰ ਇਕਾਗਰ ਕਰਕੇ ਸੁਣਨੇ। ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਹੋਵੇ ਕੋਈ ਫੁਰਨਾ ਨਾ ਆਉਣ ਦੇਣਾ। ਕੀਰਤਨ ਹੁੰਦਾ ਹੋਵੇ ਕੀਰਤਨ ਦੇ ਵਿਚ ਲੀਨ ਹੋ ਜਾਣਾ। ਸੋ ਉਸ ਤੋਂ ਅਗਲਾ ਹੋਇਆ ਗੁਰੂ ਦੇ ਬਚਨ ਸੁਣਨੇ, ਫੇਰ ਮੰਨਣੇ, ਫੇਰ ਕਮਾਉਣੇ ਤੇ ਆਪਣੇ ਜੀਵਨ ਦੇ ਵਿਚ ਬਿਠਾਉਣੇ। ਸੋ ਇਸ ਤਰ੍ਹਾਂ ਦੇ ਨਾਲ ਫੇਰ ਹੁੰਦਾ ਹੈ ਗੁਰੂ ਦੇ ਅਰਥਾਂ ਨੂੰ ਮਨ ਵਿਚ ਟਿਕਾਉਣਾ। ਬੁਰਿਆਈਆਂ ਛੱਡਣੀਆਂ, ਚੰਗਿਆਈਆਂ ਨੂੰ ਧਾਰਦੇ ਰਹਿਣਾ ਤੇ ਬੁਰਿਆਈਆਂ ਨੂੰ ਕੱਢਦੇ ਰਹਿਣਾ ਮਨ

ਅੰਦਰੋਂ। ਸੋ ਇਸ ਤਰ੍ਹਾਂ ਜੋ ਭਗਤ ਭਾਵ ਹੈ ਮਹਾਰਾਜ ਕਹਿੰਦੇ ਇਹ ਸੁਖਾਲਾ ਨਹੀਂ ਹੈਗਾ –

*ਭਗਤਿ ਭਾਵ ਇਹੁ ਮਾਰਗੁ ਬਿਖੜਾ*
*ਗੁਰ ਦੁਆਰੈ ਕੋ ਪਾਵਏ ॥* *ਅੰਗ - ੪੪੦*

ਸਾਰਿਆਂ ਨੂੰ ਨਹੀਂ ਮਿਲਦਾ ਇਹ ਭਗਤੀ ਦਾ ਭਾਵ। ਇਹ ਵੀ ਕਹਿੰਦੇ ਬਹੁਤ ਬਿਖੜਾ ਹੈ।

*ਕਹੈ ਨਾਨਕੁ ਜਿਸੁ ਕਰੇ ਕਿਰਪਾ*
*ਸੋ ਹਰਿ ਭਗਤੀ ਚਿਤੁ ਲਾਵਏ ॥* *ਅੰਗ - ੪੪੦*

ਜਿਸ ਦੇ ਉਤੇ ਕ੍ਰਿਪਾ ਹੋਵੇ ਉਹ ਭਗਤੀ ਦੇ ਵਿਚ ਚਿੱਤ ਲਾਉਂਦਾ ਹੈ। ਸੋ ਮਹਾਰਾਜ ਕਹਿੰਦੇ ਭਗਤੀ ਨੌਂ ਕਿਸਮ ਦੀ ਹੋਇਆ ਕਰਦੀ ਹੈ –

*ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥*
*ਅੰਗ - ੭੧*

ਪਹਿਲੀ ਭਗਤੀ ਜੋ ਸ਼੍ਰੋਮਣੀ ਭਗਤੀ ਹੈ –

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*
*ਅੰਗ - ੧੦੭੬*

ਦੂਸਰੀ ਭਗਤੀ ਹੈ ਸਿਮਰਨ, ਤੀਸਰੀ ਭਗਤੀ ਹੋਇਆ ਕਰਦੀ ਹੈ ਨਮਸਕਾਰ, ਚੌਥੀ ਹੋਇਆ ਕਰਦੀ ਹੈ ਅਰਚਨ, ਪੰਜਵੀਂ ਹੋਇਆ ਕਰਦੀ ਹੈ ਪੂਜਾ ਭਗਤੀ। ਛੇਵੀਂ ਹੋਇਆ ਕਰਦੀ ਹੈ ਆਪਣੇ ਆਪ ਨੂੰ ਦਾਸ ਸਮਝ ਕੇ ਭਗਤੀ ਕਰਨੀ। ਸੱਤਵੀਂ ਹੋਇਆ ਕਰਦੀ ਹੈ ਕਿ ਆਪਣੇ ਆਪ ਨੂੰ 'ਮਿਤਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ' ਤੇ ਅੱਠਵੀਂ ਭਗਤੀ ਹੋਇਆ ਕਰਦੀ ਹੈ ਜਿਵੇਂ ਪਤੀਵਰਤਾ ਇਸਤਰੀ ਜਿਸ ਤਰ੍ਹਾਂ ਦੇ ਨਾਲ ਆਪਣੇ ਪਤੀ ਦੇ ਨਾਲ ਵਿਹਾਰ ਕਰਦੀ ਹੈ, ਆਪਣਾ ਤਨ ਮਨ ਤਨ ਸਭ ਉਹਦੇ ਹਵਾਲੇ ਕਰ ਦੇਣਾ ਤੇ ਉਹਦੇ ਹੁਕਮ ਵਿਚ ਰਾਜ਼ੀ ਰਹਿਣਾ। ਜਿਸ ਦੇ ਬਾਰੇ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ –

*ਭੈ ਕੀਆ ਦੇਹਿ ਸਲਾਈਆ*
*ਨੈਣੀ ਭਾਵ ਕਾ ਕਰਿ ਸੀਗਾਰੋ ॥* *ਅੰਗ - ੭੨੨*

ਭੈ ਦੀਆਂ ਸਲਾਈਆਂ ਦਿਤੀਆਂ ਹੋਣ, ਪਿਆਰ ਦਾ ਹੋਵੇ ਸ਼ਿੰਗਾਰ। ਕਹਿੰਦੇ ਇਹ ਭਗਤੀ ਹੋਇਆ ਕਰਦੀ ਹੈ, ਸੋ ਧਿਆਨ ਭਗਤੀ ਹੈ। ਨੌਆਂ ਭਗਤੀਆਂ ਨੂੰ ਫਲ ਪੈਂਦਾ ਹੈ ਪਿਆਰ ਦਾ, ਉਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ। ਪ੍ਰੇਮ ਜਦ ਹੋ ਜਾਂਦਾ ਹੈ ਫੇਰ ਉਹਦੀ ਹਾਲਤ ਹੋਰ ਹੋ ਜਾਂਦੀ ਹੈ –

***ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,***
***ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।***
***ਕਮਗੁਫਤਨੋ, ਕਮ ਖੁਰਦਨੋਂ,***
***ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।***

ਨੌਂ ਨਿਸ਼ਾਨੀਆਂ ਆ ਜਾਇਆ ਕਰਦੀਆਂ ਨੇ ਪ੍ਰੇਮ ਵਿਚ। ਸੋ ਉਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ, ਦੇਖੇ ਬਿਨ ਚੈਨ ਨਾ ਆਉਣੀ, ਬਾਰ-ਬਾਰ ਜਾ ਕੇ ਉਹਦੇ ਦਰਸ਼ਨ ਕਰਨੇ, ਬਾਰ-ਬਾਰ ਉਹਦੀ ਸੇਵਾ ਕਰਨੀ, ਉਹਨੂੰ ਪ੍ਰਸੰਨ ਕਰਨਾ। ਇਹਦੇ ਬਾਅਦ ਆਪਣਾ ਆਪ ਸਾਰਾ ਗੁਰੂ ਦੇ ਹਵਾਲੇ ਕਰ ਦੇਣਾ। ਇਹਨੂੰ ਪਰਾ ਭਗਤੀ ਕਹਿੰਦੇ ਨੇ। ਫੇਰ ਗੁਰੂ ਨੂੰ ਹੀ ਸਾਰੇ ਥਾਵਾਂ ਤੇ ਦੇਖਣਾ, ਵਾਹਿਗੁਰੂ ਨੂੰ ਹਰ ਘਟ ਦੇ ਵਿਚ ਦੇਖਣਾ, ਆਪਣਾ ਆਪ ਵਿਚ ਲੀਨ ਕਰ ਦੇਣਾ, ਇਹਨੂੰ ਅਪਰਾ ਭਗਤੀ ਕਹਿੰਦੇ ਨੇ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਰਸਤਾ ਸੁਖਾਲਾ ਹੈ, ਇਹਦੇ ਨਾਲ ਪ੍ਰਮੇਸ਼ਰ ਦੇ ਦਰ ਤੇ ਪਹੁੰਚੇ ਨੇ ਸਾਰੇ, ਵੱਡੇ-ਵੱਡੇ ਹੋਏ ਨੇ ਦੇਖੋ ਤੁਸੀਂ ਸਾਰਿਆਂ ਦਾ ਹਾਲ ਨਾਮ ਪੜ੍ਹ ਕੇ, ਨਾਮਦੇਵ ਜੀ ਦਾ, ਕਬੀਰ ਜੀ ਦਾ ਸਾਰੇ ਭਗਤੀ ਕਰਦੇ ਸੀ।

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥*
*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧ ॥*
*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥ ੨ ॥*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥ ੩ ॥*
*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਅੰਗ - ੪੮੮*

ਕਸ਼ਟ ਯੋਗ ਨਹੀਂ ਕਰਨ ਲੱਗਿਆ ਧੰਨਾ, ਭਗਤੀ 'ਚ ਲੱਗਿਆ। ਨਤੀਜਾ ਕੀ ਹੋਇਆ? –

*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥*
*ਅੰਗ - ੪੮੮*

ਸੋ ਮਹਾਰਾਜ ਕਹਿਣ ਲੱਗੇ ਗੁਰੂ ਅੰਗਦ ਸਾਹਿਬ ਕਿ ਪ੍ਰੇਮੀਓ! ਦੋਵੇਂ ਰਸਤੇ ਅਸੀਂ ਤੁਹਾਨੂੰ ਦੱਸ ਦਿੱਤੇ ਨੇ। ਇਕ ਥੋੜ੍ਹਾ ਜਿਹਾ ਕਠਨ ਹੈ, ਇਕ ਸੁਖਾਲਾ ਹੈ ਤੇ ਇਹਦੇ ਵਿਚੋਂ ਜਿਹੜਾ ਤੁਹਾਨੂੰ ਪ੍ਰਵਾਨ ਹੈ ਸਿਮਰਨ ਦਾ ਰਸਤਾ, ਕੀਰਤਨ ਦਾ ਰਸਤਾ ਇਹ ਸੁਖਾਲਾ ਹੈ ਕੁਛ। ਇਹਦੇ ਵਿਚ ਰਸ ਵੀ ਬਹੁਤ ਹੈ ਤੇ ਤੁਸੀਂ ਦੇਖ ਲਓ ਦੋਹਾਂ 'ਚੋਂ ਕਰ ਲਓ ਜਿਹੜਾ ਕਰਨਾ ਹੈ।

ਉਸ ਵੇਲੇ ਕਹਿਣ ਲੱਗੇ, ਸੱਚੇ ਪਾਤਸ਼ਾਹ! ਆਪ ਦੀ ਬੜੀ ਭਾਰੀ ਕ੍ਰਿਪਾ ਹੋਈ ਹੈ ਸਾਡੇ 'ਤੇ ਕਿਉਂਕਿ ਅਸੀਂ ਤਾਂ ਬਿਲਕੁਲ ਅਣਜਾਣ ਸੀ। ਚਿੱਤ ਕਰਦਾ ਸੀ ਸਾਡਾ ਕਿ ਅਸੀਂ ਪ੍ਰਮੇਸ਼ਰ ਨੂੰ ਮਿਲੀਏ, ਪ੍ਰਭੂ ਦੇ ਨਾਲ ਸਾਡਾ ਕਿਸੇ ਤਰੀਕੇ ਨਾਲ ਮੇਲ ਹੋਵੇ, ਲੇਕਿਨ ਰਸਤੇ ਦਾ ਨਹੀਂ ਸੀ ਪਤਾ ਲਗਦਾ, ਆਪ ਨੇ ਰਸਤਾ ਦੱਸ ਦਿਤਾ। ਸੋ ਮਹਾਰਾਜ ਜੀ ਦੇ ਪਾਸ ਭਾਈ ਦੀਪਾ, ਭਾਈ ਨਰਾਇਣ ਦਾਸ ਤੇ ਭਾਈ ਬੁੱਲਾ ਜੀ ਇਹ ਤਿੰਨੇ

ਜਣੇ ਘਰ ਗਏ, ਬਾਲ-ਬੱਚਿਆਂ ਨੂੰ ਕਾਰੋਬਾਰ ਸੰਭਾਲ ਦਿਤਾ ਕਿ ਲਓ ਬੇਟਾ, ਫੇਰ ਵੀ ਸਾਡੇ ਗਿਆਂ ਤੇ ਤੁਸੀਓਂ ਸਾਂਭਣਾ ਹੈ ਤੇ ਹੁਣੇ ਸਾਂਭੋ। ਬੜੇ ਦਲੇਰ ਸਿੱਖ ਸੀਗੇ। ਹੁਣ ਤਾਂ ਮਰਦੇ ਦਮ ਤਕ ਸੰਭਾਲਦੇ ਹੀ ਨਹੀਂ ਕਹਿੰਦੇ ਨੇ ਪਤਾ ਨਹੀਂ ਮੁੰਡੇ ਕੀ ਕਰ ਲੈਣਗੇ ਜੇ ਸੰਭਾਲ ਦਿਤਾ। ਭਜਨ ਕਰਦੇ ਹੀ ਨਹੀਂ ਹੈ, ਐਸੀ ਬੁੱਧੀ ਨਾਸਤਕ ਹੋ ਗਈ ਕਿ ਭਜਨ ਦੇ ਨਾਉਂ ਤੇ ਕੋਈ ਨੇੜੇ ਨਹੀਂ ਆਉਂਦਾ ਭਜਨ ਕਰਨ। ਆਸ਼ਰਮ ਬਣਾਇਆ ਸੀ ਇਸੇ ਵਾਸਤੇ ਬਣਾਇਆ ਸੀ, ਨਹੀਂ ਮੈਨੂੰ ਕੋਈ ਲੋੜ ਨਹੀਂ ਸੀ ਕਿ ਭਜਨ ਕਰਨ ਵਾਲੇ ਆਉਣਗੇ, ਸੇਵਾ ਵੀ ਕਰਨਗੇ, ਭਜਨ ਵੀ ਕਰਨਗੇ, ਬਿਰਧ ਇਥੇ ਰਿਟਾਇਰ ਹੋ ਕੇ ਇਥੇ ਆਪਣੀ ਬੰਦਗੀ ਕਰਨਗੇ। ਬੜੀ ਜਿਹੜੀ ਉਨ੍ਹਾਂ ਦੀ ਆਸ਼ਾ ਹੈ ਕਿ ਕਿਸੇ ਇਕਾਂਤ ਥਾਂ ਭਜਨ ਕਰੀਏ, ਉਹਦੇ ਵਾਸਤੇ ਅਸੀਂ ਆਸ਼ਰਮ ਬਣਾਇਆ ਹੈ ਪਰ ਹੈਰਾਨ ਹੋਈਦਾ ਹੈ ਕਿ ਜੇ ਕੋਈ ਦੋ ਕੁ ਦਿਨ ਰਹਿ ਜਾਏ ਉਹਦੇ ਘਰ ਦੇ ਮਿਹਣੇ ਮਾਰਨ ਲਗ ਜਾਂਦੇ ਨੇ ਕਿ ਇਹ ਤਾਂ ਗੁਰਦੁਆਰੇ ਬਹਿ ਗਿਆ ਜਾ ਕੇ, ਇਹਦਾ ਤਾਂ ਅੱਗੇ ਪਿੱਛਾ ਹੀ ਨਹੀਂ ਹੈ ਕੋਈ। ਉਹ ਮਿਹਣੇ ਨੇ ਮਾਰ ਲਏ ਸਾਰੇ। ਸੋ ਇਹਦੇ ਨਾਲ ਇਹ ਜਨਮ ਬਿਰਥ ਬਰਬਾਦ ਹੁੰਦਾ ਚਲਿਆ ਜਾ ਰਿਹਾ ਹੈ, ਘਰਾਂ 'ਚ ਅਨੇਕਾਂ ਮੁਸ਼ਕਲਾਂ ਨੇ। ਪਰ ਇਹ ਤਿੰਨੋ ਗੁਰਸਿੱਖ ਘਰ ਗਏ ਤੇ ਜਾ ਕੇ ਬੱਚਿਆਂ ਨੂੰ ਸਭ ਕੁਝ ਸੰਭਾਲ ਕੇ ਕਹਿਣ ਲੱਗੇ ਲਓ ਬੇਟਾ, ਤੁਸੀਂ ਸਾਂਭੋ। ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦੀ ਚਰਨ ਸ਼ਰਨ ਆ ਕੇ ਬੜੀ ਭਗਤੀ ਕੀਤੀ, ਗੁਰੂ ਅਮਰਦਾਸ ਮਹਾਰਾਜ ਜੀ ਨੂੰ ਪ੍ਰਸੰਨ ਕਰਿਆ ਤੇ ਭਾਈ ਗੁਰਦਾਸ ਜੀ ਨੇ ਇਨ੍ਹਾਂ ਦਾ ਨਾਉਂ ਪ੍ਰਵਾਨ ਹੋਏ ਗੁਰਸਿੱਖਾਂ 'ਚ ਲਿਖ ਦਿਤਾ। ਜਿਸ ਦੇ ਬਾਰੇ ਅਸੀਂ ਵੀ ਸੁਣਿਆ ਹੈ ਅੱਜ, ਜੋ ਬਚਨ ਮਹਾਰਾਜ ਜੀ ਨੇ ਕੀਤੇ ਨੇ ਉਨ੍ਹਾਂ ਨੂੰ ਮਹਾਰਾਜ ਜੀ ਨੇ ਬਾਣੀ ਦਾ ਰੂਪ ਦੇ ਕੇ ਆਪਾਂ ਸੁਣਨ ਸੁਣਾਉਣ ਦਾ ਯਤਨ ਕੀਤਾ ਹੈ ਤਾਂ ਕਿ authenticity ਹੋਣੀ ਚਾਹੀਦੀ ਹੈ ਕਿ ਇਹ ਬਚਨ ਬਾਣੀ ਵੀ ਇਨ੍ਹਾਂ ਨੂੰ ਕਹਿੰਦੀ ਹੈ। ਸੋ ਆਪਾਂ ਸਾਰਿਆਂ ਨੇ ਸੁਣਿਆ ਹੈ ਵਾਹਿਗੁਰੂ ਕਰੇ ਕਿ ਸਾਨੂੰ ਵੀ ਕੋਈ ਲਗਨ ਲਗ ਜਾਵੇ ਤੇ ਸਾਡਾ ਵੀ ਚਿੱਤ ਏਸ ਭਗਤੀ ਦੇ ਵਿਚ ਲਗ ਜਾਵੇ। ਸੋ ਸਮਾਂ ਇਜਾਜ਼ਤ ਨਹੀਂ ਦਿੰਦਾ। ਸਭ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।


## ਮਹਾਂਪੁਰਖਾਂ ਦੀ ਛੇਵੀਂ ਬਰਸੀ ਤੇ

**ਰੀਲੀਜ਼ ਹੋਈਆਂ ਪੁਸਤਕਾਂ ਦੀ ਸੂਚੀ**

1. **'ਸੇਵਾ ਸਿਮਰਨ ਜੁਗਤੀਆਂ'** **160/-**
2. **'ਮਾਨੁੱਖ ਤਨ ਦਾ ਪ੍ਰਯੋਜਨ'** **150/-**
3. **'ਯੋਗਾ ਉਪਰ ਲੈਕਚਰ',** **30/-**
4. **'ਕਰਮ ਬੰਧਨ ਤੋਂ ਮੁਕਤੀ'** :- 30/-
5. **Divine Word Contemplation Path**', (ਸੁਰਤਿ ਸ਼ਬਦ ਮਾਰਗ) 70/-


(ਪੰਨਾ **44** ਦਾ ਬਾਕੀ)

ਕਬੀਰ, ਕਰੀ ਜਾਂਦਾ ਹੈ। ਕਿਉਂਕਿ ਮਨ ਨਿਰਮਲ ਹੋ ਗਿਆ। ਉਹ ਮੈਲ ਸਤਿਸੰਗ ਤੋਂ ਬਗੈਰ ਨਹੀਂ ਲਹਿਆ ਕਰਦੀ। ਵੱਡੇ-ਵੱਡੇ ਪਾਪੀਆਂ ਦੀਆਂ ਮਿਸਾਲਾਂ ਆਉਂਦੀਆਂ ਨੇ ਗੁਰੂ ਮਹਾਰਾਜ ਵਿਚ। ਕਹਿੰਦੇ ਅਸਰ ਹੁੰਦਾ ਹੈ ਸਤਿਸੰਗ ਦਾ ਕਿ ਜਿਹੋ ਜਿਹੀ ਸੰਗਤ ਕਰੋਂਗੇ, ਓਹੋ ਜਿਹੀ ਰੰਗਤ ਆਏਗੀ। ਤੱਤਬੇਤੇ ਮਹਾਂਪੁਰਸ਼ ਦੀ ਸੰਗਤ ਦੇ ਵਿਚੋਂ ਤੁਹਾਨੂੰ ਤੱਤ ਪ੍ਰਾਪਤ ਹੋਏਗਾ, ਗਿਆਨ ਆਏਗਾ, ਕਰਮਕਾਂਡੀ ਦੇ ਸਤਿਸੰਗ ਵਿਚ ਕਰਮਕਾਂਡੀ ਬਣ ਜਾਓਂਗੇ। ਸੋ ਆਪ ਵੀ ਡੁੱਬਿਆ ਹੋਇਆ ਹੈ -

***ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥***

***ਅੰਗ - ੧੩੭੦***

ਆਪ ਦੇ ਕੋਲ ਅੰਧਕਾਰ ਹੈ, ਅੰਧਕਾਰ ਦੇ ਵਿਚੋਂ ਬੋਲਦਾ ਹੈ। ਅੰਧਕਾਰ 'ਚੋਂ ਬੋਲਿਆ ਹੋਇਆ ਸੁਣਨ ਵਾਲਿਆਂ ਨੂੰ ਅੰਧਕਾਰ ਦੇ ਵਿਚ ਲੈ ਲਏਗਾ। ਉਹਦੇ ਕੋਲ ਚਾਨਣਾ ਹੈ ਨਹੀਂ, ਦਏਗਾ ਕਿੱਥੋ ? ਸੋ ਸੰਗਤ ਜਿਹੜੀ ਹੈ ਉਤਮ ਸੰਗਤ ਉਹ ਸਾਧੂ ਦੀ, ਮਹਾਤਮਾ ਦੀ ਉਹਨੂੰ ਸਤਿਸੰਗ ਕਹਿੰਦੇ ਨੇ, ਜਿਹੜੇ ਸਤਿ ਨਾਲ ਹਰ ਵਕਤ ਜੁੜੇ ਰਹਿੰਦੇ ਨੇ। ਆਦਮੀਆਂ ਦਾ ਇਕੱਠ ਆ ਗਿਆ, ਬੁਲਾ ਲਿਆ, ਉਹਦੇ ਵਿਚ ਬੋਲਣ ਵਾਲੇ ਇਕ ਦੂਜੇ ਨੂੰ ਗਾਲ੍ਹਾਂ ਕੱਢੀ ਜਾਂਦੇ ਨੇ। ਦ੍ਵੈਤ ਦੀਆਂ ਗੱਲਾਂ ਕਰਦੇ ਨੇ, ਰਾਗ ਤੇ ਦ੍ਵੈਸ਼ ਵਿਚੋਂ ਨਿਕਲੇ ਨਹੀਂ ਹੋਏ। ਵਾਹਿਗੁਰੂ ਦਾ ਹੁਕਮ ਪਛਾਨਣ ਵਾਲੇ ਨਹੀਂ ਹਨ, ਉਹ ਕੀ ਕਰਨਗੇ, ਅੰਧਕਾਰ ਬਨਾਉਣਗੇ ਸਾਡੇ ਮਨਾਂ ਦੇ ਉਤੇ। ਉਹ ਕਹਿੰਦੇ, ਸਾਧੂ ਦੀ ਸੰਗਤ ਕਰ।

***ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥***

***ਅੰਗ - ੧੩੬੯***

ਉਹ ਸੰਗਤ ਜਿਹੜੀ ਹੈ ਉਚਾ ਚੁੱਕ ਦਿੰਦੀ ਹੈ -

***ਧਾਰਨਾ - ਚੰਦਨ ਬਣ ਜਾਂਦੇ ਨੇ,***
***ਚੰਦਨ ਦੇ ਨੇੜੇ ਰਹਿ ਕੇ।***

***ਕਬੀਰ ਚੰਦਨ ਕਾ ਬਿਰਵਾ ਭਲਾ***
***ਬੇੜ੍ਹਿਓ ਢਾਕ ਪਲਾਸ ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ***
***ਪਾਸਿ॥***

***ਅੰਗ - ੧੩੬੫***

(*******)

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
# (Creative Use of Emotions)

***ਡਾ. ਸਵਾਮੀ ਰਾਮ ਜੀ***

***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਅਧਿਆਇ 4
## ਵਿਕਾਸ ਦੀ ਪ੍ਰੀਕ੍ਰਿਆ

ਅਸੀਂ ਮਨੋਵਿਗਿਆਨ ਪੱਖੋਂ, ਅਧਿਆਤਮਕ ਪੱਖੋਂ ਕਿਸ ਤਰ੍ਹਾਂ ਨਾਲ ਵਿਕਸਿਤ ਹੁੰਦੇ ਹਾਂ ਸਾਡਾ ਵਿਕਾਸ ਇਨ੍ਹਾਂ ਦੋਨੋਂ ਪੱਖਾਂ ਤੋਂ ਕਿਸ ਤਰ੍ਹਾਂ ਹੁੰਦਾ ਹੈ, ਇਹ ਗੱਲ ਨਿਰਭਰ ਕਰਦੀ ਹੈ ਅਸੀਂ ਕਿਸ ਤਰ੍ਹਾਂ ਆਪਣੇ ਆਪ ਨੂੰ ਆਪਣੇ ਰੋਲ ਤੋਂ ਆਪਣੇ ਆਪ ਨੂੰ ਵੱਖ ਕਰ ਸਕਦੇ ਹਾਂ, ਜਿਸ ਨਾਲ ਤੁਸੀਂ ਵਧੇਰੇ ਜੁੜੇ ਹੋਏ ਹੋ ਉਸ ਤੋਂ ਆਪਣੇ ਆਪ ਨੂੰ ਕਿਸ ਤਰ੍ਹਾਂ ਦੂਰ ਕਰ ਸਕਦੇ ਹੋ। ਦੋ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਆਪਣੇ ਆਪ ਨੂੰ ਆਪਣੇ ਕਿਰਦਾਰ ਤੋਂ ਦੂਰ ਕਰ ਸਕਦੇ ਹੋ। ਪਹਿਲਾ ਹੈ, ਆਪਣੇ ਵਿਵਹਾਰ ਨੂੰ ਐਨਾ ਦੁੱਖਦਾਈ ਬਣਾ ਲਵੋ ਐਨਾ ਤੰਗ ਕਰ ਦਿਓ ਹਰ ਇਕ ਸੀਨ ਐਨਾ ਔਖਾ ਕਰ ਦਿਓ ਜੀਵਨ ਉਸ ਨਾਲ ਔਖਾ ਹੋ ਜਾਵੇ, ਅਸ਼ਾਂਤ ਹੋ ਜਾਵੇ, ਐਨਾ ਵਧ ਕਸ਼ਟ ਹੋ ਜਾਵੇ ਕਿ ਛੱਡਣ ਦੀ ਲੋੜ ਪੈ ਜਾਵੇ। ਉਦਾਹਰਨ ਵਜੋਂ ਇਕ ਸ਼ਾਦੀ ਸ਼ੁਦਾ ਮਨੁੱਖ ਕਿਸੇ ਦੂਸਰੀ ਇਸਤ੍ਰੀ ਨੂੰ ਚਾਹੁੰਣ ਲਗ ਪਵੇ, ਫੇਰ ਉਸ ਦੀ ਇਸ ਗੱਲ ਤੋਂ ਸਦਾ ਡਰ ਬਣਿਆ ਰਹੇਗਾ ਉਹ ਸੋਚੇਗਾ ਜੇ ਮੇਰੀ ਪਤਨੀ ਨੂੰ ਪਤਾ ਲੱਗ ਗਿਆ ਫੇਰ ਜੇ ਮੈਂ ਆਪਣੀ ਪਤਨੀ ਨੂੰ ਛੱਡ ਕੇ ਇਹਦੇ ਨਾਲ ਵਿਆਹ ਕਰ ਲਵਾਂ ਫੇਰ? ਫੇਰ ਬੱਚਿਆਂ ਦਾ ਕੀ ਹੋਵੇਗਾ? ਜਿਸ ਤਰ੍ਹਾਂ ਜਿਸ ਤਰ੍ਹਾਂ ਗੱਲ ਵਧੇਗੀ ਦਵੰਦ ਵਧਦਾ ਜਾਵੇਗਾ। ਹੋ ਸਕਦਾ ਹੈ ਇਸ ਦਵੰਦ ਦੇ ਦਬਾਓ ਨਾਲ ਉਹ ਇਹ ਸਬੰਧ ਛੱਡ ਹੀ ਦੇਵੇ, ਉਹ ਮੁੜ ਕੇ ਜਾਣਾ ਹੀ ਨਾ ਚਾਹੇ। ਸਭ ਕੁਝ ਸੋਚ ਵਿਚਾਰ ਕੇ ਉਹ ਇਹ ਫੈਸਲਾ ਕਰ ਉਹ ਇਹ ਸਭ ਕੁਝ ਛੱਡ ਦੇਵੇਗਾ ਇਹ ਸਾਰੀ ਕ੍ਰਿਆ ਦੁਖਾਂਤ ਹੈ ਇਸ ਵਿਚੋਂ ਕੁਝ ਹੱਥ ਆਉਣ ਵਾਲਾ ਨਹੀਂ ਹੈ।

ਇਹ ਇਕ ਅਚੇਤ ਤਰੀਕਾ ਹੈ ਬਹੁਤ ਹੀ ਸਹਿਜ ਨਾਲ ਸਿੱਖਣ ਦੀ ਪ੍ਰਕ੍ਰਿਆ ਹੈ। ਇਸ ਤਰੀਕੇ ਨਾਲ ਸਾਨੂੰ ਨਤੀਜੇ ਦਾ ਉਸ ਸਮੇਂ ਹੀ ਪਤਾ ਲਗਦਾ ਹੈ ਜਦੋਂ ਦੁਖਾਂਤ ਵਰਤ ਚੁੱਕਾ ਹੁੰਦਾ ਹੈ। ਚੇਤਨ ਤਰੀਕਾ ਉਹ ਹੈ ਜਦੋਂ ਅਸੀਂ ਪਰਿਣਾਮ ਪਹਿਲੇ ਹੀ ਦੇਖ ਲੈਂਦੇ ਹਾਂ, ਜਾਣ ਲੈਂਦੇ ਹਾਂ, ਜੋ ਗਿਆਨ ਅਸੀਂ ਆਪਣੇ ਪਿਛਲੇ ਅਨੁਭਵ ਤੋਂ ਪ੍ਰਾਪਤ ਕੀਤਾ ਹੈ ਉਸ ਤੋਂ ਸਿੱਖ ਲੈਂਦੇ ਹਾਂ, ਜੋ ਕੁਝ ਅਸੀਂ ਆਪਣੇ ਜੀਵਨ ਵਿਚ ਆਪਣੇ ਆਲੇ ਦੁਆਲੇ ਦੇਖਦੇ ਹਾਂ ਜੇ ਅਸੀਂ ਉਪਰ ਵਾਲਾ ਉਦਾਹਰਣ ਹੀ ਮੁੜ ਕੇ ਦੇਖੀਏ ਤਾਂ ਇਹ ਇਸ ਤਰ੍ਹਾਂ ਹੋਵੇਗਾ, ਇਹ ਵਿਆਹੁਤਾ ਪੁਰਖ ਨੂੰ ਕੋਈ ਕੁੜੀ ਚੰਗੀ ਲਗਦੀ ਹੈ ਪਰ ਨਾਲ ਹੀ ਉਸ ਦੇ ਮਨ ਵਿਚ ਆ ਜਾਂਦਾ ਹੈ ਕੀ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਇੱਛਾ ਪੂਰਤੀ ਲਈ ਕੀ-ਕੀ ਹੋ ਸਕਦਾ ਹੈ। ਇਹ ਸਭ ਕੁਝ ਸੋਚ ਕੇ ਉਹ ਇਹ ਇੱਛਾ ਤਿਆਗ ਦਿੰਦਾ ਹੈ। ਵਾਸਤਵ ਵਿਚ ਇਹ ਹੀ ਤਿਆਗ ਹੈ, ਇਹ ਬਚ ਕੇ ਪਾਸੇ ਹੋਣਾ ਨਹੀਂ ਹੈ, ਇਹ ਬਿਲਕੁਲ ਫਰਕ ਹੈ। ਇਸ ਤਰ੍ਹਾਂ ਕਰਕੇ ਤੁਸੀਂ ਅਸ਼ਾਂਤ ਨਹੀਂ ਹੁੰਦੇ, ਤੁਸੀਂ ਔਖੇ ਹੋ ਕੇ ਅਸ਼ਾਂਤ ਹੋ ਕੇ ਸਬਕ ਨਹੀਂ ਸਿਖਦੇ। ਇਸ ਤੋਂ ਉਲਟ ਤੁਸੀਂ ਤਾਂ ਸਭ ਕੁਝ ਪਹਿਲੇ ਹੀ ਸੋਚ ਵਿਚਾਰ ਲਿਆ ਹੈ। ਇਹ ਇਸ ਤਰ੍ਹਾਂ ਹੀ ਜਿਵੇਂ ਤੁਹਾਨੂੰ ਨਾਟਕ ਵਿਚ ਪਾਰਟ ਦਿਤਾ ਗਿਆ ਹੈ ਤੁਹਾਨੂੰ ਉਹ ਲਿਖ ਕੇ ਦੇ ਦਿਤਾ ਪਰ ਪੜ੍ਹਨ ਤੋਂ ਬਾਅਦ ਤੁਸੀਂ ਦੇਖਦੇ ਹੋ ਇਹ ਪਾਰਟ ਤੁਹਾਡੇ ਲਈ ਨਹੀਂ ਹੈ, ਇਹ ਤੁਹਾਡੇ ਜੋਗਾ ਨਹੀਂ ਹੈ। ਜਿਵੇਂ-ਜਿਵੇਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ, ਅਸੀਂ ਚੇਤਨ ਹੋ ਕੇ ਇਹ ਫੈਸਲਾ ਕਰਨਾ ਸਿੱਖ ਲੈਂਦੇ ਹਾਂ ਕਿ ਅਸੀਂ ਕੋਈ ਹਿ ਜਿਹਾ ਡਰਾਮਾ ਨਹੀਂ ਕਰਨਾ ਜਿਸ ਦਾ ਪ੍ਰਣਾਮ ਦੁਖਾਂਤ ਹੋਵੇ, ਅਸ਼ਾਂਤ ਕਰਨ ਵਾਲਾ ਹੋਵੇ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਬਹੁਤ ਥੋੜ੍ਹੇ ਇਸ ਤਰ੍ਹਾਂ ਦੇ ਲੋਕ ਹੁੰਦੇ ਹਨ ਜਿਹੜੇ ਇਸ ਤਰ੍ਹਾਂ ਨਾਲ ਹਰ ਵਕਤ ਕਰਦੇ ਹਨ, ਕਰ ਸਕਦੇ ਹਨ। ਸਾਡੇ ਬਹੁਤ ਸਾਰਿਆਂ ਲਈ ਤਾਂ ਸਿੱਖਣ ਦਾ ਤਰੀਕਾ ਇਨ੍ਹਾਂ ਦੋਨੋਂ ਤਰੀਕਿਆਂ ਦਾ ਮਿਸ਼ਰਨ ਹੀ ਹੁੰਦਾ ਹੈ।

ਬਹੁਤ ਵਾਰੀ ਅਸੀਂ ਨਖੇਦੀ ਵਾਲੇ ਨਤੀਜਿਆਂ ਤੋਂ ਨਹੀਂ ਸਿਖਦੇ। ਅਸੀਂ ਕੇਵਲ ਦੁਖ ਸੰਤਾਪ ਦੇਖਦੇ ਹਾਂ ਉਸ ਦੇ ਪ੍ਰਣਾਮ ਤੋਂ ਸਿੱਖਦੇ ਨਹੀਂ। ਜਿਹੜਾ ਬੰਦਾ ਕੋਈ ਗਲਤ ਕੰਮ ਕਰਨ ਲਗਦਾ ਹੈ ਉਸ ਦੇ ਅੰਦਰ ਦਵੰਦ ਕਿੰਨਾ ਹੈ ਉਸ ਦੀ ਵਿਪਰੀਤ ਇਛਾਵਾਂ ਕਿੰਨੀਆਂ ਹਨ, ਉਹ ਭਾਵੇਂ ਕੋਈ ਨਿਰਣਾ ਹੀ ਨਾ ਲੈ ਸਕ ਰਿਹਾ ਹੋਵੇ, ਅਸ਼ਾਂਤ ਹੋਵੇ, ਅੰਦਰੋਂ ਆਪਣੇ ਆਪ ਨੂੰ ਦੋਸ਼ੀ ਸਮਝਦਾ ਹੋਵੇ ਜੇ ਮੈਂ ਕੁਝ ਵੀ ਕਰਾਂਗਾ, ਹੋ ਸਕਦਾ ਹੈ ਦੂਸਰੇ ਹੋਰ ਦੁਖੀ ਹੋ ਜਾਣ ਮੈਂ ਹੋਰ ਵਧੇਰੇ ਸੰਤਾਪ ਵਿਚ ਪੈ ਜਾਵਾਂ। ਜਦੋਂ ਇਸ ਤਰ੍ਹਾਂ ਦੀ ਸਥਿਤੀ ਹੋਵੇ ਹੋ ਸਕਦਾ ਹੈ ਉਹ ਕਿਸੇ ਸਲਾਹਕਾਰ ਜਾਵੇ, ਕਿਸੇ ਚਕਿਸਤਕ ਕੋਲ ਜਾਵੇ ਕਿਸੇ ਅਧਿਆਤਮਕ ਗੁਰੂ ਕੋਲ ਜਾਵੇ ਉਨ੍ਹਾਂ ਦਾ ਵਿਚਾਰ ਦੇਖੇ। ਬਹੁਤ ਸਾਰੇ ਲੋਕ ਜਦੋਂ ਸਾਹ ਲੈਣ ਜਾਂਦੇ ਹਨ ਉਹ ਆਪਣੀ ਸਮਸਿਆ ਲਈ ਉਤਰ ਲੱਭਦੇ ਹਨ ਆਪਣੀ ਸਮੱਸਿਆ ਦਾ ਸਮਾਧਾਨ ਲੱਭਦੇ ਹਨ, ਦਿਸ਼ਾ ਢੂੰਡਦੇ ਹਨ। ਉਹ ਸੁਝਾਉ ਲੱਭ ਰਹੇ ਹੁੰਦੇ ਹਨ, ਕਿਵੇਂ ਲੋਕਾਂ ਨੂੰ ਬਦਲਿਆ ਜਾਵੇ ਜਾਂ ਕਿਵੇਂ ਬਦਲਿਆ ਜਾ ਸਕਦਾ ਹੈ, ਉਹ ਲੋਕ ਜਿਹੜੇ ਉਨ੍ਹਾਂ ਨੂੰ ਤੰਗ ਕਰ ਰਹੇ ਹਨ। ਮਿਸਾਲ ਵਜੋਂ ਜਿਵੇਂ ਇਕ ਪਿਤਾ ਪੁੱਛ ਰਿਹਾ ਹੈ, ਮੈਂ ਕੀ ਕਰਾਂ ਮੇਰਾ ਪੁੱਤਰ ਨਸ਼ੇ

ਦੀਆਂ ਦਵਾਈਆਂ ਖਾਂਦਾ ਹੈ? ਜਾਂ ਇਕ ਪਤਨੀ ਪੁੱਛ ਰਹੀ ਹੋਵੇ ਮੈਂ ਆਪਣੇ ਪਤੀ ਨੂੰ ਕਿਸ ਤਰ੍ਹਾਂ ਸਮਝਾਵਾਂ ਕਿ ਮੇਰੇ ਨਾਲ ਪਿਆਰ ਦਾ ਵਿਵਹਾਰ ਕਰਨ।

ਬਹੁਤ ਵਾਰੀ ਚਕਿਤਸਕ ਤੁਹਾਨੂੰ ਇਹ ਨਹੀਂ ਦੱਸਣਗੇ ਕਿ ਤੁਸੀਂ ਆਪਣੇ ਪੁੱਤਰ ਨਾਲ ਕਿਸ ਤਰ੍ਹਾਂ ਵਿਵਹਾਰ ਕਰੋ, ਤੁਸੀਂ ਆਪਣੀ ਪਤਨੀ ਨਾਲ, ਪਤੀ ਨਾਲ ਕਿਸ ਤਰ੍ਹਾਂ ਦਾ ਸਲੂਕ ਕਰੋ। ਕਿਸੇ ਕੋਲ ਵੀ ਤੁਹਾਡੇ ਪ੍ਰਸ਼ਨਾਂ ਦਾ ਬਣਿਆ ਬਣਾਇਆ ਉਤਰ ਨਹੀਂ ਹੋਵੇਗਾ, ਕੋਈ ਜਾਦੂ ਦੀ ਛੜੀ ਕਿਸੇ ਕੋਲ ਨਹੀਂ, ਇਕ ਮਿੰਟ ਲਈ ਮੰਨ ਲਵੋ ਜੇ ਉਸ ਕੋਲ ਕੋਈ ਜਾਦੂਈ ਉਤਰ ਹੋਵੇ ਵੀ ਉਹ ਤੁਹਾਨੂੰ ਕੁਝ ਕਰਨ ਲਈ ਦੱਸ ਵੀ ਦੇਵੇ ਤੁਸੀਂ ਕਰੋਗੇ ਹੀ ਨਹੀਂ। ਇਕ ਚਕਿਤਸਕ ਦਾ ਕੰਮ ਹੈ ਤੁਹਾਡੀ ਅਸ਼ਾਂਤੀ, ਤੁਹਾਡੀ ਤਾਂਘ, ਤੁਹਾਡੇ ਭੈ, ਤੁਹਾਡੀਆਂ ਆਸਾਂ ਉਮੀਦਾਂ ਨੂੰ ਦੇਖੇ ਤੁਹਾਡੀਆਂ ਚਿੰਤਾਵਾਂ ਨੂੰ ਦੇਖੇ ਉਨ੍ਹਾਂ ਪ੍ਰਤੀ ਤੁਹਾਨੂੰ ਜਾਣੂ ਕਰਾ ਕੇ ਦੱਸੇ ਕੀ ਸੰਭਵ ਹੈ ਕੀ ਨਹੀਂ, ਤੁਸੀਂ ਕੀ ਪ੍ਰਾਪਤ ਕਰ ਸਕਦੇ ਹੋ ਕਿ ਨਹੀਂ। ਜਦੋਂ ਚਕਿਤਸਕ ਤੁਹਾਨੂੰ ਦੇਖ ਰਿਹਾ ਹੁੰਦਾ ਹੈ ਤੁਹਾਨੂੰ ਸੁਝਾਅ ਦੇ ਰਿਹਾ ਹੁੰਦਾ ਹੈ, ਉਹ ਬਿਲਕੁਲ ਨਿਰਪਕਸ਼ ਹੋ ਕੇ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਨੂੰ ਦੇਖਦਾ ਹੈ ਉਨ੍ਹਾਂ ਦਾ ਨਰੀਖਣ ਕਰਦਾ ਹੈ, ਉਹ ਆਪਣੇ ਆਪ ਨੂੰ ਸਾਰੇ ਨਾਟਕ ਤੋਂ ਦੂਰ ਹੀ ਰਖਦਾ ਹੈ, ਉਹ ਨੇੜੇ ਆ ਕੇ ਤੁਹਾਡੇ ਨਾਲ ਜੁੜਨਾ ਨਹੀਂ ਚਾਹੇਗਾ। ਇਸ ਤਰ੍ਹਾਂ ਕਰਨ ਨਾਲ ਮਰੀਜ਼ ਬਹੁਤ ਸਾਰੇ ਵੱਖ-ਵੱਖ ਰੋਲ ਦੇਖ ਸਕਦਾ ਹੈ, ਉਹ ਪਾਰਟ ਜਿਹੜੇ ਉਹ ਵੱਖ-ਵੱਖ ਸਥਿਤੀ ਵਿਚ ਕਰ ਸਕਦਾ ਹੈ, ਕਰ ਸਕਦਾ ਸੀ ਮਰੀਜ਼ ਇਹ ਜਾਣ ਜਾਂਦਾ ਹੈ ਕਿ ਇਕ ਦਮ ਕਰੜੇ ਹੋ ਕੇ ਦ੍ਰਿੜ੍ਹ ਹੋ ਕੇ ਹਰ ਸਥਿਤੀ ਵਿਚ ਨਹੀਂ ਚਲਿਆ ਜਾ ਸਕਦਾ। ਤਕਰੀਬਨ ਸਾਰੇ ਹੀ ਚਕਿਤਸਕ ਆਪਣੇ ਕੋਲ ਆਉਣ ਵਾਲਿਆਂ ਨੂੰ ਇਸੇ ਦਿਸ਼ਾ ਵਿਚ ਚਲਣ ਲਈ ਦਸਦੇ ਹਨ, ਉਨ੍ਹਾਂ ਦੀ ਸਿਧਾਂਤਕ ਜਾਣਕਾਰੀ ਕੁਝ ਵੀ ਹੋਵੇ। ਕੋਈ ਚਕਿਤਸਕ ਆਪਣੇ ਮਰੀਜ਼ ਨੂੰ ਨਵੀ ਸਵੈ ਉਤਮਤਾ, ਸਵੈ ਸਤਿਕਾਰ ਦੇ ਦੇਵੇ, ਦੂਸਰੀ ਤਰ੍ਹਾਂ ਦੀ ਚਕਿਤਸਾ ਆਪਣੇ ਪਾਤਰ ਨੂੰ ਇਸ ਤਰ੍ਹਾਂ ਬਣਾ ਦਿੰਦਾ ਹੈ ਕਿ ਉਹ ਕੋਈ ਵੀ ਕਿਤੇ ਵੀ ਜ਼ਿੰਮੇਵਾਰੀ ਸੰਭਾਲ ਸਕੇ ਲੈ ਸਕੇ, ਹੋਰ ਤਰ੍ਹਾਂ ਦੀ ਚਕਿਤਸਾ ਇਸ ਯੋਗ ਬਣਾ ਦਿੰਦੀ ਹੈ ਪਾਤਰ ਆਪਣੇ ਦਵੰਦ ਦਾ ਵਿਸ਼ਲੇਸ਼ਨ ਕਰ ਸਕੇ, ਆਪਣੇ ਅੰਦਰ ਦੇ ਵਿਰੋਧ ਖਤਮ ਕਰ ਸਕੇ ਭਾਵੇਂ ਕੋਈ ਵੀ ਚਕਿਸਤਸਕ ਹੋਵੇ ਉਹ ਕੋਈ ਵੀ ਤਰੀਕਾ ਵਰਤੇ ਉਸ ਦਾ ਉਦੇਸ਼ ਇਕ ਹੀ ਹੋਵੇਗਾ। ਆਪਣੀਆਂ ਪੁਰਾਣੀਆਂ ਆਦਤਾਂ, ਨਕਾਰਾਤਮਕ ਵਿਚਾਰ ਛੱਡ ਕੇ ਆਪਣੇ ਆਪ ਨੂੰ ਨਵੀਆਂ ਕਦਰਾਂ ਕੀਮਤਾਂ ਦੇਣੀਆਂ, ਆਪਣੇ ਆਪ ਨੂੰ ਨਵੀਂ ਪਰਿਭਾਸ਼ਾ ਦੇਣੀ। ਨਤੀਜੇ ਵਜੋਂ ਜੇ ਕੋਈ ਬੀਬੀ ਦੇਰ ਤੋਂ ਇਲਾਜ ਕਰਾਉਣ ਆ ਰਹੀ ਹੈ ਉਹ ਹੁਣ ਸੋਚੇਗੀ, ਪਿਛੇ ਮੈਂ ਸਦਾ ਈਰਖਾ ਰਖਦੀ ਸੀ, ਜਦੋਂ ਵੀ ਮੇਰੇ ਪਤੀ ਆਪਣੀ ਸੈਕਟਰੀ ਦੀ ਗੱਲ ਕਰਦੇ ਸੀ ਮੈਨੂੰ ਈਰਖਾ ਹੁੰਦੀ ਸੀ ਮੈਂ ਇਹ ਈਰਖਾ ਦੀ ਭਰੀ ਪਤਨੀ ਸੀ ਪਰ ਹੁਣ ਮੈਂ ਇਸ ਤਰ੍ਹਾਂ ਨਹੀਂ ਕਰਾਂਗੀ, ਇਸ ਤਰ੍ਹਾਂ ਸਾਡੇ ਪਤੀ, ਪਤਨੀ ਦੇ ਸਬੰਧ ਠੀਕ ਨਹੀਂ ਰਹਿ ਸਕਦੇ। ਹੁਣ ਮੈਂ ਦੂਸਰੀ ਤਰ੍ਹਾਂ ਦਾ ਵਿਵਹਾਰ ਕਰਾਂਗੀ। ਉਹ ਹੁਣ ਪਿਛੇ ਖੜ੍ਹਾ ਹੋਣਾ ਸਿੱਖ ਜਾਂਦੀ ਹੈ, ਡਰਾਮਾ ਦੇਖਣ ਵਾਲੀ ਬਣ ਜੰਦੀ ਹੈ, ਹੁਣ ਉਹ ਆਪਣੇ ਡਰਾਮੇ ਦੀ ਭੂਮਿਕਾ ਆਪ ਲਿਖ ਰਹੀ ਹੈ, ਸਥਿਤੀ ਨੂੰ ਕੰਟਰੋਲ ਕਰ ਰਹੀ ਹੈ, ਆਪ ਹਾਲਾਤਾਂ ਹੱਥੋਂ ਕੰਟਰੋਲ ਨਹੀਂ ਹੋ ਰਹੀ, ਜੀਵਨ ਬਦਲ ਗਿਆ ਹੈ, ਹਾਲਾਤ ਬਦਲਣ ਲਗ ਪਏ ਹਨ।

ਜੀਵਨ ਦੇ ਉਹ ਪਾਰਟ ਜਿਨ੍ਹਾਂ ਵਿਚੋਂ ਕੋਈ ਚੰਗਾ ਫਲ ਨਹੀਂ ਮਿਲਦਾ ਨਹੀਂ ਨਿਕਲਦਾ, ਉਨ੍ਹਾਂ ਨੂੰ ਛੱਡਣ ਦੀ ਪ੍ਰਕ੍ਰਿਆ ਕੋਈ ਇਕੋ ਵਾਰੀ ਵਿਚ ਨਹੀਂ ਹੋ ਸਕਦੀ, ਜਦੋਂ ਤੱਕ ਵਿਕਾਸ ਦੀ ਪ੍ਰਕ੍ਰਿਆ ਚਲਦੀ ਰਹੇਗੀ, ਗੱਲਾਂ ਦੁਬਾਰਾ-ਦੁਬਾਰਾ ਹੋਣਗੀਆਂ, ਵਿਕਾਸ ਤੋਂ ਭਾਵ ਹੈ ਆਪਣੇ ਆਪ ਨੂੰ ਬਦਲਦੇ ਰਹਿਣਾ ਆਪਣੀ ਪਰਿਭਾਸ਼ਾ ਨੂੰ ਬਦਲਦੇ ਰਹਿਣਾ। ਹਰ ਵਾਰੀ ਜਦੋਂ ਅਸੀਂ ਮਨੋਵਿਗਿਆਨਕ ਪੱਖੋਂ ਵਾਧਾ ਕਰਦੇ ਹਾਂ। ਆਪਣੇ ਆਪ ਨੂੰ ਦੂਰ ਕਰਦੇ ਹਾਂ ਸਥਿਤੀ ਤੋਂ ਹਾਲਾਤਾਂ ਤੋਂ ਨਾਲ ਹੀ ਨਵੀਂ ਪਛਾਣ ਬਣਦੀ ਹੈ, ਵਧੇਰੇ ਸੰਪੂਰਣ ਪਛਾਣ। ਜਦੋਂ ਨਵੀਆਂ ਸਮੱਸਿਆਵਾਂ ਆਉਂਦੀਆਂ ਹਨ ਨਵੇਂ ਦਵੰਦ ਪੈਦਾ ਹੁੰਦੇ ਹਨ, ਹੋ ਸਕਦਾ ਹੈ ਅਸੀਂ ਆਪਣੇ ਆਪ ਨੂੰ ਫੇਰ ਓਨੀਂ ਚੰਗੀ ਤਰ੍ਹਾਂ ਨਾਲ ਨਾ ਸੰਭਾਲ ਸਕੀਏ, ਨਵੀਆਂ ਸਿੱਖੀਆਂ ਗੱਲਾਂ ਦੀ, ਕਦਰਾਂ ਕੀਮਤਾਂ ਦੀ ਵਰਤੋਂ ਨਾ ਕਰ ਸਕੀਏ, ਹੋ ਸਕਦਾ ਹੈ ਸਾਨੂੰ ਫੇਰ ਆਪਣੇ ਗੁਰੂ ਕੋਲ ਆਪਣੇ ਡਾਕਟਰ ਕੋਲ ਜਾਣਾ ਪਵੇ, ਫੇਰ ਪੁਛਣਾ ਪਵੇ ਕਿ ਹੁਣ ਅਸੀਂ ਏਸ ਨਵੇਂ ਨਾਟਕ ਤੋਂ ਕਿਵੇਂ ਛੁਟਕਾਰਾ ਪਾਈਏ।

ਜਦੋਂ ਵੀ ਅਸੀਂ ਇਕ ਸਥਿਤੀ ਤੋਂ ਆਪਣੇ ਆਪ ਨੂੰ ਦੂਰ ਕਰਦੇ ਹਾਂ, ਨਾਟਕ ਦੇ ਇਕ ਸੀਨ ਤੋਂ ਦੂਰ ਕਰਦੇ ਹਾਂ, ਸਾਡਾ ਸੁਭਾਅ ਹੈ ਕਿ ਅਸੀਂ ਬਹੁਤ ਦੇਰ ਤੱਕ ਦੂਰ ਨਹੀਂ ਰਹਿ ਸਕਦੇ, ਆਪਣੇ ਆਪ ਨੂੰ ਬੰਧਨ ਮੁਕਤ ਨਹੀਂ ਰੱਖ ਸਕਦੇ ਭਾਵੇਂ ਅਸੀਂ ਕਿੰਨੇ ਹੀ ਪਾਰਟ ਕਿਉਂ ਨਾ ਕਰ ਲਏ ਹੋਣ,ਿ ਕੰਨੇ ਰੋਲ ਕਿਉਂ ਨਾ ਕਰ ਲਏ ਹੋਣ, ਅਸੀਂ ਮੁੜ-ਮੁੜ ਕੇ ਫੇਰ ਆਪਣੇ ਆਪ ਨੂੰ ਬੰਧਨ ਵਿਚ ਜਕੜ ਲੈਂਦੇ ਹਾਂ, ਹੁੰਦਾ ਇਹ ਹੈ ਜਿਹੜਾ ਨਵਾਂ ਰੋਲ ਅਸੀਂ ਲੈਂਦੇ ਹਾਂ, ਆਪਣੇ ਲਈ ਚੁਣਦੇ ਹਾਂ, ਹੋ ਸਕਦਾ ਹੈ ਉਹ ਵਧੇਰੇ ਕੋਮਲ ਹੋਵੇ, ਸਰਲ ਹੋਵੇ, ਵਧੇਰੇ ਸੰਪੂਰਣ ਹੋਵੇ, ਜਿਹੜੇ ਕਿ ਸ਼ਾਇਦ ਪਹਿਲੇ ਪਾਰਟ ਨਹੀਂ ਸਨ ਪਰ ਜਦੋਂ ਇਸ ਨਵੀਂ ਸਥਿਤੀ ਨਾਲ ਜੁੜ ਜਾਂਦੇ ਹਾਂ, ਉਦੋਂ ਅਸੀਂ ਇਕ ਵਾਰੀ ਫੇਰ ਖੜ੍ਹੇ ਹੋ ਜਾਂਦੇ ਹਾਂ, ਸਾਡੇ ਵਿਕਾਸ ਨੂੰ ਪੂਰਨਵਿਰਾਮ ਲਗ ਜਾਂਦਾ ਹੈ। ਅਸੀਂ ਮੁੜ ਕੇ ਫੇਰ ਕੀਮਤਾਂ, ਕਦਰਾਂ, ਗੋਲ, ਸਫਲਤਾ, ਨਿਰਾਸਤਾ ਇਨ੍ਹਾਂ ਸਭ ਵਿਚ ਫਸ ਜਾਂਦੇ ਹਾਂ। ਹਾਂ ਇਹ ਗੱਲ ਵੱਖਰੀ ਹੈ ਇਸ ਸਭ ਕੁਛ ਦੀ ਪਛਾਣ ਇਕ ਨਵੀਂ ਹੁੰਦੀ ਹੈ।

ਹਰ ਵਾਰੀ ਜਦੋਂ ਅਸੀਂ ਆਪਣਾ ਦ੍ਰਿਸ਼ਟੀਕੋਣ ਛੱਡਦੇ ਹਾਂ,

ਸਾਨੂੰ ਦੁਖ ਹੁੰਦਾ ਹੈ, ਮਨ ਨੂੰ ਕਲੇਸ਼ ਹੁੰਦਾ ਹੈ, ਨਿਰਾਸਤਾ ਹੈ ਤੇ ਹੋਰ ਕਿੰਨੀਆਂ ਹੀ ਨਖੇਦੀ ਦੀਆਂ ਭਾਵਨਾ ਘੇਰਾ ਪਾ ਲੈਂਦੀਆਂ ਹਨ। ਇਸ ਨਿਰਾਸਤਾ ਦੀ ਸਥਿਤੀ ਵਿਚੋਂ ਜਦੋਂ ਅਸੀਂ ਲੰਘ ਰਹੇ ਹੁੰਦੇ ਹਾਂ, ਸਾਨੂੰ ਆਪਣੇ ਅੰਦਰ ਇਕ ਝਰਨਾਹਟ ਲਗਦੀ ਹੈ, ਮਹਿਸੂਸ ਹੁੰਦੀ ਹੈ, ਅਸੀਂ ਜਿਵੇਂ ਐਨੇ ਦੁਖੀ ਹੋਈਏ ਕਿ ਸਾਨੂੰ ਸਮਝ ਹੀ ਨਾ ਆ ਰਿਹਾ ਹੋਵੇ ਅਸੀਂ ਕੀ ਕਰੀਏ ਇਸ ਸਥਿਤੀ ਨਾਲ ਕਿਵੇਂ ਸਿਝੀਏ। ਬੱਸ ਏਸੇ ਘਬਰਾਹਟ ਵਿਚ ਅਸੀਂ ਨਵੇਂ ਰਿਸ਼ਤੇ, ਨਵੇਂ ਸਬੰਧ ਜੋੜ ਬੈਠਦੇ ਹਾਂ। ਇਹ ਹੀ ਐਸਾ ਸਮਾਂ ਹੁੰਦਾ ਹੈ ਜਦੋਂ ਅਸੀਂ ਚਕਿਤਸਕ ਨੂੰ ਲੱਭਦੇ ਹਾਂ – ਅਧਿਆਤਮਕ ਗੁਰੂ ਨੂੰ ਲੱਭਦੇ ਹਾਂ। ਏਸ ਪੱਖੋਂ ਦੇਖੀਏ ਤਾਂ ਸਭ ਤੋਂ ਔਖਾ ਸਮਾਂ ਬਹੁਤ ਵਾਰੀ ਸਾਡੇ ਲਈ ਇਕ ਪੱਖੋਂ ਲਾਭਕਾਰੀ ਵੀ ਸਿੱਧ ਹੋ ਸਕਦਾ ਹੈ ਜੇ ਸਾਨੂੰ ਸੰਪੂਰਣ ਗੁਰੂ ਮਿਲ ਜਾਵੇ।

ਸਾਡੇ ਵਿਕਾਸ ਦਾ ਤਰੀਕਾ ਪ੍ਰਤੀਕ੍ਰਿਆ ਮਨੋਵਿਗਿਆਨ ਪੱਖੋਂ, ਅਧਿਆਤਮਕ ਪੱਖੋਂ ਇਕ ਹੀ ਹੁੰਦਾ ਹੈ ਉਹ ਹੈ ਆਪਣੇ ਆਪ ਨੂੰ ਆਪਣੀਆਂ ਭੀੜੀਆਂ ਪਰਿਭਾਸ਼ਾਵਾਂ ਤੋਂ ਦੂਰ ਕਰ ਲੈਣਾ, ਪਰ੍ਹੇ ਕਰ ਲੈਣਾ, ਚਕਿਤਸਾ ਦਾ ਭਾਵੇਂ ਕੋਈ ਵੀ ਤਰੀਕਾ ਕਿਉਂ ਨਾ ਹੋਵੇ, ਕਿਸੇ ਵੀ ਮਜ਼ਹਬ ਦਾ ਕੋਈ ਤਰੀਕਾ ਹੋਵੇ, ਹਰ ਇਕ ਦਾ ਮੂਲ ਸਿਧਾਂਤ ਇਹ ਹੀ ਹੋਵੇਗਾ। ਆਪਣੇ ਆਪ ਨੂੰ ਵਿਸ਼ਾਲ ਕਰੋ, ਛੋਟੀਆਂ ਤੰਗ ਪਰਿਭਾਸ਼ਾ ਤੋਂ ਉਪਰ ਉਠੋ। ਜਿਹੜੇ ਮੈਡੀਟੇਸ਼ਨ ਲਈ ਆਉਂਦੇ ਹਨ, ਉਹ ਵੀ ਆਪਣੇ ਅਧਿਆਪਕ ਤੋਂ ਕਿਸੇ ਛੋਟੇ ਰਾਹ ਦੀ ਭਾਲ ਵਿਚ ਹੁੰਦੇ ਹਨ, ਕੋਈ ਟੀਚਰ, ਕੋਈ ਗੁਰੂ, ਕੋਈ ਵੀ ਕੁਛ ਐਸਾ ਦੱਸ ਦੇਵੇ ਕਿ ਸਭ ਕੁਛ ਠੀਕ ਹੋ ਜਾਏ, ਉਹ ਸੋਚ ਰਹੇ ਹੁੰਦੇ ਹਨ ਕਿ ਉਨ੍ਹਾਂ ਨੂੰ ਤਕਨੀਕ ਮਿਲ ਜਾਏ, ਕੋਈ ਮੰਤਰ ਮਿਲ ਜਾਏ ਤਾਂ ਜੋ ਸਭ ਕੁਝ ਠੀਕ ਹੋ ਜਾਏ। ਕਈ ਲੋਕ ਤਾਂ ਮੈਡੀਟੇਸ਼ਨ ਇਸ ਕਰਕੇ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਕੋਈ ਸੌਖਾ ਤਰੀਕਾ ਮਿਲ ਜਾਏ ਕੋਈ ਐਸਾ ਹੋ ਜਾਏ ਜਿਸ ਨਾਲ ਉਹ ਉਸ ਤਰ੍ਹਾਂ ਹੀ ਰਹਿਣ ਜਿਸ ਤਰ੍ਹਾਂ ਉਹ ਚਾਹੁੰਦੇ ਹਨ, ਸੁਖੀ ਰਹਿਣ ਖੁਸ਼ ਰਹਿਣ। ਪਰ ਹੁੰਦਾ ਇਹ ਹੈ ਕਿ ਤਕਨੀਕਾਂ ਤਾਂ ਸਾਰੀਆਂ ਅਧੂਰੀਆਂ ਹੀ ਹੁੰਦੀਆਂ ਹਨ। ਅੰਤ ਵਿਚ ਸਾਨੂੰ ਇਹ ਹੀ ਸਮਝ ਆਉਂਦੀ ਹੈ ਕਿ ਅਸੀਂ ਆਪਣੇ ਆਪ ਨੂੰ ਹੀ ਹੌਲੀ-ਹੌਲੀ ਸੋਧੀਏ, ਆਪਣੀ ਸਮਝ ਠੀਕ ਕਰੀਏ, ਸੰਸਾਰ ਲਈ ਆਪਣੀ ਸਮਝ ਠੀਕ ਕਰੀਏ। ਹੌਲੀ-ਹੌਲੀ ਅਸੀਂ ਨਵੇਂ ਤਰੀਕੇ ਅਨੁਸਾਰ ਅਨੁਭਵ ਲੈਣੇ ਸ਼ੁਰੂ ਕਰੀਏ ਤਾਂ ਜੋ ਅਸੀਂ ਆਪਣੀ ਚੇਤਨਾ ਦਾ ਵਿਸਤਾਰ ਕਰ ਸਕੀਏ। ਆਪਣੀ ਅਸ਼ਾਂਤੀ ਆਪਣਾ ਦੁੱਖ ਪਿਛੇ ਛੱਡ ਸਕੀਏ।

ਪੱਛਮੀ ਮਨੋਵਿਗਿਆਨਕ, ਪੂਰਬ ਦੇ ਮੈਡੀਟੇਸ਼ਨ ਸਿਖਾਉਣ ਵਾਲੇ ਦੋਨੋਂ ਇਕ ਗੱਲ ਤੇ ਜ਼ੋਰ ਪਾਉਂਦੇ ਹਨ ਸਾਨੂੰ ਦੱਸਦੇ ਹਨ ਉਹ ਹੈ ਅਸੀਂ ਆਪਣੀ ਗਲਤ ਪਛਾਣ ਨੂੰ ਛੱਡੀਏ। ਆਪਣੇ ਆਪ ਨੂੰ ਪਛਾਣੀਏ, ਏਸ ਗੱਲ ਤੇ ਸਾਰਿਆਂ ਦੀ ਸਹਿਮਤੀ ਹੈ, ਅਸੀਂ ਆਪਣੀ ਪਛਾਣ ਠੀਕ ਰਹੀਏ। ਫਰਕ ਸਿਰਫ ਐਨਾ ਹੈ ਕਿ ਉਹ ਇਸ ਸਿਖਿਆ ਵਿਚ ਸਾਨੂੰ ਕਿਸ ਡਿਗਰੀ ਤੱਕ ਕਿਸ ਸੀਮਾ ਤੱਕ ਪਹੁੰਚਾ ਸਕਦੇ ਹਨ। ਚਕਿਤਸਕ ਏਨੀ ਗੱਲ ਵਿਚ ਹੀ ਤਸੱਲੀ ਕਰ ਲੈਂਦੇ ਹਨ ਜੇ ਅਸੀਂ ਆਪਣੇ ਆਪ ਨੂੰ ਦੁਖੀ ਕਰਨ ਵਾਲੀਆਂ ਘਟਨਾਵਾਂ ਤੋਂ ਅਸ਼ਾਂਤ ਕਰਨ ਵਾਲੀਆਂ ਘਟਨਾਵਾਂ ਤੋਂ ਦੂਰ ਹੋ ਸਕੀਏ, ਆਪਣੇ ਆਪ ਨੂੰ ਪਾਸੇ ਕਰ ਸਕੀਏ, ਦਵੰਦਾਂ ਤੋਂ ਦੂਰ ਹੋ ਸਕੀਏ।

ਅਧਿਆਤਮਕ ਗੁਰੂ ਸਾਨੂੰ ਸੰਸਾਰਕ ਖੇਡ ਦਿਖਾ ਕੇ ਸਾਨੂੰ ਮਾਇਆ ਜਾਲ ਲਈ ਚੇਤਨ ਕਰਦੇ ਹਨ, ਇਹ ਸਭ ਮਾਇਆ ਜਾਲ ਹੈ ਇਸ ਵਿਚ ਕੁਝ ਵੀ ਸਤਿ ਨਹੀਂ। ਗੁਰੂ ਸਾਨੂੰ ਇਸ ਤੋਂ ਪਰ੍ਹੇ ਲੈ ਜਾਂਦਾ ਹੈ, ਉਹ ਦੱਸ ਦਿੰਦਾ ਹੈ ਜੋ ਇਸ ਮਾਇਆ ਜਾਲ ਦੇ ਪਿੱਛੇ ਹੈ, ਇਸ ਮਾਇਆ ਜਾਲ ਦੇ ਪਿੱਛੇ ਕੀ ਹੈ? ਕੀ ਹੈ ਕੌਣ ਹੈ। ਸਾਰੇ ਸੰਸਾਰ ਦਾ ਰਖਸ਼ਕ? ਜੇ ਤੁਸੀਂ ਗੁਰੂ ਨਾਲ ਕੁਝ ਸਮਾਂ ਬਿਤਾਉਂਦੇ ਹੋ ਤੁਸੀਂ ਦੇਖੋਗੇ ਉਹ ਕਿੰਨੇ ਅਨੰਦ ਵਿਚ ਰਹਿੰਦੇ ਹਨ, ਹਸਦੇ ਖੇਡਦੇ ਹਨ, ਬਹੁਤ ਹੀ ਕੋਮਲ, ਨਮਰ, ਸਰਲ ਹੁੰਦੇ ਹਨ, ਮਨੋਵਿਰਤੀ ਬਹੁਤ ਹੀ ਮੌਜੀ ਤੇ ਹਸਮੁੱਖ ਹੁੰਦੀ ਹੈ। ਗੁਰੂ ਰੂਪ ਮਹਾਂਪੁਰਖ ਬਹੁਤ ਸਾਰੇ ਰੋਲ ਕਰ ਲੈਂਦੇ ਹਨ, ਕਰ ਸਕਦੇ ਹਨ। ਤੁਸੀਂ ਬਹੁਤ ਵਾਰੀ ਹੈਰਾਨ ਹੋਵੋਗੇ, ਉਹ ਕਿਵੇਂ ਛੇਤੀ-ਛੇਤੀ ਆਪਣਾ ਰੂਪ ਬਦਲ ਲੈਂਦੇ ਹਨ, ਉਹ ਲੋੜ ਪੈਣ ਤੇ ਕਿੰਨੇ ਹੀ ਕਿਰਦਾਰ ਨਿਭਾ ਲੈਂਦਾ ਹਨ, ਆਪਣੇ ਚੇਲਿਆਂ ਨਾਲ ਉਹ ਉਨ੍ਹਾਂ ਵਰਗੇ ਹੋ ਜਾਂਦੇ ਹਨ, ਜੋ ਉਹ ਦੇਖਣਾ ਚਾਹੁੰਦੇ ਹਨ ਗੁਰੂ ਉਨ੍ਹਾਂ ਨੂੰ ਉਹ ਹੀ ਦਿਖਾ ਦਿੰਦਾ ਹੈ।

ਬਹੁਤ ਸਾਰੇ ਚਕਿਤਸਕ ਆਪਣਾ ਕੰਮ ਕੇਵਲ ਨਿਸ਼ਚਿਤ ਸਮੇਂ ਤੇ ਆਪਣੇ ਦਫਤਰ ਹੀ ਕਰਦੇ ਹਨ। ਚਕਿਤਸਾ ਤਾਂ ਸਾਧਾਰਣ ਕਰਕੇ ਉਹ ਹੁੰਦੀ ਹੈ ਉਸ ਬਾਰੇ ਹੁੰਦੀ ਹੈ ਜੋ ਹੋ ਚੁੱਕਾ ਹੈ, ਉਸ ਬਾਰੇ ਮਰੀਜ਼ ਬੋਲਦਾ ਹੈ, ਦਸਦਾ ਹੈ, ਬਹੁਤ ਸਾਰੇ ਚਕਿਤਸਕ ਜਿਹੜੇ psychodrama ਤਕਨੀਕ ਦੀ ਵਰਤੋਂ ਕਰਦੇ ਹਨ। ਉਹ ਬਹੁਤ ਵਾਰੀ ਘਟਨਾਵਾਂ ਨੂੰ ਕਲਪਨਿਕ ਰੂਪ ਦੇ ਕੇ ਉਥੇ ਹੀ ਘਟਨਾ ਘੜ ਲੈਂਦੇ ਹਨ ਤਾਂ ਜੋ ਮਰੀਜ਼ ਉਸ ਨੂੰ ਦੇਖ ਕੇ ਬੋਲ ਸਕੇ, ਆਪਣੇ ਦੁੱਖ ਸੰਤਾਪ ਬਾਹਰ ਕੱਢ ਸਕੇ, ਉਹ ਆਪਣੇ ਆਪ ਨੂੰ ਘਟਨਾ ਦਾ ਹਿੱਸਾ ਬਣਾ ਕੇ, ਆਪਣੇ ਅੰਤਰ ਨੂੰ ਖੋਲ੍ਹ ਕੇ ਰੱਖ ਸਕੇ ਫੇਰ ਚਕਿਤਸਕ ਉਸਨੂੰ ਬਦਲ ਸਕੇ। ਪਰ ਅਧਿਆਤਮਕ ਗੁਰੂ ਜੀਵਨ ਨੂੰ ਇਕ ਖੇਡ ਦੀ ਤਰ੍ਹਾਂ ਹੀ ਲੈਂਦਾ ਹੈ, ਉਹ ਆਪਣੇ ਸੇਵਕਾਂ ਨੂੰ ਯਥਾਰਥ ਜੀਵਨ ਦਿਖਾਉਂਦਾ ਹੈ, ਤਾਂ ਜੋ ਉਹ ਆਪਣੇ ਸੇਵਕਾਂ ਵਿਚ ਇਕ ਬਦਲਾਵ ਲਿਆ ਸਕੇ। ਗੁਰੂ ਜੋ ਦਸਦੇ ਹਨ ਦਿਖਾਉਂਦੇ ਹਨ ਉਹ ਸਤਿ ਹੁੰਦੇ ਹਨ ਉਨ੍ਹਾਂ ਦੇ ਆਪਣੇ ਜੀਵਨ ਦੇ ਹਿੱਸੇ ਹੁੰਦੇ ਹਨ ਉਹ ਸਭ ਕੁਝ ਉਨ੍ਹਾਂ ਨਾਲ ਘਟਿਆ ਹੁੰਦਾ ਹੈ ਇਸੇ ਲਈ ਉਹ ਬਹੁਤ ਪ੍ਰਭਾਵਿਕ ਹੁੰਦੇ ਹਨ।

## ਆਪਸ ਦੇ ਸਬੰਧ

ਐਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਆਪਣੇ ਆਪ ਨੂੰ ਦੂਰ ਕਰਨ ਦਾ ਆਪਣੇ ਆਪ ਨੂੰ ਇਕ ਪਾਸੇ ਕਰਨ ਦੀ ਕੀ ਧਾਰਨਾ ਹੈ, ਉਸ ਦਾ ਸਾਡੇ ਸਬੰਧਾਂ ਉਤੇ ਕੀ ਪ੍ਰਭਾਵ ਪੈਂਦਾ ਹੈ। ਕੋਈ ਵੀ ਇਹ ਸੋਚ ਸਕਦਾ ਹੈ ਜੇ ਅਸੀਂ ਜੀਵਨ ਨੂੰ ਗੰਭੀਰਤਾ ਨਾਲ ਨਹੀਂ ਜੀਉਂਦੇ, ਜੇ ਅਸੀਂ ਇਕ ਪਾਸੇ ਖੜ੍ਹੇ ਹੋ ਕੇ ਕੇਵਲ ਦੇਖਦੇ ਹੀ ਅਸੀਂ ਇਕ ਦਰਸ਼ਕ ਦੇ ਰੂਪ ਵਿਚ ਹੀ ਹਾਂ ਇਸ ਤਰ੍ਹਾਂ ਕਰਨ ਨਾਲ ਅਸੀਂ ਕਿਤੇ ਉਦਾਸੀਨ ਨਾ ਬਣ ਜਾਈਏ, ਹਉਮੈ ਕੇਂਦਰਤ, ਸਵੈ ਕੇਂਦਰਤ ਹੀ ਨਾ ਬਣ ਜਾਈਏ ਜਾਂ ਕਿਤੇ ਸਾਡਾ ਵਿਵਹਾਰ ਗੈਰ ਜ਼ਿੰਮੇਵਾਰ ਨਾ ਹੋ ਜਾਏ ਪਰ ਇਹ ਬਿਲਕੁਲ ਇਕ ਗਲਤ ਧਾਰਨਾ ਹੈ, ਕਿਉਂਕਿ ਆਪਣੇ ਆਪ ਨੂੰ ਪਿੱਛੇ ਹਟਾ ਲੈਣਾ, ਦੂਰ ਹੋ ਜਾਣਾ, ਇਹ ਸਾਨੂੰ ਆਪਣਾ ਕਿਰਦਾਰ ਸੁਚੱਜਤਾ ਨਾਲ ਨਿਭਾਉਣਾ ਦਸਦਾ ਹੈ, ਇਹ ਵੀ ਦੱਸਦਾ ਹੈ ਅਸੀਂ ਆਪਣਾ ਰੋਲ ਕਿਵੇਂ ਵੱਧ ਤੋਂ ਵੱਧ ਅਨੰਦਮਈ ਬਣਾ ਸਕਦੇ ਹਾਂ ਤੇ ਨਾਲ ਹੀ ਇਹ ਵੀ ਕਿ ਅਸੀਂ ਇਨ੍ਹਾਂ ਵਿਚ ਫਸਣਾ ਨਹੀਂ। ਅਸੀਂ ਤਾਂ ਦੇਖਣਾ ਹੈ, ਅਸੀਂ ਦੁਖਾਂ ਸੰਤਾਪਾਂ ਵਿਚ ਨਹੀਂ ਫਸਣਾ।

ਵਾਸਤਵ ਵਿਚ ਜਦੋਂ ਅਸੀਂ ਆਪਣੇ ਆਪ ਨੂੰ ਦੂਰ ਰੱਖਦੇ ਹਾਂ, ਕਿਸੇ ਵੀ ਗੱਲ ਜਾਂ ਕਿਸੇ ਵੀ ਰਿਸ਼ਤੇ ਵਿਚ ਫਸਦੇ ਨਹੀਂ, ਇਸ ਤਰ੍ਹਾਂ ਕਰਨ ਨਾਲ ਅਸੀਂ ਵਧੇਰੇ ਲੋਕਾਂ ਨਾਲ ਸਬੰਧ ਰਖ ਸਕਦੇ ਹਾਂ। ਆਮ ਤੌਰ ਤੇ ਹੁੰਦਾ ਇਹ ਹੈ ਕਿ ਅਸੀਂ ਜੀਵਨ ਲੀਲਾ ਵਿਚ ਇਸ ਤਰ੍ਹਾਂ ਨਾਲ ਉਲਝ ਜਾਂਦੇ ਹਾਂ, ਅਸੀਂ ਇਹ ਹੀ ਸੋਚਦੇ ਰਹਿੰਦੇ ਹਾਂ ਦੂਸਰੇ ਸਾਡੇ ਬਾਰੇ ਕੀ ਸੋਚਦੇ ਹਨ। ਅਸੀਂ ਸਾਰਾ ਜੀਵਨ ਇਸੇ ਵਿਚ ਲੱਗੇ ਰਹਿੰਦੇ ਹਾਂ, ਅਸੀਂ ਉਹ ਕੁਝ ਕਰੀਏ ਜੋ ਸਾਡਾ ਪਰਿਵਾਰ ਸਾਡੇ ਕੋਲੋਂ ਚਾਹੁੰਦਾ ਹੈ, ਸਾਡੇ ਮਿੱਤਰ ਸਾਡੇ ਕੋਲੋਂ ਆਸ ਰਖਦੇ ਹਨ, ਹੋਰ ਸਾਡੇ ਸਾਥੀ ਸਾਡੇ ਕੋਲੋਂ ਕੀ ਆਸ ਰੱਖਦੇ ਹਨ। ਇਹ ਸਾਰੀਆਂ ਉਮੀਦਾਂ ਇਕੱਠੀਆਂ ਹਨ ਇਕ ਆਚਰਣ ਬਣਾ ਦਿੰਦੇ ਹਨ, ਜਿਸ ਨਾਲ ਅਸੀਂ ਜੁੜ ਜਾਂਦੇ ਹਾਂ ਅਸੀਂ ਆਪ ਨੂੰ ਉਹ ਹੀ ਸਮਝਣ ਲਗ ਪੈਂਦੇ ਹਾਂ, ਇਹ ਆਚਰਣ ਕੁਝ ਵੀ ਹੋ ਸਕਦਾ ਹੈ। ਇਕ ਵਿਰੋਧੀ ਦਾ ਹੋ ਸਕਦਾ ਹੈ, ਇਕ ਸੰਤੋਖੀ ਦਾ ਹੋ ਸਕਦਾ ਹੈ ਇਕ ਸ਼ਿਸ਼ਟਾਚਾਰ ਦਾ ਹੋ ਸਕਦਾ ਹੈ, ਕੁਝ ਵੀ ਹੋਵੇ ਇਨ੍ਹਾਂ ਵਿਚੋਂ ਕੁਝ ਵੀ ਹੋਵੇ, ਅਸੀਂ ਮਰਜ਼ੀ ਅਨੁਸਾਰ ਅਨੁਕ੍ਰਿਆ ਨਹੀਂ ਕਰ ਸਕਦੇ। ਅਸੀਂ ਉਹ ਨਹੀਂ ਕਰ ਸਕਦੇ ਜੋ ਅਸੀਂ ਚਾਹੁੰਦੇ ਹਾਂ ਅਸੀਂ ਉਹ ਕਰਦੇ ਹਾਂ ਜੋ ਸਾਨੂੰ ਕਰਨਾ ਚਾਹੀਦਾ ਹੈ।

ਇਸ ਤਰ੍ਹਾਂ ਨਾਲ ਜੋ ਵੀ ਸਾਡਾ ਪਾਰਟ ਹੁੰਦਾ ਹੈ ਸਾਡਾ ਰੋਲ ਹੁੰਦਾ ਹੈ ਉਹ ਹੀ ਸਾਡੇ ਲਈ ਇਕ ਕਾਨੂੰਨ ਦੀ ਤਰ੍ਹਾਂ ਬਣ ਜਾਂਦਾ ਹੈ, ਅਸੀਂ ਜੀਵਨ ਇਸ ਤਰ੍ਹਾਂ ਨਾਲ ਜੀਉਣ ਲਗ ਪੈਂਦੇ ਹਨ ਜਿਵੇਂ ਅਸੀਂ ਇਕ ਦੇ ਲਈ ਇਹ ਕਰਨਾ ਦੂਸਰੇ ਲਈ ਇਹ ਕਰਨਾ ਤੀਸਰੇ ਲਈ ਇਹ ਕਰਨਾ ਸਾਡਾ ਜੀਵਨ ਹੀ ਇਕ ਫਰਜ਼ ਬਣ ਕੇ ਇਕ ਬੰਧਸ਼ ਬਣ ਕੇ ਰਹਿ ਜਾਂਦਾ ਹੈ ਪਰ ਜੇਕਰ ਅਸੀਂ ਜੀਵਨ ਲੀਲਾ ਦੇ ਗੁਣ ਜਾਣ ਲਈਏ, ਆਪਣੇ ਸਬੰਧ ਜਾਣ ਲਈਏ ਕਿਸ ਨਾਲ ਸਾਡਾ ਕੀ ਰਿਸ਼ਤਾ ਹੈ ਸਾਡੇ ਕੋਲੋਂ ਉਹ ਕੀ ਆਸ ਰਖਦਾ ਹੈ ਇਹ ਸਭ ਕੁਝ ਸਮਝ ਕੇ ਜਾਣ ਕੇ ਸਾਡਾ 'ਕਰਨਾ ਪੈਣਾ' ਵਾਲੀ ਧਾਰਨਾ ਛੁਟ ਸਕਦੀ ਹੈ, ਫੇਰ ਵਿਰੋਧਤਾ ਦਾ ਸ਼ਿਸ਼ਟਾਚਾਰ ਦੀ ਕੋਈ ਲੋੜ ਨਹੀਂ ਰਹਿ ਜਾਂਦੀ ਫੇਰ ਅਸੀਂ ਆਪਣੇ ਰੋਲ ਉਸ ਤਰ੍ਹਾਂ ਹੀ ਕਰ ਸਕਦੇ ਹਾਂ ਜਿਵੇਂ ਅਸੀਂ ਚਾਹੁੰਦੇ ਹਾਂ ਜਿਵੇਂ ਸਾਨੂੰ ਠੀਕ ਲਗਦੇ ਹਨ, ਬਿਨ੍ਹਾਂ ਉਨ੍ਹਾਂ ਅੰਦਰ ਉਲਝਿਆ ਬਿਨ੍ਹਾਂ ਲਿਪਟਿਆ।

ਇਸ ਤਰ੍ਹਾਂ ਕਰਨ ਨਾਲ ਹਰ ਇਕ ਰੋਲ ਇਕ ਸਕਾਰਤਮਕ, ਸਿਰਜਨਾਤਮਕ ਕਰਮ ਬਣ ਸਕਦਾ ਹੈ। ਵਾਸਤਵ ਵਿਚ ਅਸੀਂ ਦੂਸਰਿਆਂ ਦੀ ਆਸਾਂ ਉਮੀਦਾਂ ਵੀ ਸਹਿਜ ਵਿਚ ਹੀ ਪੂਰਣ ਕਰ ਸਕਾਂਗੇ, ਅਸੀਂ ਆਪਣੀਆਂ ਡੀਊਟੀਆਂ ਕਿਸੇ ਰੋਸ ਤੋਂ ਬਿਨਾਂ ਕਰ ਸਕਦੇ ਹਾਂ, ਅਸੀਂ ਉਹ ਸਭ ਕੁਝ ਕਰ ਸਕਦੇ ਹਾਂ ਜੋ ਦੂਸਰੇ ਸਾਡੇ ਪਾਸੋਂ ਚਾਹੁੰਦੇ ਹਨ, ਨਾਲ ਹੀ ਅਸੀਂ ਆਪਣੇ ਆਪ ਨੂੰ ਦੁਰਉਪਯੋਗ ਹੁੰਦੇ ਵੀ ਮਹਿਸੂਸ ਨਹੀਂ ਕਰਾਂਗੇ। ਇਸ ਮਨੋਬਿਰਤੀ ਨਾਲ ਸਾਡੇ ਆਪਸ ਦੇ ਸਬੰਧ ਵਧੇਰੇ ਭਰਪੂਰ, ਵਧੇਰੇ ਸਕਾਰਾਤਮਕ ਹੋ ਜਾਣਗੇ। ਜਦੋਂ ਤੁਸੀਂ ਆਪਣੇ ਆਪ ਨੂੰ ਪਰ੍ਹੇ ਕਰ ਲੈਂਦੇ ਹੋ, ਮਾਨਸਿਕ ਪੱਖੋਂ ਦੂਰ ਹਟ ਜਾਂਦੇ ਹੋ ਨਿਰਇਛਕ ਹੋ ਜਾਂਦੇ ਹੋ, ਫੇਰ ਤੁਸੀਂ ਦੂਸਰਿਆਂ ਨੂੰ ਵਧੇਰੇ ਸਬਰ, ਸੰਤੋਖ, ਯਥਾਰਤਿਕਤਾ ਨਾਲ ਵਧੇਰੇ ਇਕ ਖੇਡ ਦੀ ਤਰ੍ਹਾਂ ਦੇਖ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਦੂਸਰਿਆਂ ਦੀ ਸਹਾਇਤਾ ਚੰਗੀ ਤਰ੍ਹਾਂ ਨਾਲ ਕਰ ਸਕਦੇ ਹੋ ਕਿਉਂਕਿ ਤੁਸੀਂ ਆਪ ਉਸ ਵਿਚ ਉਲਝੇ ਹੋਏ ਨਹੀਂ ਹੋ, ਆਪਣੀ ਮੁਸ਼ਕਲ ਵਿਚ ਨਹੀਂ ਹੋ। ਤੁਸੀਂ ਆਪਣੇ ਧੁਰੇ ਤੋਂ ਨਹੀਂ ਹਿਲਦੇ ਆਪਣਾ ਸੰਤੁਲਨ ਨਹੀਂ ਛੱਡਦੇ ਤੇ ਵਧੇਰੇ ਔਖੀ ਘੜੀ ਨਾਲ ਚੰਗੀ ਤਰ੍ਹਾਂ ਨਾਲ ਪੇਸ਼ ਆ ਜਾਂਦੇ ਹੋ, ਚੰਗੀ ਤਰ੍ਹਾਂ ਉਸ ਦਾ ਮੁਕਾਬਲਾ ਕਰ ਸਕਦੇ ਹੋ, ਸ਼ਾਂਤ ਰਹਿ ਸਕਦੇ ਹੋ ਨਿਰਪੱਖ ਰਹਿ ਸਕਦੇ ਹੋ।

ਜੇਕਰ ਤੁਹਾਡੀ ਸੰਵੇਗਕ ਪੱਖੋਂ ਆਪਣੇ ਆਪ ਨੂੰ ਦੂਰ ਕਰ ਲੈਂਦੇ ਹੋ, ਘਟ ਉਲਝੇ ਮਹਿਸੂਸ ਕਰਦੇ ਹੋ ਤਾਂ ਉਸ ਤੋਂ ਇਹ ਭਾਵ ਨਹੀਂ ਕਿ ਤੁਹਾਡਾ ਪ੍ਰਭਾਵ ਘੱਟ ਗਿਆ ਹੈ। ਹੁੰਦਾ ਬਿਲਕੁਲ ਉਲਟ ਹੈ ਤੁਹਾਡਾ ਪ੍ਰਭਾਵ ਵਧ ਜਾਂਦਾ ਹੈ, ਬਹੁਤ ਸਾਰੇ ਲੋਕ ਸੋਚਦੇ ਹਨ ਕਿ ਯੋਗ ਤੇ ਮੈਡੀਟੇਸ਼ਨ ਨਾਲ ਸੁਸਤੀ ਆਉਂਦੀ ਹੈ, ਤੁਸੀਂ ਆਪਣੇ ਆਪ ਨੂੰ ਸੰਸਾਰ ਤੋਂ ਦੂਰ ਹਟੇ ਹੋਏ ਮਹਿਸੂਸ ਕਰਦੇ ਹੋ ਤੁਸੀਂ ਦੂਸਰਿਆਂ ਲਈ ਲਾਪ੍ਰਵਾਹ ਹੋ ਪਰ ਵਾਸਤਵ ਵਿਚ ਹੁੰਦਾ ਬਿਲਕੁਲ ਉਲਟ ਹੈ। ਜਦੋਂ ਅਸੀਂ ਆਪਣੇ ਆਪ ਨੂੰ ਦੂਰ ਕਰਨਾ ਸਿਖਦੇ ਹੋ ਹਰ ਇਕ ਸਬੰਧ ਤੋਂ ਆਪਣੇ ਆਪ ਨੂੰ ਦੂਰ ਕਰਦੇ ਹਾਂ, ਅਸੀਂ ਚਿੰਤਾ ਕਰਨੀ ਛੱਡ ਦਿੰਦੇ ਹਾਂ, ਅਸੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਬੜਾ ਹੀ ਕੰਟਰੋਲ ਕਰ ਲੈਂਦੇ ਹਾਂ ਪਰ ਸਾਡੇ ਚੇਤਨ ਕਰਮ ਤੇ ਬੱਧੇ ਕਰਮ ਜਿਨ੍ਹਾਂ ਪ੍ਰਤੀ ਅਸੀਂ ਬਚਨਬੱਧ ਹਾਂ ਉਹ ਹਾਂ ਚਲਦੇ ਹੀ ਰਹਿੰਦੇ ਹਨ। ਵਾਸਤਵ ਵਿਚ ਜਿਵੇਂ-ਜਿਵੇਂ ਸਮਾਂ ਬੀਤਦਾ

ਹੈ ਅਸੀਂ ਘਟ ਅਸ਼ਾਂਤ ਹੁੰਦੇ ਹਾਂ, ਘੱਟ ਬੇਚੈਨ ਹੁੰਦੇ ਹਾਂ, ਆਪਣੇ ਲਈ ਅਸੀਂ ਬਹੁਤ ਹੀ ਸਾਂਵੇ ਹੋ ਜਾਂਦੇ ਹਾਂ।

ਜਦੋਂ ਸਾਡੀ ਮਨੋਵਿਰਤੀ ਵਧੇਰੀ ਨਿਰਪੱਖ ਹੋ ਜਾਂਦੀ ਹੈ, ਅਸੀਂ ਆਪਣੇ ਕਿਰਦਾਰ ਤੋਂ ਪਰ੍ਹੇ ਹੋ ਜਾਂਦੇ ਹਾਂ ਫੇਰ ਹੀ ਵਾਸਤਵ ਵਿਚ ਅਸੀਂ ਪੂਰੀ ਤਰ੍ਹਾਂ ਨਾਲ ਵਿਕਸਿਤ ਹੁੰਦੇ ਹਾਂ, ਫੇਰ ਹੀ ਅਸੀਂ ਦੇਖ ਸਕਦੇ ਹਾਂ ਕਿ ਲੋਕ ਸੰਸਾਰ ਦਾ ਅਨੁਭਵ ਕਿਸ ਤਰ੍ਹਾਂ ਨਾਲ ਕਰ ਰਹੇ ਹਨ। ਜੇ ਕੋਈ ਪਰਿਵਾਰ ਦਾ ਸਦਸਿਆ ਜਾਂ ਕੋਈ ਤੁਹਾਡਾ ਦੋਸਤ ਮਿੱਤਰ ਕੋਈ ਸਮੱਸਿਆ ਲੈ ਕੇ ਤੁਹਾਡੇ ਕੋਲ ਆਉਂਦਾ ਹੈ ਤੁਸੀਂ ਸੱਚਮੁੱਚ ਹੀ ਉਸ ਨਾਲ ਸ੍ਵੈ ਅਨੁਭਵਤਾ ਕਰ ਸਕਦੇ ਹੋ ਤੇ ਨਾਲ ਹੀ ਨਿਰਪੱਖ ਹੋ ਕੇ ਉਸ ਦੀ ਸਮੱਸਿਆ ਦੇਖ ਸਕਦੇ ਹੋ, ਉਸ ਦੀ ਸਮੱਸਿਆ ਦਾ ਸਮਾਧਾਨ ਕਰ ਸਕਦੇ ਹੋ। ਤੁਸੀਂ ਕਿਸੇ ਦਾ ਵੀ ਪੱਖ ਨਹੀਂ ਲੈਂਦੇ, ਤੁਹਾਡਾ ਆਪਾ ਉਸ ਨਾਲ ਬੰਨ੍ਹਿਆ ਨਹੀਂ ਹੁੰਦਾ, ਤੁਹਾਡੀ ਹਉਮੈ ਉਸ ਵਿਚ ਨਹੀਂ ਹੁੰਦੀ। ਕੋਈ ਵੀ ਸਮੱਸਿਆ ਲੈ ਕੇ ਆਵੇ ਤੁਹਾਡੀ ਧੀ ਪੁੱਤਰ ਕੋਈ ਤੁਸੀਂ ਬਿਲਕੁਲ ਨਿਰਪੱਖ ਹੋ ਕੇ ਉਸਨੂੰ ਆਪਣਾ ਸੁਝਾਅ ਦੇ ਸਕਦੇ ਹੋ, ਤੁਸੀਂ ਨਕਾਰਾਤਮਕ ਨਹੀਂ ਹੋਵੇਗੇ, ਆਪਣੀ ਨਿਰਾਸਤਾ ਨਹੀਂ ਦੱਸੋਗੇ ਆਪਣੇ ਭੈ ਨਹੀਂ ਦੱਸੋਗੇ।

ਮੌਤ ਤੋਂ ਮੁਕਤ ਹੋ ਕੇ, ਆਪਣੇ ਰੋਲ ਤੋਂ ਪਰ੍ਹੇ ਹੋ ਕੇ, ਤੁਸੀਂ ਦੂਸਰਿਆਂ ਦੇ ਰੋਲ ਨੂੰ ਵਧੇਰੇ ਚੰਗੀ ਤਰ੍ਹਾਂ ਦੇਖ ਸਕਦੇ ਹੋ। ਜਦੋਂ ਤੁਸੀਂ ਵਧੇਰੇ ਨਮਰ, ਕੋਮਲ ਹੋ ਜਾਂਦੇ ਹੋ ਤੁਸੀਂ ਦੂਸਰਿਆਂ ਦਾ ਦ੍ਰਿਸ਼ਟੀਕੋਣ ਵਧੇਰੇ ਚੰਗੀ ਤਰ੍ਹਾਂ ਨਾਲ ਦੇਖ ਸਕਦੇ ਹੋ ਹੁਣ ਲੋਕੀ ਤੁਹਾਨੂੰ ਪਹਿਲੇ ਦੀ ਤਰ੍ਹਾਂ ਪ੍ਰਭਾਵਿਤ ਨਹੀਂ ਕਰ ਸਕਦੇ, ਤੁਹਾਡੀਆਂ ਭਾਵਨਾਵਾਂ ਨੂੰ ਪਹਿਲੇ ਦੀ ਤਰ੍ਹਾਂ ਉਤੇਜਿਤ ਨਹੀਂ ਕਰ ਸਕਦੇ, ਇਸ ਤਰ੍ਹਾਂ ਨਾਲ ਹੀ ਤੁਹਾਡੀ ਦ੍ਰਿਸ਼ਟੀਕੋਣ, ਤੁਹਾਡੀ ਸਮਝ, ਤੁਹਾਡੀ ਜਾਣਕਾਰੀ ਵਧਦੀ ਹੈ।

ਏਥੇ ਇਹ ਦੱਸਣਾ ਵੀ ਅਵਸ਼ਕ ਹੈ ਕਿ ਭਾਵੁਕ ਹੋਣਾ ਕੀ ਹੈ? ਸ੍ਵੈ ਅਨੁਭਵਤਾ ਕੀ ਹੈ। ਜਦੋਂ ਕੋਈ ਤੁਹਾਡੇ ਕੋਲ ਆਪਣੀ ਸਮੱਸਿਆ ਲੈ ਕੇ ਆਉਂਦਾ ਹੈ, ਬਹੁਤ ਭਾਵੁਕ ਹੁੰਦਾ ਹੈ ਤੁਸੀਂ ਵੀ ਸੋਚਦੇ ਹੋ ਕਿ ਤੁਹਾਨੂੰ ਵੀ ਭਾਵਨੁਕ ਹੋ ਕੇ ਉਸ ਦੀ ਸਮੱਸਿਆ ਦਾ ਸਮਾਧਾਨ ਕਰਨਾ ਚਾਹੀਦਾ ਹੈ, ਤੁਹਾਨੂੰ ਭਾਵਕ ਹੀ ਹੋਣਾ ਚਾਹੀਦਾ ਹੈ। ਅਸੀਂ ਸੋਚਦੇ ਹਾਂ ਕਿ ਭਾਵਕ ਹੋਣ ਨਾਲ ਅਸੀਂ ਵਧੇਰੇ ਲਗਾਓ, ਸਧੇਰੇ ਚਿੰਤਾ ਪ੍ਰਗਟ ਕਰ ਸਕਦੇ ਹਾਂ ਵਧੇਰੇ ਪਿਆਰ ਜਿਤਾ ਸਕਦੇ ਹਾਂ, ਅਸੀਂ ਉਨ੍ਹਾਂ ਦਾ ਦੁੱਖ ਵਧੇਰੇ ਮਹਿਸੂਸ ਕਰ ਰਹੇ ਹਾਂ, ਉਨ੍ਹਾਂ ਦੀ ਪਰੇਸ਼ਾਨੀ ਵਧੇਰੇ ਮਹਿਸੂਸ ਕਰ ਰਹੇ ਹਾਂ। ਜੋ ਵੀ ਹੈ ਇਹ ਕੇਵਲ ਇਕ ਬਾਹਰੀ ਲਗਾਓ ਹੈ, ਬਾਹਰੀ ਪ੍ਰਗਟਾਵਾ ਹੈ, ਇਸ ਦਾ ਕੋਈ ਵੀ ਲਾਭ ਨਹੀਂ ਹੋਣ ਲੱਗਾ। ਵਾਸਤਵ ਵਿਚ ਦੇਖਿਆ ਜਾਵੇ ਤਾਂ ਸੱਚੀ ਸਹਾਨੁਭੂਤੀ, ਸੱਚੀ ਸ਼ਕਤੀ, ਸੱਚੀ ਸਮਝਦਾਰੀ ਉਹ ਹੀ ਦੇ ਸਕਦਾ, ਦੇਣ ਦੀ ਸਮਰੱਥਾ ਰਖਦਾ ਹੈ, ਜਿਹੜਾ ਆਪਣੇ ਅੰਦਰ ਸਥਿਰ ਹੈ, ਆਪਣੇ ਅੰਦਰ ਸ਼ਾਂਤ ਹੈ ਉਹ ਹੀ ਠੀਕ ਮਾਰਗ ਦਰਸ਼ਨ ਕਰ ਸਕਦਾ ਹੈ।

**ਪਰਿਵਾਰਕ ਲੀਲਾ**

ਬੱਚਾ ਤਾਂ ਪਰਿਵਾਰ ਨਾਲ ਹੀ ਜੁੜਿਆ ਹੁੰਦਾ ਹੈ, ਪਰਿਵਾਰ ਹੀ ਬੱਚੇ ਦੀ ਪਹਿਚਾਨ ਹੁੰਦੀ ਹੈ, ਜਦੋਂ ਤੱਕ ਬੱਚਾ ਕਿਸ਼ੋਰ ਅਵਸਥਾ ਵਿਚ ਨਹੀਂ ਪਹੁੰਚਦਾ ਇਹ ਉਸ ਦੀ ਪਹਿਚਾਣ ਰਹਿੰਦੀ ਹੈ। ਕਿਸ਼ੋਰ ਅਵਸਥਾ ਤੇ ਪਹੁੰਚਦਿਆਂ ਹੀ ਬੱਚਾ ਮਾਤਾ ਪਿਤਾ ਨੂੰ ਪ੍ਰਸ਼ਨ ਪੁੱਛਣਾ ਸ਼ੁਰੂ ਕਰਦਾ ਹੈ, ਉਨ੍ਹਾਂ ਦੀਆਂ ਕਦਰਾਂ ਕੀਮਤਾਂ ਬਾਰੇ ਸੁਆਲ ਕਰਦਾ ਹੈ, ਉਨ੍ਹਾਂ ਦੇ ਜੀਵਨ ਬਾਰੇ ਪ੍ਰਸ਼ਨ ਕਰਦਾ ਹੈ। ਕਿਸ਼ੋਰ ਅਵਸਥਾ ਵਿਚ ਵੀ ਅਸੀਂ ਵੱਡੇ ਵੀ ਬਹੁਤ ਵਾਰੀ ਆਪਣੀਆਂ ਇਛਾਵਾਂ ਬਾਰੇ, ਮਾਤਾ ਪਿਤਾ ਦੀਆਂ ਆਸਾਂ ਬਾਰੇ ਦਵੰਦ ਖੜ੍ਹੇ ਹੋ ਜਾਂਦੇ ਹਨ। ਜਵਾਨ ਬੱਚਿਆਂ ਦੀ ਇਹ ਇਕ ਆਮ ਸਮਸਿਆ ਹੈ, ਜਿਹੜੇ ਬੱਚੇ ਚਕਿਤਸਾ ਲਈ ਆਉਂਦੇ ਹਨ ਉਨ੍ਹਾਂ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੀ ਹੁੰਦੀ ਹੈ। ਜਦੋਂ ਉਹ ਚਕਿਤਸਕ ਕੋਲ ਆਉਂਦੇ ਹਨ ਉਹ ਕਹਿੰਦੇ ਹਨ ਮੇਰੇ ਮਾਤਾ ਪਿਤਾ ਚਾਹੁੰਦੇ ਹਨ। ਮੈਂ ਸਕੂਲ ਜਾਵਾਂ ਕਾਲਜ ਜਾਵਾਂ ਮੈਂ ਨਹੀਂ ਚਾਹੁੰਦਾ ਮੇਰਾ ਕੋਈ ਲਗਾਓ ਹੀ ਨਹੀਂ ਹੈ। ਜੇ ਮੈਂ ਨਹੀਂ ਜਾਵਾਂਗਾ, ਉਹ ਮੇਰੇ ਕੋਲੋਂ ਨਿਰਾਸ਼ ਹੋ ਜਾਣਗੇ, ਮੈਨੂੰ ਸਮਝ ਨਹੀਂ ਆ ਰਿਹਾ ਮੈਂ ਕੀ ਕਰਾਂ, ਉਹ ਚਾਹੁੰਦੇ ਹਨ ਮੈਂ ਹੋਰ ਕੱਪੜੇ ਪਾਵਾਂ, ਹੋਰ ਤਰ੍ਹਾਂ ਨਾਲ ਤਿਆਰ ਹੋਵਾਂ, ਆਪਣੇ ਬਾਲ ਠੀਕ ਤਰ੍ਹਾਂ ਨਾਲ ਬਣਾਵਾਂ, ਵਾਸਤਵ ਵਿਚ ਉਹ ਚਾਹੁੰਦੇ ਹਨ ਮੈਂ ਉਹ ਕਰਾਂ ਜੋ ਉਨ੍ਹਾਂ ਨੂੰ ਚੰਗਾ ਲਗਦਾ ਹੈ। ਮੈਂ ਕਿਤੇ ਇਹੋ ਜਿਹੀ ਜਗ੍ਹਾ ਚਲਾ ਜਾਣਾ ਚਾਹੁੰਦਾ ਹਾਂ ਜਿਥੇ ਮੈਂ ਆਪਣੇ ਆਪ ਨਾਲ ਆਪਣੀ ਮਰਜ਼ੀ ਨਾਲ ਰਹਿ ਸਕਾਂ।

ਇਸ ਸਮੱਸਿਆ ਦੇ ਦੋ ਹੀ ਸੁਝਾਉ ਹਨ। ਕਈ ਤਾਂ ਬਾਗੀ ਹੋ ਜਾਂਦੇ ਹਨ ਤੇ ਬਿਲਕੁਲ ਉਲਟ ਕਰਦੇ ਹਨ ਤੇ ਜੇਕਰ ਅਸੀਂ ਆਪਣਾ ਨਿਰਣਾ ਆਪ ਕਰਨਾ ਹੋਵੇ, ਅਸੀਂ ਸਕੂਲ ਦੀ ਪੜ੍ਹਾਈ ਪੂਰੀ ਕਰ ਲਈਏ, ਪਰ ਅਸੀਂ ਇਹ ਨਹੀਂ ਅਖਵਾਣਾ ਚਾਹੁੰਦੇ ਕਿ ਅਸੀਂ ਕਿਸੇ ਦੇ ਕਹਿਣ ਤੇ ਕਰ ਰਹੇ ਹਾਂ, ਇਸ ਕਰਕੇ ਅਸੀਂ ਨਹੀਂ ਕਰਦੇ, ਕੁਛ ਸਾਡੇ ਵਿਚੋਂ ਛੱਡ ਕੇ ਚਲੇ ਜਾਂਦੇ ਹਨ, ਕੁਛ ਉਹ ਕਰ ਲੈਂਦੇ ਹਨ ਜੋ ਮਾਤਾ ਪਿਤਾ ਦਸਦੇ ਹਨ। ਬਹੁਤ ਵਾਰੀ ਬਾਹਰੋਂ ਲਗਦਾ ਹੈ ਅਸੀਂ ਕਹਿਣਾ ਮੰਨ ਰਹੇ ਹਾਂ, ਪਰ ਅੰਦਰ ਤਾਂ ਇਹ ਹੀ ਹੁੰਦਾ ਹੈ ਕਿ ਮੈਂ ਇਸ ਲਈ ਕਰ ਰਿਹਾ ਹਾਂ ਕਿਉਂਕਿ ਮੈਨੂੰ ਕਿਹਾ ਜਾ ਰਿਹਾ ਹੈ, ਸਾਨੂੰ ਕਿਸੇ ਕਿਸਮ ਦੀ ਬੰਧਸ਼ ਚੰਗੀ ਨਹੀਂ ਲਗਦੀ। ਸਾਡੇ ਵਿਚੋਂ ਬਹੁਤ ਸਾਰੇ ਦਵੰਦ ਵਿਚ ਹੀ ਰਹਿੰਦੇ ਹਨ।

**(********)**

# ਮਾਨਵਤਾ ਦੇ ਨਾਂ
# (A Call To Humanity)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਭੂਮਿਕਾ

ਪਿਛਲੇ ਕੁਝ ਸਮੇਂ ਤੋਂ ਸੁਆਮੀ ਜੀ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਦਾ ਦੌਰਾ ਕਰ ਰਹੇ ਸਨ। ਬਹੁਤ ਸਾਰੀਆਂ ਥਾਵਾਂ ਤੇ ਗਏ ਜਿਵੇਂ ਉਤਰੀ ਅਮਰੀਕਾ, ਪੂਰਬੀ ਅਮਰੀਕਾ ਤੇ ਹੋਰ ਬਹੁਤ ਸਾਰੇ ਦੇਸ਼। ਇਨ੍ਹਾਂ ਦੇਸ਼ਾਂ ਵਿਚ ਬਹੁਤ ਸਾਰੇ ਲੋਕ ਸਵਾਮੀ ਜੀ ਦੇ ਪ੍ਰਵਚਨ ਸੁਣਨ ਆਉਂਦੇ ਰਹੇ ਹਨ। ਸਵਾਮੀ ਜੀ ਦੇ ਪ੍ਰਵਚਨ ਵੱਖ-ਵੱਖ ਵਿਸ਼ੇ ਤੇ ਹੁੰਦੇ ਰਹੇ ਹਨ ਇਹ ਸਾਰੇ ਵਿਸ਼ੇ ਮਾਨਵਤਾ ਲਈ ਮਹੱਤਵਪੂਰਣ ਹਨ। ਸਵਾਮੀ ਜੀ ਦੇ ਵਿਸ਼ੇ ਸਦਾ ਹੀ ਮਹੱਤਵਪੂਰਣ ਦੇ ਨਾਲ-ਨਾਲ ਅੱਜ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਰਹੀਆਂ ਹਨ ਉਨ੍ਹਾਂ ਲਈ ਅੰਤਰ ਦੀ ਸਮੱਸਿਆ, ਸਮਾਜਿਕ, ਮਜ਼ਹਬ ਦੀਆਂ ਗਿਰਦੀਆਂ ਗੁਆਚਦੀਆਂ ਕੀਮਤਾਂ, ਵਿਗਿਆਨ ਨੈਤਿਕਤਾ ਤੇ ਪ੍ਰਾਚੀਨ ਫੈਸ਼ਨ ਦੀਆਂ ਕਦਰਾਂ ਕੀਮਤਾਂ ਦਾ ਛੱਡ ਜਾਣਾ ਇਹ ਸੁਆਮੀ ਜੀ ਲਈ ਵਿਸ਼ੇਸ਼ ਕਰਕੇ ਮਹੱਤਵਪੂਰਣ ਰਿਹਾ ਹੈ। ਸਵਾਮੀ ਜੀ ਦੇ ਪ੍ਰਵਚਨ ਹਰ ਤਰ੍ਹਾਂ ਨਾਲ ਸਾਂਝੇ ਹਨ ਉਹ ਸਾਰੇ ਮਜ਼ਹਬਾਂ ਤੋਂ ਸੰਸਕ੍ਰਿਤੀ ਤੋਂ ਸਭਿਆਚਾਰ ਤੋਂ, ਜਾਤੀ ਤੋਂ ਦੇਸ਼ ਤੋਂ ਬਿਲਕੁਲ ਹਟ ਕੇ ਇਨ੍ਹਾਂ ਤੋਂ ਉਪਰ ਦੇ ਹੀ ਹਨ।

ਇਹ ਬੜੇ ਭਾਗ ਦੀ ਗੱਲ ਹੈ ਕਿ ਸਵਾਮੀ ਜੀ ਦੇ ਇਹ ਪ੍ਰਵਚਨ ਪੁਸਤਕ ਰੂਪ ਵਿਚ ਤਿਆਰ ਹੋਏ ਹਨ ਇਨ੍ਹਾਂ ਵਿਚ ਸਵਾਮੀ ਜੀ ਨੇ ਅੱਜ ਦੇ ਲੋਕਾਂ ਦੀ ਤੰਗ ਦਿਲੀ ਅੱਜ ਦੇ ਮਜ਼ਹਬਾਂ ਦਾ ਕੱਟੜਪਨ ਇਸ ਸਭ ਨੂੰ ਮੁਖ ਰੱਖਿਆ ਹੈ ਇਸ ਦਾ ਥਾਂ ਸਵਾਮੀ ਜੀ ਨੇ ਆਤਮਕ ਸ਼ਕਤੀ ਪ੍ਰਦਾਨ ਕੀਤੀ ਹੈ, ਵਿਸ਼ੇਸ਼ ਕਰਕੇ ਇਹ ਪ੍ਰਵਚਨ ਉਨ੍ਹਾਂ ਜਗਿਆਸੂਆਂ ਲਈ ਵਧੇਰੇ ਲਾਭਕਾਰੀ ਸਿੱਧ ਹੋਣਗੇ ਜਿਹੜੇ ਦ੍ਰਿੜ੍ਹ ਨਿਸ਼ਠਾ ਰੱਖਦੇ ਹਨ, ਭਰੋਸਾ ਰਖਦੇ ਹਨ। ਮੇਰਾ ਇਹ ਵਿਸ਼ਵਾਸ਼ ਹੈ ਜਿੱਥੇ ਵੀ ਲੋਕੀ, ਰਸਮਾਂ ਰਿਵਾਜਾਂ ਕਰਕੇ ਹੋਰ ਕਈ ਵਿਹਾਰ ਆਚਾਰ ਕਰਕੇ, ਕੱਟੜਵਾਦ ਨਾਲ ਗ੍ਰਸੇ ਰਹੇ ਹਨ ਇਨ੍ਹਾਂ ਵਿਚ ਲਿਪਟੇ ਰਹੇ ਹਨ, ਉਨ੍ਹਾਂ ਦੀ ਸਾਰੀ ਅਧਿਆਤਮਕ ਭਾਵਨਾ ਖ੍ਹੈ ਹੋ ਗਈ ਹੈ। ਸਵਾਮੀ ਜੀ ਦੇ ਇਹ ਪ੍ਰਵਚਨ ਉਨ੍ਹਾਂ ਲਈ ਵੀ ਬਹੁਤ ਹੀ ਲਾਭਕਾਰੀ ਸਿੱਧ ਹੋਣਗੇ। ਇਹ ਪ੍ਰਵਚਨ ਤੁਹਾਨੂੰ ਤੁਹਾਡੇ ਅੰਦਰ ਦੇ ਅਨੁਭਵ ਲਈ ਪ੍ਰੇਰਨਾ ਦਿੰਦੇ ਹਨ, ਇਹ ਹੀ ਨਹੀਂ ਤੁਹਾਨੂੰ ਇਹ ਵੀ ਪ੍ਰੇਰਦੇ ਹਨ ਕਿ ਤੁਸੀਂ ਅੰਦਰ ਦੇ ਅਨੁਭਵ ਤੱਕ ਕਿਸ ਤਰ੍ਹਾਂ ਪਹੁੰਚਣਾ ਹੈ।

## ਅਧਿਆਇ 1

## ਪ੍ਰਮਾਤਮਾ ਦੀ ਹੋਂਦ

ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ਼ ਰੱਖਣ ਤੋਂ ਭਆਵ ਹੈ, ਤੁਸੀਂ ਸਤਿ ਦੀ ਖੋਜ ਕਰ ਰਹੇ ਹੋ। ਸਤਿ ਤਾਂ ਉਹ ਹੈ, ਸੀ ਵੀ, ਹੈ ਵੀ, ਹੋਵੇਗਾ ਵੀ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥*

ਸਤਿ ਨੂੰ ਜਾਨਣ ਲਈ ਤੁਹਾਨੂੰ ਆਪਣੇ ਵਿਚਾਰ, ਕਥਨੀ ਕਰਨੀ ਇਨ੍ਹਾਂ ਸਭ ਨੂੰ ਪਵਿੱਤਰ ਕਰਨਾ ਪਵੇਗਾ। ਪਵਿੱਤਰ ਕਰਨਾ ਸ਼ੁੱਧ ਕਰਨਾ ਇਸ ਲਈ ਅਵੱਸ਼ਕ ਹੈ ਕਿਉਂਕਿ ਸ਼ੁਧਤਾ ਤੋਂ ਬਾਅਦ ਹੀ ਜਗਿਆਸੂ ਠੀਕ ਸੋਚ ਨਾਲ ਚਿੰਨ ਕਰ ਸਕਦਾ ਹੈ। ਸ਼ੁੱਧ ਮਨ ਹੀ ਧਿਆਨ ਵਿਚ ਜੁੜ ਸਕਦਾ ਹੈ। ਜਦੋਂ ਅਸੀਂ ਇਕ ਵਾਰੀ ਸਤਿ ਪ੍ਰਾਪਤੀ ਲਈ ਦ੍ਰਿੜ੍ਹ ਨਿਸ਼ਚੇ ਕਰ ਲੈਂਦੇ ਹਾਂ, ਸ਼ੁੱਧ ਮਨ ਵਿਚਾਰ, ਬੋਲ, ਕਰਮ ਨਾਲ ਤੁਰ ਪੈਂਦੇ ਹਾਂ, ਇਹ ਅਵੱਸ਼ ਹੈ ਕਿ ਅਸੀਂ ਆਪਣੇ ਗੋਲ ਤੇ ਪਹੁੰਚਾਂਗੇ ਹੀ, ਨਿਰਸੰਦੇਹ ਪਹੁੰਚਾਂਗੇ। ਸਤਿ ਹੀ ਸਾਡਾ ਮਾਰਗ ਦਰਸ਼ਕ ਬਣ ਜਾਂਦਾ ਹੈ, ਇਸ ਤਰ੍ਹਾਂ ਨਾਲ ਬਿਨਾਂ ਕੋਈ ਗਲਤੀ ਕੀਤਿਆਂ ਕੋਈ ਵੱਡੀ ਭੁੱਲ ਕੀਤਿਆਂ ਸਾਨੂੰ ਠੀਕ ਮਾਰਗ ਦਰਸ਼ਨ ਹੋ ਹੀ ਜਾਂਦੇ ਹਨ।

ਸਤਿ ਉਹ ਦੈਵੀ ਸ਼ਕਤੀ ਹੈ ਜਿਹੜੀ ਹਰ ਇਕ ਦੇ ਹਿਰਦੇ ਅੰਦਰ ਵਸਦੀ ਹੈ। ਇਹ ਇਕ ਸਰਬ ਵਿਆਪਕ ਸਤਿ ਹੈ, ਜਿਹੜੀ ਇਕ ਮਨੁੱਖ ਨੂੰ ਦੂਸਰੇ ਨਾਲ ਜੋੜਦਾ ਹੈ, ਏਨਾ ਹੀ ਨਹੀਂ ਅੰਤ ਵਿਚ ਇਹ ਸਾਰੀ ਸ੍ਰਿਸ਼ਟੀ ਨੂੰ ਸਾਰੀ ਰਚਨਾ ਨੂੰ ਹੀ ਇਕ ਦੈਵੀ ਸਚੇਤਨਤਾ ਨਾਲ ਜੋੜਦਾ ਹੈ। ਉਹ ਦੈਵੀ ਸਕਤੀ ਹੋਰ ਕੋਈ ਨਹੀਂ ਕੇਵਲ ਪ੍ਰਮਾਤਮਾ ਹੀ ਹੈ। ਜਿਹੜਾ ਪ੍ਰਮਾਤਮਾ ਵਿਚ ਵਿਸ਼ਵਾਸ਼ ਰੱਖਦਾ ਹੈ ਉਸ ਅੱਗੇ ਸਮਰਪਣ ਹੋ ਜਾਂਦਾ ਹੈ, ਉਹ ਇਥੇ ਹੀ ਹੁਣੇ ਹੀ ਮੁਕਤ ਹੋ ਜਾਂਦਾ ਹੈ। ਉਸਨੂੰ ਪਤਾ ਹੁੰਦਾ ਹੈ ਕਿ ਉਹ ਪ੍ਰਮਾਤਮਾ ਦਾ ਹੈ, ਪ੍ਰਮਾਤਮਾ ਉਸ ਦਾ ਹੈ। ਉਸ ਦੀ ਸਚੇਨਤਾ ਸੰਸਾਰ ਤੋਂ ਹਟ ਕੇ ਪ੍ਰਭੂ ਤੇ ਹੋ ਜਾਂਦੀ ਹੈ, ਉਹ ਆਪਣਾ ਜੀਵਨ ਭੈ ਰਹਿਤ ਹੋ ਕੇ ਪੂਰੀ ਸੁਰੱਖਿਆ ਨਾਲ ਜੀਉਂਦਾ ਹੈ। ਉਸ ਦਾ ਵਿਸ਼ਵਾਸ਼ ਪ੍ਰਭੂ ਸ਼ਰਨ ਵਿਚ ਦ੍ਰਿੜ੍ਹ ਹੈ, ਅਡੋਲ ਹੈ। ਗ੍ਰੰਥ ਸਾਨੂੰ ਦਸਦੇ ਹਨ ਸਾਨੂੰ ਬਾਰ-ਬਾਰ ਯਾਦ ਕਰਾਉਂਦੇ ਹਨ ਕਿ ਜਿਵੇਂ ਸਾਗਰ ਨਦੀ ਨੂੰ

ਆਪਣੇ ਵਿਚ ਸਮੋਅ ਲੈਂਦਾ ਹੈ, ਆਪਣੀ ਬਣਾ ਲੈਂਦਾ ਹੈ। ਪ੍ਰਭੂ ਜਗਿਆਸੂਆਂ ਨੂੰ ਗਲ ਲਾਉਂਦਾ ਹੈ। ਕਿਸੇ ਵੀ ਮਾਰਗ ਤੋਂ ਚਲੋ, ਗੋਲ ਇਕ ਹੀ ਹੈ

***ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***

***ਭਾਈ ਗੁਰਦਾਸ ਜੀ, ਕਬਿੱਤ***

ਮੰਜ਼ਲ ਇਕ ਹੀ ਹੈ। ਲੋੜ ਹੈ ਸੱਚੀ ਲਗਨ ਦੀ ਨਿਸ਼ਠਾ ਦੀ ਭਾਵਨਾ ਦੀ, ਉਸ ਸਤਿ ਦੀ ਪ੍ਰਾਪਤੀ ਦੀ ਜਦੋਂ ਇਕ ਵਾਰੀ ਉਹ ਲਗਨ ਜਾਗ ਪੈਂਦੀ ਹੈ ਲਗਨ ਲਗ ਜਾਂਦੀ ਹੈ ਸਾਰੇ ਸਾਧਨ ਸਾਰੇ ਸ੍ਰੋਤ ਜੁੜ ਜਾਂਦੇ ਹਨ। ਪਾਣੀ ਆਪਣੀ ਥਾਂ ਜਿਵੇਂ ਆਪ ਹੀ ਬਣਾ ਲੈਂਦਾ ਹੈ, ਇਸੇ ਤਰਾਂ ਪ੍ਰਭੂ ਨੂੰ ਪਿਆਰ ਕਰਨ ਵਾਲੇ ਪ੍ਰਭੂ ਪ੍ਰਾਪਤੀ ਹੋ ਹੀ ਜਾਂਦੀ ਹੈ। ਸਭ ਤੋਂ ਉਤਮ ਫਿਲੋਸਫੀ ਹੈ ਇਹ ਜਾਣ ਲੈਣਾ ਕਿ ਸਤਿ ਤੇ ਪ੍ਰਭੂ ਇਕ ਹੀ ਹਨ, ਸਭ ਤੋਂ ਉਚਾ ਅਭਿਆਸ ਹੈ ਸਤਿ ਦੀ ਖੋਜ, ਆਪਣੇ ਵਿਚਾਰਾਂ ਰਾਹੀਂ, ਕਥਨੀ ਰਾਹੀਂ, ਕਰਮਾਂ ਰਾਹੀਂ ਭਾਵ ਕਰਕੇ ਕੰਮ ਕਰਕੇ ਕਰਮ ਕਰਕੇ।

ਵਾਹਿਗੁਰੂ ਵਿਚ ਵਿਸ਼ਵਾਸ਼ ਹੋਣਾ, ਪ੍ਰਮਾਤਮਾ ਦਾ ਅਨੁਭਵ ਕਰ ਲੈਣਾ ਇਹ ਦੋ ਵੱਖ-ਵੱਖ ਗੱਲਾਂ ਹਨ। ਪ੍ਰਮਾਤਮਾ ਦਾ ਪ੍ਰਤੱਖ ਅਨੁਭਵ ਕਰਨ ਤੋਂ ਪਹਿਲਾਂ ਸਤਿ ਦਾ ਅਨੁਭਵ ਕਰਨ ਤੋਂ ਪਹਿਲਾਂ, ਮਨੁੱਖ ਪ੍ਰਮਾਤਮਾ ਦੀ ਹੋਂਦ ਵਿਚ ਤਾਂ ਵਿਸ਼ਵਾਸ਼ ਕਰ ਸਕਦਾ ਹੈ, ਪਰ ਉਸ ਦਾ ਵਿਸ਼ਵਾਸ਼ ਅਧੂਰਾ ਹੁੰਦਾ ਹੈ। ਸੱਚਾ ਭਰੋਸਾ ਜਿਸਨੂੰ ਵਿਸ਼ਵਾਸ਼ ਦ੍ਰਿੜ ਵਿਸ਼ਵਾਸ਼ ਕਹਿੰਦੇ ਹਨ ਉਹ ਤਾਂ ਪ੍ਰਤੱਖ ਅਨੁਭਵ ਤੋਂ ਆਇਆ ਭਰੋਸਾ ਜਗਿਆਸੂ ਦੀ ਹੋਂਦ ਦਾ ਭਾਗ ਬਣ ਜਾਂਦਾ ਹੈ, ਇਹ ਵਿਸ਼ਵਾਸ਼ ਫੇਰ ਇਸ ਤਰ੍ਹਾਂ ਜਗਿਆਸੂ ਦੀ ਰੱਖਿਆ ਕਰਦਾ ਹੈ ਜਿਵੇਂ ਇਕ ਮਾਂ ਬੱਚੇ ਦੀ ਕਰਦੀ ਹੈ।

***ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥***
***ਸੇਵਕ ਕਉ ਗੁਰੁ ਸਦਾ ਦਇਆਲ ॥***

***ਅੰਗ - ੨੮੬***

ਪਹਿਲੇ ਪਹਿਲ, ਪ੍ਰਮਾਤਮਾ ਦੀ ਖੋਜ ਜਗਿਆਸਾ ਵਿਚ ਪ੍ਰਗਟ ਹੁੰਦੀ ਹੈ। ਜਗਿਆਸਾ ਨਾਲ ਹੀ ਮਨੁੱਖ ਜਾਨਣ ਦੀ ਚੇਸ਼ਟਾ ਕਰਦਾ ਹੈ, ਜਦੋਂ ਜਗਿਆਸੂ ਤੀਬਰ ਹੋ ਜਾਂਦੀ ਹੈ ਤੁਸੀਂ ਜਗਿਆਸੂ ਬਣ ਜਾਂਦੇ ਹੋ ਇਥੇ ਪਹੁੰਚ ਕੇ ਕੇਵਲ ਜਗਿਆਸਾ ਹੀ ਨਹੀਂ ਰਹਿ ਜਾਂਦੀ, ਜਗਿਆਸਾ ਇਕ ਤੀਬਰ ਇੱਛਾ ਦਾ ਰੂਪ ਧਾਰਨ ਕਰ ਲੈਂਦੀ ਹੈ ਜਿਸ ਨਾਲ ਲਗਨ ਵਧੇਰੇ ਤੀਬਰ ਹੋ ਜਾਂਦੀ ਹੈ। ਇਕ ਵਾਰੀ ਜਦੋਂ ਇਹ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ, ਅਨੁਭਵ ਹੋ ਜਾਂਦਾ ਹੈ, ਜਗਿਆਸੂ ਗੱਦ-ਗੱਦ ਹੋ ਉਠਦਾ ਹੈ।

ਛੋਟੇ ਜਿਹੇ ਬੱਚੇ ਦੀ ਤਰ੍ਹਾਂ ਪਹਿਲਾ ਉਹ ਸਤਿ ਦੇ ਪ੍ਰਤੀ ਹੈਰਾਨ ਹੁੰਦਾ ਹੈ, ਫੇਰ ਉਹ ਪ੍ਰਸ਼ਨ ਪੁੱਛਦਾ ਹੈ, ਪ੍ਰਸ਼ਨਾਂ ਦੇ ਉਤਰ ਦੀ ਖੋਜ ਕਰਦਾ ਹੈ, ਬਾਹਰੀ ਸੰਸਾਰ ਵਿਚੋਂ ਉਤਰ ਦੀ ਢੂੰਡ ਕਰਦਾ ਹੈ। ਇਕ ਵਾਰੀ ਜਦੋਂ ਬੋਧਿਕ ਪੱਧਰ ਤੇ ਉਸ ਦੀ ਤਸੱਲੀ ਹੋ ਜਾਂਦੀ ਹੈ, ਫੇਰ ਉਸਨੂੰ ਆਪਣੇ ਅੰਦਰੋਂ ਸਤਿ ਦੀ ਖੋਜ ਕਰਨ ਦੀ ਪ੍ਰੇਰਨਾ ਮਿਲਦੀ ਹੈ, ਆਪਣੇ ਅੰਦਰੋਂ, ਸਿੱਧੇ ਆਪਣੇ ਅੰਦਰੋਂ। ਇਹ ਸਤਿ ਦੀ ਖੋਜ ਦੀ ਪ੍ਰਕ੍ਰਿਆ ਹੈ, ਇਹ ਹੀ ਸ਼ੁਰੂਆਤ ਹੈ ਇਹ ਇਸ ਤਰ੍ਹਾਂ ਹੀ ਚਲਦੀ ਰਹਿੰਦੀ ਹੈ। ਜਗਿਆਸਾ ਅਤੇ ਗਿਆਨਆਤਮਕ ਪ੍ਰਸ਼ਨ ਹੀ ਸਤਿ ਦੀ ਖੋਜ ਦਾ ਚਿੰਨ੍ਹ ਹਨ।

ਸਤਿ ਸੰਪੂਰਣ ਹੈ, ਅਨੁਭਵ ਅਤੀਤ ਹੈ, ਅਪ੍ਰਤੱਖ ਹੈ, ਏਕ ਹੈ, ਏਕੋ ਏਕ ਸਤਿ ਹੈ ਜਿਹੜਾ ਬਾਹਰੀ ਸੰਸਾਰ ਵਿਚ ਵਿਆਪਕ ਹੈ, ਪ੍ਰਤੱਖ ਹੈ, ਪਸਰਿਆ ਹੋਇਆ ਹੈ, ਜਿਸ ਦੇ ਅਨੇਕਾਂ ਨਾਮ ਹਨ ਉਹ ਅਨੇਕਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ, ਉਸ ਦੇ ਅਨੇਕਾਂ ਹੀ ਆਕਾਰ ਹਨ। ਬਚਪਨ ਤੋਂ ਹੀ ਸਾਨੂੰ ਪ੍ਰਮਾਤਮਾ ਦੀ ਅਨੇਕਤਾ ਬਾਰੇ ਦੱਸਿਆ ਜਾਂਦਾ ਹੈ, ਉਸ ਵਿਚ ਵਿਸ਼ਵਾਸ਼ ਰੱਖਣ ਲਈ ਦਸਿਆ ਜਾਂਦਾ ਹੈ, ਭਿੰਨ-ਭਿੰਨ ਸੰਸਾਰਕ ਵਿਸ਼ਾ ਵਸਤੂ ਬਾਰੇ ਦੱਸਿਆ ਜਾਂਦਾ ਹੈ, ਸਾਨੂੰ ਸਤਿ ਤੇ ਵਿਸ਼ਵਾਸ਼ ਕਰਨ ਲਈ ਸਤਿ ਦੇ ਨਾਵਾਂ ਤੇ ਉਸ ਦੇ ਆਕਾਰਾਂ ਤੇ ਭਰੋਸਾ ਕਰਨ ਲਈ ਕਿਹਾ ਜਾਂਦਾ ਹੈ। ਨਤੀਜੇ ਵਜੋਂ ਜਿਸ-ਜਿਸ ਤਰ੍ਹਾਂ ਤੁਸੀਂ ਅੱਗੇ ਵਧਦੇ ਹੋ ਉਸ-ਉਸ ਤਰ੍ਹਾਂ ਸਾਡੀ ਸਚੇਨਤਾ ਖਤਮ ਹੁੰਦੀ ਜਾਂਦੀ ਹੈ, ਉਹ ਸਚੇਤਨਤਾ ਜਿਹੜੀ ਸਤਿ ਪ੍ਰਤੀ ਹੈ, ਇਕ ਸਤਿ ਲਈ ਹੈ। ਅਸੀਂ ਇਕੋ ਸਤਿ ਦੀ ਹੋਂਦ ਨੂੰ ਸਮਝਣ ਲਈ ਅਸਮਰੱਥ ਹੋ ਜਾਂਦੇ ਹਾਂ। ਜੇ ਅਸੀਂ ਆਪਣਾ ਪੜ੍ਹਾਈ ਦਾ ਸਾਰਾ ਤਰੀਕਾ ਸਾਰੀ ਪੜ੍ਹਾਈ ਬਦਲ ਦੇਈਏ, ਆਪਣੇ ਬੱਚਿਆਂ ਨੂੰ ਸਤਿ ਦੇ ਚਿੰਤਨ ਕਰਨਾ ਸਿਖਾਈਏ, ਉਨ੍ਹਾਂ ਨੂੰ ਪ੍ਰੇਰੀਏ, ਛੋਟੀ ਆਯੂ ਤੋਂ ਜੇ ਇਸ ਤਰ੍ਹਾਂ ਕਰਨਾ ਸੁਰੂ ਕਰ ਦੇਈਏ, ਫੇਰ ਉਹ ਆਪਣੇ ਅੰਦਰ ਦੇ ਸ੍ਰੋਤ ਦੀ ਸੰਭਾਵਿਕਤਾ ਨੂੰ ਪਛਾਣ ਸਕਣਗੇ। ਫੇਰ ਉਹ ਸੱਤ ਨੂੰ ਬਹੁਤ ਚੰਗੀ ਤਰ੍ਹਾਂ ਨਾਲ ਪਛਾਣ ਸਕਣਗੇ, ਉਨ੍ਹਾਂ ਲਈ ਸਤਿ ਨੂੰ ਪਛਾਨਣਾ ਜਾਨਣਾ ਇਸ ਕਰਕੇ ਸੌਖਾ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਦ੍ਵੈਤ ਬਾਰੇ ਪਤਾ ਹੀ ਨਹੀਂ ਉਨ੍ਹਾਂ ਨੂੰ ਦਵੈਤ ਵਿਚ ਵਿਸ਼ਵਾਸ਼ ਕਰਨ ਲਈ ਦਸਿਆ ਹੀ ਨਹੀਂ ਗਿਆ, ਉਨ੍ਹਾਂ ਦਾ ਭਰੋਸਾ ਦ੍ਵੈਤ ਲਈ ਬਣਾਇਆ ਹੀ ਨਹੀਂ ਗਿਆ, ਸੰਸਾਰ ਦੀ ਅਨੇਕਤਾ ਦੱਸੀ ਹੀ ਨਹੀਂ ਗਈ।

ਇਕ ਦੀ ਹੋਂਦ ਨੂੰ ਨਾ ਮੰਨ ਕੇ ਉਸ ਤੋਂ ਇਨਕਾਰ ਕਰਕੇ ਇਕ ਸਤਿ ਤੋਂ ਪਿੱਛੇ ਹੋ ਕੇ, ਬਾਹਰੀ ਸੰਸਾਰਕ ਪਦਾਰਥਾਂ ਦੀ ਹੋਂਦ ਨੂੰ ਮੰਨ ਕੇ ਜੋ ਕਿ ਇਕ ਛਲ ਰੂਪ ਹੈ, ਭੁਲੇਖਾ ਹੈ, ਅਸੀਂ ਆਪਣੀ ਮਨ ਗੰਦਾ ਕਰ ਲੈਂਦੇ ਹਾਂ, ਵਿਸ਼ੈਲਾ ਕਰ ਲੈਂਦਾ ਹਾਂ, ਨਾਲ ਹੀ ਆਪਣੀ ਅੰਦਰ ਦੀ ਸ਼ਕਤੀ ਖ੍ਰੈ ਕਰ ਲੈਂਦੇ ਹਾਂ, ਖਲੇਰ ਲੈਂਦੇ ਹਾਂ। ਜੇਕਰ ਅਸੀਂ ਜਗਿਆਸਾ ਰੱਖਦੇ ਹਾਂ ਸਤਿ ਦੀ ਖੋਜ ਵਿਚ ਹਾਂ ਪਰ ਬਾਹਰ ਦੇ ਸੰਸਾਰ ਵਿਚ ਖੋਜ ਰਹੇ ਹਾਂ, ਭਾਵੇਂ ਅਸੀਂ ਕਿੰਨੀ ਤੀਬਰ ਜਗਿਆਸਾ ਰੱਖੀਏ, ਜੇ ਸਾਡੇ ਅੰਦਰ ਦੇ ਸਰੋਤ ਸਤਿ ਵਲ ਨਹੀਂ ਹਨ, ਅੰਦਰ ਦੇ ਸਰੋਤ ਸਤਿ ਦੀ ਖੋਜ ਵਲ ਨਹੀਂ ਅਸੀਂ ਖ੍ਰੈ ਕਰ ਰਹੇ ਹਾਂ। ਅਧਿਆਤਮਕ

ਅਭਿਆਸ ਜੇਕਰ ਛੇਤੀ ਛੋਟੀ ਆਯੂ ਵਿਚ ਹੀ ਸ਼ੁਰੂ ਕਰ ਦਿਤਾ ਜਾਵੇ ਤਾਂ ਉਸ ਦਾ ਪ੍ਰਭਾਵ ਬਹੁਤਾ ਗਹਿਰਾ ਡੂੰਘਾ ਤੇ ਬਹੁਤ ਦੇਰ ਤੱਕ ਰਹਿੰਦਾ ਹੈ ਉਸ ਦਾ ਅਨੁਭਵ ਬਹੁਤ ਹੀ ਲੰਮੇ ਸਮੇਂ ਤੱਕ ਰਹਿੰਦਾ ਹੈ।

ਕੋਈ ਇਹੋ ਜਿਹਾ ਮਨੁੱਖ ਨਹੀਂ ਜਿਹੜਾ ਸ਼ਾਂਤੀ, ਖੁਸ਼ੀ ਨਾ ਲੋਚਦਾ ਹੋਵੇ, ਸੰਸਾਰ ਦਾ ਹਰ ਮਨੁੱਖ ਸ਼ਾਂਤੀ, ਖੁਸ਼ੀ ਚਾਹੁੰਦਾ ਹੈ ਪਰ ਸੁਸਤੀ ਕਰਕੇ ਜਾਂ ਕਹਿ ਲਵੋ ਲਾਪਰਵਾਹੀ ਕਰਕੇ ਬਹੁਤ ਸਾਰੇ ਮਨੁੱਖ ਆਪਣੀ ਇੱਛਾ ਪੂਰਤੀ ਨਹੀਂ ਕਰ ਸਕਦੇ, ਜੋ ਕੁਝ ਸੰਸਾਰ ਵਿਚ ਚਾਹੁੰਦੇ ਹਨ ਉਹ ਪ੍ਰਾਪਤ ਨਹੀਂ ਕਰ ਸਕਦੇ। ਮਨੁੱਖ ਦੇ ਅੰਦਰ ਜਾਨਣ ਦੀ ਇੱਛਾ ਹੋਣੀ, ਪ੍ਰਾਪਤੀ ਦੀ ਇੱਛਾ ਹੋਣੀ ਬਹੁਤ ਹੀ ਅਵਸ਼ਕ ਹੈ। ਪਰ ਸਭ ਤੋਂ ਵੱਡੀ ਚੀਜ਼ ਜਿਹੜੀ ਲੋੜੀਂਦੀ ਹੈ ਜਿਹੜੀ ਕਿਸੇ ਵੀ ਜਗਿਆਸੂ ਕੋਲ ਅਵਸ਼ ਹੋਣੀ ਚੀਹੀਦੀ ਹੈ ਉਹ ਹੈ ਸੁਸਤੀ ਦਾ ਤਿਆਗ, ਆਲਸ ਦਾ ਤਿਆਗ, ਅਣਗਹਿਲੀ ਦਾ ਤਿਆਗ। ਇਨ੍ਹਾਂ ਦੋਨਾਂ ਤੋਂ ਛੁਟਕਾਰਾ ਕਰਨ ਲਈ ਲੋੜ ਹੈ ਅਭਿਆਸ, ਅਭਿਆਸ ਹੋਰ ਅਭਿਆਸ, ਅਭਿਆਸ ਦੇ ਨਾਲ ਲੋਂਡਡ ਹੈ ਸੱਚੇ ਮਨ ਨਾਲ, ਨਿਸ਼ਕਪਟ ਹੋ ਕੇ ਜਤਨ ਕਰਨ ਵਿਚ ਉਪਰਾਲੇ ਵਿਚ ਲਗ ਜਾਣਾ। ਜਗਿਆਸੂ ਇਨ੍ਹਾਂ ਦੋਨੋਂ ਸ਼ਤਰੂਆਂ ਨੂੰ ਅਭਿਆਸ ਅਤੇ ਜਤਨ ਨਾਲ ਹੀ ਜਿੱਤ ਸਕਦਾ ਹੈ ਇਨ੍ਹਾਂ ਤੇ ਕਾਬੂ ਪਾ ਸਕਦਾ ਹੈ। ਬਹੁਤ ਵਾਰੀ ਅਭਿਆਸ ਨਾ ਕਰਨ ਕਰਕੇ ਜਗਿਆਸੂ ਆਪਣੇ ਅੰਦਰ ਦੀ ਸੰਭਾਵਿਕਤਾ ਨੂੰ ਅੰਦਰ ਦੀ ਦ੍ਰਿੜ੍ਹਤਾ ਨੂੰ ਜੋ ਅਜਿੱਤ ਹੈ ਜਾਂ ਅਚੇਤ ਪੱਧਰ ਤੇ ਕਿਸੇ ਵੀ ਪੱਧਰ ਤੇ ਹਰ ਕੋਈ ਜੀਵਨ ਮਨੋਰਥ ਜਾਣਦਾ ਹੈ, ਨਹੀਂ ਜਾਣਦਾ ਤਾਂ ਠੀਕ ਤਰੀਕੇ ਨਹੀਂ ਜਾਣਦਾ ਇਹ ਨਹੀਂ ਜਾਣਦਾ ਕਿਹੜਾ ਰਸਤਾ ਕਿੱਥੋਂ ਸ਼ੁਰੂ ਕਰਨਾ ਹੈ, ਕਿਹੜੇ ਤਰੀਕੇ ਦੀ ਕਿਵੇਂ ਵਰਤੋਂ ਕਰਨੀ ਹੈ, ਉਹ ਆਪਣੀ ਮੰਜ਼ਲ ਹੀ ਨਹੀਂ ਪਛਾਣ ਸਕਦਾ, ਨਾ ਹੀ ਆਪਣੇ ਗੋਲ ਤੇ ਪਹੁੰਚ ਸਕਦਾ ਹੈ. ਸਤਿ ਨੂੰ ਪ੍ਰਾਪਤ ਕਰਨ ਦੀ ਪਹਿਲੀ ਪੌੜੀ ਹੈ ਅਭਿਆਸ, ਅਭਿਆਸ ਅਭਿਆਸ ਕਰਨ ਦਾ ਠੀਕ ਉਤਮ ਤਰੀਕਾ ਦੂਸਰੀ ਪੌੜੀ ਹੈ ਦਿਆਨਤਦਾਰੀ ਈਮਾਨਦਾਰੀ ਨਾਲ ਰੋਜ਼ ਦ੍ਰਿੜ੍ਹਤਾ ਨਾਲ ਅਭਿਆਸ ਕਰਦੇ ਰਹਿਣਾ, ਲੰਮੇ ਸਮੇਂ ਤੱਕ ਕਰਦੇ ਰਹਿਣਾ। ਇਹ ਦੋਨੋਂ ਗੱਲਾਂ ਤਾਂ ਹੀ ਹੋ ਸਕਦੀਆਂ ਹਨ ਜੇਕਰ ਜਗਿਆਸੂ ਹੇਠ ਲਿਖੇ ਤਿੰਨ ਰੂਪ, ਅਸੂਲ ਲਾਗੂ ਕਰ ਲਵੇ -

1. ਆਪਣੇ ਮੰਤਵ ਪ੍ਰਤੀ ਆਪਣੇ ਗੋਲ ਪ੍ਰਤੀ ਸੁਚੇਤ ਰਹੋ, ਜੋ ਵੀ ਕਾਰਜ ਕਰੋ ਗੋਲ ਪ੍ਰਾਪਤੀ ਲਈ ਕਰੋ, ਹਰ ਸਮੇਂ ਤੁਹਾਡਾ ਕਾਰਜ ਗੋਲ ਪ੍ਰਾਪਤੀ ਲਈ ਹੀ ਹੋਣਾ ਚਾਹੀਦਾ ਹੈ।

2. ਆਪਣੇ ਸਮੇਂ ਦਾ ਸਦ ਉਪਯੋਗ ਕਰੋ ਸਮੇਂ ਨੂੰ ਚੰਗੇ ਪਾਸੇ ਲਾਓ ਜੋ ਕੁਝ ਚੰਗਾ ਕਰ ਸਕਦੇ ਹੋ ਕਰੋ।

3. ਕਿਸੇ ਵੀ ਸਥਿਤੀ ਵਿਚ ਹੋਵੋ, ਹਾਲਾਤ ਵਿਚ ਹੋਵੋ ਪ੍ਰਸੰਨ ਰਹੋ, ਖੁਸ਼ ਰਹੋ।

ਜਗਿਆਸੂ ਨੂੰ ਸੰਸਾਰ ਦੇ ਸਾਰੇ ਵਸਤੂ ਵਿਸ਼ੇ ਪ੍ਰਮਾਤਮਾ ਪ੍ਰਾਪਤੀ ਦੇ ਸਾਧਨ ਬਣਾ ਲੈਣੇ ਚਾਹੀਦੇ ਹਨ। ਜਗਿਆਸੂ ਨੂੰ ਚਾਹੀਦਾ ਹੈ ਉਹ ਸੰਸਾਰਕ ਦੇ ਲੋਭ, ਲਾਲਚ ਮਾਇਆ ਜਾਲ ਵਿਚ ਨਾ ਉਲਝ ਜਾਵੇ।

ਜਿਹੜੇ ਵਿਆਹੁਤਾ ਜੋੜੇ ਆਤਮ ਮਾਰਗ ਉਤੇ ਹਨ ਉਨ੍ਹਾਂ ਲਈ ਇਹ ਸੰਜੋਗ ਆਧਿਆਤਮ ਮਾਰਗ ਦਾ ਉਥਾਨ ਦਾ ਸਾਧਨ ਹੈ, ਸੰਸਾਰ ਵਿਚ ਰਹਿੰਦਿਆਂ ਜੇਕਰ ਪਤੀ ਪਤਨੀ ਇਕ ਦੂਸਰੇ ਲਈ ਆਤਮ ਮਾਰਗ ਦੇ ਪਾਂਧੀ ਬਣ ਜਾਣ, ਤਾਂ ਦੋਨੋਂ ਹੀ ਆਪਣੇ ਗੋਲ ਤੇ ਬੜੀ ਅਨੰਦ ਅਵਸਥਾ ਤੇ ਬੜੇ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਪਹੁੰਚ ਸਕਦੇ ਹਨ ਪਰ ਜੇ ਇਹ ਗੱਲ ਨਹੀਂ ਉਹ ਇਕ ਦੂਸਰੇ ਨੂੰ ਕੇਵਲ ਇਕ ਭੋਗ ਵਿਲਾਸ ਦਾ ਸਾਧਨ ਹੀ ਦੇਖਦੇ ਹਨ, ਫੇਰ ਉਹ ਜੀਵਨ ਮਨੋਰਥ ਤੋਂ ਖੁੰਜੇ ਹੋਏ ਹਨ, ਉਹ ਆਪਣੇ ਵਾਸਤਵਿਕ ਗੋਲ ਤੋਂ ਭਟਕੇ ਹੋਏ ਹਨ। ਪਤੀ, ਪਤਨੀ, ਪਰਿਵਾਰ, ਧਨ ਦੌਲਤ, ਸੰਸਾਰਕ ਪਦਾਰਥਾਂ ਇਨ੍ਹਾਂ ਦਾ ਮੰਤਵ ਤਾਂ ਸਾਧਨ ਲਈ ਪ੍ਰੇਰਨਾ ਹੈ, ਆਤਮ ਮਾਰਗ ਦੇ ਅਭਿਆਸ ਲਈ ਹੈ। ਪਰ ਜੋ ਦੇਖਣ ਵਿਚ ਆਉਂਦਾ ਹੈ ਉਹ ਹੈ ਕਿ ਗ੍ਰਹਿਸਤ ਤਾਂ ਅਧਿਆਤਮਕ ਮਾਰਗ ਵਲ ਘਟ ਹੀ ਪਰੇਰੇ ਜਾਂਦੇ ਹਨ, ਇਹ ਅਗਿਆਨ ਕਰਕੇ ਹੀ ਹੈ, ਬਹੁਤ ਵਾਰੀ ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੀ ਨਹੀਂ ਹੁੰਦਾ। ਨਤੀਜੇ ਵਜੋਂ ਗ੍ਰਹਿਸਤ ਰਿਸ਼ਤਿਆਂ ਵਿਚ ਸਬੰਧਾਂ ਵਿਚ ਹੀ ਫਸ ਕੇ ਰਹਿ ਜਾਂਦੇ ਹਨ, ਸੰਸਾਰਕ ਵਸਤੂ, ਵਿਸ਼ਿਆਂ ਵਿਚ ਹੀ ਉਲਝ ਜਾਂਦੇ ਹਨ। ਮੋਹ ਬੰਧਨ ਦਾ ਕਾਰਣ ਬਣ ਜਾਂਦਾ ਹੈ, ਮੋਹ ਤੋਂ ਮੁਕਤੀ ਕੇਵਲ ਸਾਧਨਾ ਨਾਲ ਹੀ ਸੰਭਵ ਹੈ।

ਸੰਸਾਰ ਵਿਚ ਪ੍ਰੇਮ ਸਹਿਤ ਰਹਿਣਾ, ਸਕਾਰਾਤਮਕ ਪ੍ਰਵਿਰਤੀ ਰੱਖਣੀ ਬਹੁਤ ਅੱਛੀ ਗੱਲ ਹੈ ਪਰ ਸੰਸਾਰ ਦੀ ਕਿਸੇ ਚੀਜ਼ ਨਾਲ ਮੋਹ ਨਹੀਂ ਪਾਉਣਾ ਚਾਹੀਦਾ। ਮੋਹ ਤੇ ਪ੍ਰੇਮ ਦਾ ਅੰਤਰ ਸਮਝ ਕੇ, ਜਾਣ ਕੇ ਮਨੁੱਖ ਬਹੁਤ ਹੱਦ ਤੱਕ ਆਪਣਾ ਵਿਚਾਰ ਬਦਲ ਸਕਦਾ ਹੈ ਜਿਸ ਨਾਲ ਸੰਸਾਰ ਵਿਚ ਰਹਿਣਾ ਸੌਖਾ ਹੋ ਜਾਂਦਾ ਹੈ। ਨਾਲ ਹੀ ਸੰਸਾਰਕ ਵਸਤੂਆਂ ਦੀ ਵਰਤੋਂ ਦਾ ਸਾਧਨ ਵੀ ਆਤਮ ਮਾਰਗ ਦੀ ਵਰਤੋਂ ਲਈ ਹੋ ਜਾਂਦਾ ਹੈ। ਹੌਲੀ-ਹੌਲੀ ਹਿਰਦਾ ਸ਼ੁੱਧ ਹੋ ਕੇ, ਕਾਇਆ ਕਲਪ ਹੋ ਕੇ ਮੋਹ, ਪ੍ਰੇਮ ਦਾ ਰੂਪ ਲੈ ਲੈਂਦਾ ਹੈ, ਇਸ ਤਰ੍ਹਾਂ ਨਾਲ ਉਹ ਤੁਹਾਡੀ ਕਮਜ਼ੋਰੀ ਦੀ ਥਾਂ ਇਕ ਸ਼ਕਤੀ ਦਾ ਰੂਪ ਧਾਰਨ ਕਰ ਲੈਂਦਾ ਹੈ। ਅਗਿਆਨ ਕਾਰਣ ਮਨੁੱਖ ਆਪਣੇ ਆਪ ਨੂੰ ਸੰਸਾਰਕ ਪਦਾਰਥਾਂ ਦਾ ਮਾਲਕ ਸਮਝ ਬੈਠਦਾ ਹੈ ਉਹ ਵਸਤੂਆਂ ਨਾਲ ਜੁੜ ਜਾਂਦਾ ਹੈ, ਜਦੋਂ ਕੋਈ ਵਸਤੂ ਖਤਮ ਹੋ ਜਾਂਦੀ ਹੈ ਜਾਂ ਉਸ ਤੋਂ ਲੈ ਲਈ ਜਾਂਦੀ ਹੈ ਉਸ ਨੂੰ ਦੁਖ ਪਹੁੰਚਦਾ ਹੈ, ਉਹ ਦੁਖੀ ਹੋ ਜਾਂਦਾ ਹੈ। ਮੋਹ ਇਕ ਤਰ੍ਹਾਂ ਨਾਲ ਹਉਮੈ ਦਾ ਪ੍ਰਤੀਕ ਹੋ ਕੇ ਆਪਣੇ ਆਪ ਨੂੰ ਚੀਜ਼ਾਂ ਦਾ ਮਾਲਕ ਬਣਾ ਲੈਂਦਾ ਹੈ ਜਦੋਂ ਕਿ ਪ੍ਰੇਮ ਭਾਵ ਮਨੁੱਖ ਨੂੰ ਆਪਣੀ ਹਉਮੈ ਉਸ ਪ੍ਰਮਾਤਮਾ ਦੇ ਚਰਨਾਂ ਤੇ ਸਮਰਪਣ ਕਰਕੇ ਤਾਂ ਵਸਤੂਆਂ ਨੂੰ ਕੇਵਲ ਇਕ ਸਾਧਨ ਦੀ ਤਰ੍ਹਾਂ ਹੀ ਵਰਤਦਾ ਹੈ, ਉਸ ਪਿਆਰੇ ਦੀ ਦਾਤ ਜਾਣ ਕੇ ਉਨ੍ਹਾਂ ਦੀ ਵਰਤੋਂ

ਕਰਦਾ ਹੈ। ਇਸ ਤਰ੍ਹਾਂ ਨਾਲ ਮੋਹ ਬੰਧਨ ਹੈ, ਪ੍ਰੇਮ ਮੁਕਤੀ ਦਾ ਸ੍ਰੋਤ ਹੈ। ਨਿਰੋਲ ਪ੍ਰੇਮ ਭਾਵ ਨਾਲ ਤੁਸੀਂ ਅਦ੍ਵੈਤ ਦੀ, ਅਵਸਥਾ ਤੇ ਪਹੁੰਚਦੇ ਹੋ, ਦੂਸਰੇ ਪਾਸੇ ਮੋਹ ਦੇ ਬੱਧੇ, ਤੁਸੀਂ ਹਉਮੈ ਵਿਚ ਹੀ ਫਸੇ ਰਹਿੰਦੇ ਹੋ।

ਭਰੋਸਾ ਦੋ ਤਰ੍ਹਾਂ ਦਾ ਹੈ। ਇਕ ਉਹ ਹੈ ਜਿਹੜਾ ਪ੍ਰੇਖਣ ਨਾਲ ਆਉਂਦਾ ਹੈ, ਵਧਦਾ ਹੈ, ਦੂਸਰਾ ਤੁਹਾਡੇ ਆਪਣੇ ਸਿੱਧੇ ਅਨੁਭਵ ਨਾਲ ਜਿਹੜਾ ਉਨ੍ਹਾਂ ਦਾ ਆਪਣਾ ਸ੍ਰੋਤ ਹੈ ਉਸ ਨਾਲ ਆਉਂਦਾ ਹੈ। ਪਹਿਲੀ ਤਰ੍ਹਾਂ ਦਾ ਭਰੋਸਾ ਬਚਪਨ ਵਿਚ ਆਉਂਦਾ ਹੈ ਜਦੋਂ ਮਨ ਬਿਲਕੁਲ ਸ਼ੁੱਧ ਨਿਰੋਲ ਹੁੰਦਾ ਹੈ, ਬੱਚੇ ਜੋ ਸੁਣਦੇ ਹਨ, ਜੋ ਕੁਝ ਵੀ ਦੇਖਦੇ ਹੋ ਉਹ ਮੰਨ ਲੈਂਦੇ ਹਨ। ਇਸ ਅਵਸਥਾ ਤੇ ਜਦੋਂ ਵੀ ਕੋਈ ਸ਼ਬਦ ਸੁਣੇ ਉਸੇ ਸਮੇਂ ਉਸ ਦਾ ਅਰਥ ਦਿਮਾਗ ਵਿਚ ਆ ਜਾਂਦਾ ਹੈ, ਮਨ ਉਸ ਸ਼ਬਦ ਨੂੰ, ਸ਼ਬਦ ਦੇ ਅਰਥ ਨੂੰ ਬਿਲਕੁਲ ਸਤਿ ਮੰਨਦਾ ਹੈ। ਏਨਾ ਹੀ ਨਹੀਂ ਸ਼ਬਦ ਦੇ ਨਾਲ, ਸ਼ਬਦ ਦੇ ਅਰਥ ਦੇ ਨਾਲ, ਅੱਖਾਂ ਅੱਗੇ ਉਸ ਚੀਜ਼ ਦਾ ਆਕਾਰ ਵੀ ਸਾਮ੍ਹਣੇ ਆ ਜਾਂਦਾ ਹੈ। ਬਚਪਨ ਦਾ ਮਨ ਤਾਂ ਇਕ ਸਾਫ ਖਾਲੀ ਕਾਗਜ਼ ਦੀ ਤਰ੍ਹਾਂ ਹੈ, ਜੋ ਵੀ ਦੇਖੋ ਸੁਣੋ ਕਰੋ ਉਸ ਉਤੇ ਉਕਰਿਆ ਜਾਂਦਾ ਹੈ, ਲਿਖਿਆ ਜਾਂਦਾ ਹੈ। ਜੋ ਵੀ ਇਸ ਅਵਸਥਾ ਤੇ ਅੰਦਰ ਜਾਂਦਾ ਹੈ, ਉਹ ਸਦਾ ਲਈ ਲਿਖਿਆ ਜਾਂਦਾ ਹੈ, ਬੱਚਾ ਉਸ ਸਭ ਕੁਝ ਨੂੰ ਪੂਰਾ ਸਤਿ ਹੀ ਮੰਨਦਾ ਹੈ। ਬੱਚੇ ਦਾ ਮਨ ਸਾਫ ਨਿਰੋਲ ਹੋਣ ਕਾਰਣ, ਵਿਸ਼ਾਲ ਹੋਣ ਕਾਰਣ, ਬੱਚਾ ਸਭ ਕੁਝ ਨੂੰ ਮੰਨ ਲੈਂਦਾ ਹੈ। ਜਿਵੇਂ ਬੱਚਾ ਵੱਡਾ ਹੁੰਦਾ ਹੈ ਉਸ ਦਾ ਇਹ ਸੁਭਾਅ ਭਾਵ ਹਰ ਚੀਜ਼ ਨੂੰ ਹਰ ਗੱਲ ਨੂੰ ਮੰਨ ਲੈਣ ਦਾ ਸੁਭਾਅ ਖਤਮ ਹੋ ਜਾਂਦਾ ਹੈ, ਫੇਰ ਤਾਂ ਉਹ ਹਰ ਇਕ ਗੱਲ ਨੂੰ ਮੰਨਦਾ ਹੈ ਨਾ ਹੀ ਉਹ ਉਸ ਤਰ੍ਹਾਂ ਨਾਲ ਵਿਸ਼ਵਾਸ਼ ਕਰਦਾ ਹੈ। ਇਕ ਪੱਖੋਂ ਦੇਖਿਆ ਜਾਵੇ ਤਾਂ ਬਚਨ ਦੀ ਅਵਸਥਾ ਇਕ ਅੰਧ ਵਿਸ਼ਵਾਸ਼ ਦੀ ਅਵਸਥਾ ਕਹੀ ਜਾ ਸਕਦੀ ਹੈ ਕਿਉਂਕਿ ਇਸ ਅਵਸਥਾ ਤੇ ਜਦੋਂ ਬੱਚਾ ਵੱਡਾ ਹੋ ਰਿਹਾ ਹੈ ਉਹ ਕਿਸੇ ਵੀ ਗੱਲ ਦਾ ਪੁਸ਼ਟੀਕਰਨ ਕਰਨਾ ਅਵੱਸ਼ਕ ਨਹੀਂ ਸਮਝਦਾ, ਨਾ ਹੀ ਕਿਸੇ ਗੱਲ ਦੀ ਪ੍ਰਮਾਣਿਕਤਾ ਨੂੰ ਦੇਖਦਾ ਹੈ, ਉਹ ਤਾਂ ਹਰ ਗੱਲ ਹਰ ਚੀਜ਼ ਵਿਚ ਬੱਸ ਵਿਸ਼ਵਾਸ਼ ਹੀ ਰੱਖਦਾ ਹੈ, ਕਰਦਾ ਹੈ। ਬੱਚੇ ਦਾ ਭਰੋਸਾ ਨਾ ਤਾਂ ਉਸ ਦੇ ਆਪਣੇ ਅਨੁਭਵ ਦੇ ਚਾਨਣ ਨਾਲ ਹੈ ਤੇ ਨਾ ਹੀ ਕਿਸੇ ਤਰਕ ਜਾਂ ਯੁਕਤੀ ਨਾਲ ਸਬੰਧਿਤ ਹੁੰਦੀ ਹੈ।

ਦੂਸਰੀ ਪ੍ਰਕਾਰ ਦਾ ਵਿਸ਼ਵਾਸ਼ ਆਪਣੇ ਸਿੱਧੇ ਅਨੁਭਵ ਨਾਲ ਹੁੰਦਾ ਹੈ, ਆਪਣੇ ਸਤਿ ਦੇ ਅਨੁਭਵ ਨਾਲ ਹੁੰਦਾ ਹੈ। ਇਸ ਤਰ੍ਹਾਂ ਦੇ ਵਿਸ਼ਵਾਸ਼ ਦਾ ਸ੍ਰੋਤ ਆਪਣਾ ਨਿਜੀ ਅਨੁਭਵ ਹੀ ਹੁੰਦਾ ਹੈ ਇਸ ਪ੍ਰਕਾਰ ਦੇ ਵਿਸ਼ਵਾਸ਼ ਲਈ ਕੋਈ ਪ੍ਰਮਾਣਿਕਤਾ ਲਈ ਕਿਸੇ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਜਿਸ ਤਰ੍ਹਾਂ ਬੱਚਾ ਵੱਡਾ ਹੁੰਦਾ ਹੈ, ਬੱਚੇ ਦੀ ਬੁੱਧੀ ਜਿਵੇਂ ਵਿਸਤ੍ਰਿਤ ਹੁੰਦੀ ਹੈ ਉਹ ਬੁੱਧੀ ਦੇ ਪੱਧਰ ਤੇ ਆਪਣੇ ਹਰ ਵਿਸ਼ਵਾਸ਼ ਦੀ ਪੋਸ਼ਟਿਕਤਾ ਲੱਭਦਾ ਹੈ। ਜੇ ਉਸਨੂੰ ਬੁੱਧੀ ਦੇ ਪੱਧਰ ਤੇ ਤਸੱਲੀਬਖਸ਼ ਉਤਰ ਮਿਲ ਜਾਵੇ, ਉਹ ਸੰਤੁਸ਼ਟ ਹੋ ਜਾਵੇ ਤਾਂ ਤੇ ਉਹ ਆਪਣੇ ਭਰੋਸਾ ਬਣਾਈ ਰੱਖਦਾ ਹੈ, ਨਹੀਂ ਤਾਂ ਉਹ ਪੂਰੀ ਤਰ੍ਹਾਂ ਨਾਲ ਛੱਡ ਦਿੰਦਾ ਹੈ। ਬੱਚੇ ਦੀ ਬੁੱਧੀ ਦੇ ਪੱਧਰ ਤੋਂ ਬਣਿਆ ਵਿਸ਼ਵਾਸ਼ ਉਦੋਂ ਹੀ ਰਹਿ ਸਕਦਾ ਹੈ ਜਦੋਂ ਉਸ ਦੇ ਨਾਲ ਬੱਚੇ ਨੂੰ ਸਿੱਧਾ-ਸਿੱਧਾ ਅਨੁਭਵ ਵੀ ਹੋ ਜਾਵੇ। ਦੋਨੋਂ ਗੱਲਾਂ! ਅਟੁੱਟ ਵਿਸ਼ਵਾਸ਼, ਬੁੱਧੀ ਦੇ ਪੱਧਰ ਤੇ ਭਰੋਸਾ ਇਹ ਮਨੁੱਖ ਦੇ ਆਪਣੇ ਅਨੁਭਵ ਦੇ ਸਾਮ੍ਹਣੇ ਫਿੱਕੇ ਪੈ ਜਾਂਦੇ ਹਨ।

ਜਿਸ ਤਰ੍ਹਾਂ ਦੇ ਸਾਡੇ ਮਿਲਣ ਜੁਲਣ ਵਾਲੇ ਹਨ, ਜਿਸ ਤਰ੍ਹਾਂ ਸਾਡੇ ਆਸ ਪਾਸ ਵਾਤਾਵਰਣ ਹੈ ਜਿਸ ਵਿਚ ਅਸੀਂ ਰਹਿੰਦੇ ਹਾਂ ਉਸ ਸਾਡੇ ਉਪਰ ਬੜਾ ਅਮਿੱਟ ਭਾਵ ਕਦੀ ਨਾ ਮਿਟਣ ਵਾਲਾ ਪ੍ਰਭਾਵ ਪੈਂਦਾ ਹੈ, ਸਾਡਾ ਸਾਰਾ ਵਿਕਾਸ ਉਸ ਨਾਲ ਪ੍ਰਭਾਵਿਤ ਹੁੰਦਾ ਹੈ। ਜੇਕਰ ਬਚਪਨ ਵਿਚ ਗਲਤ ਤਰ੍ਹਾਂ ਦੇ ਭਰੋਸੇ ਬਣ ਜਾਣ ਉਹ ਬਾਅਦ ਵਾਲੇ ਜੀਵਨ ਲਈ ਬਹੁਤ ਹੀ ਵੱਡਾ ਅੜਿੱਕਾ ਬਣ ਜਾਂਦੇ ਹਨ। ਜੇਕਰ ਛੋਟੀ ਉਮਰ ਵਿਚ ਬੱਚਾ ਵਿਸਤ੍ਰਿਤ, ਮਾਤਾ ਪਿਤਾ ਨਾਲ ਜਿਹੜੇ ਪੂਰੀ ਤਰ੍ਹਾਂ ਸੂਝਵਾਨ ਹਨ ਉਸ ਉਤੇ ਚੰਗੇ ਸੰਸਕਾਰਾਂ ਦਾ ਪ੍ਰਭਾਵ ਪੈਂਦਾ ਹੈ, ਉਸ ਨੂੰ ਠੀਕ ਚੰਗੀਆਂ ਕੀਮਤਾਂ ਮਿਲਦੀਆਂ ਹਨ, ਚੰਗੇ ਗੁਣ ਉਹ ਗ੍ਰਹਿਣ ਕਰਦਾ ਹੈ, ਠੀਕ ਤਰ੍ਹਾਂ ਦੇ ਵਿਸ਼ਵਾਸ਼, ਸਦਗੁਣ ਪ੍ਰਾਪਤ ਹੁੰਦੇ ਹਨ ਉਸ ਦੇ ਅੰਦਰ ਦ੍ਰਿੜ੍ਹ ਵਿਸ਼ਵਾਸ਼ ਸਤਿ ਦੇ ਬੀਜ ਬਚਪਨ ਵਿਚ ਪੈ ਜਾਂਦੇ ਹਨ ਤੇ ਹੌਲੀ-ਹੌਲੀ ਫੇਰ ਉਹ ਪੁੰਗਰ ਕੇ ਵੱਡੇ ਹੁੰਦੇ ਜਾਂਦੇ ਹਨ ਉਸ ਦੇ ਮਨ ਦੀ ਸ਼ੁਧੀ, ਭੋਲਾਪਨ ਫੇਰ ਬਣਿਆ ਰਹਿੰਦਾ ਹੈ। ਫੇਰ ਇਕ ਦਿਨ ਇਹੋ ਜਿਹੇ ਵਡਭਾਗੀ ਜੀਵਨ ਵਿਚ ਸਿੱਧਾ ਅਨੁਭਵ ਪ੍ਰਾਪਤ ਕਰ ਲੈਂਦਾ ਹੈ ਕਿਉਂਕਿ ਉਸ ਦਾ ਵਿਸ਼ਵਾਸ਼ ਸੱਚਾ ਸੁੱਚਾ ਹੈ।

ਇਕ ਵਾਰੀ ਜਦੋਂ ਬਚਪਨ ਜਾਂਦਾ ਰਹਿੰਦਾ ਹੈ, ਬੁੱਧੀ ਪ੍ਰਬਲ ਹੋ ਜਾਂਦੀ ਹੈ, ਫੇਰ ਅਸੀਂ ਭਰੋਸੇ ਦਾ ਪ੍ਰਮਾਣ ਲੱਭਦੇ ਹਾਂ। ਜਿਹੜਾ ਭਰੋਸਾ ਸਤਿ ਦੀ ਨੀਂਹ ਤੇ ਬਣਿਆ ਹੈ ਜਿਸ ਦਾ ਸ੍ਰੋਤ ਹੀ ਸਤਿ ਹੈ, ਉਹ ਅੰਤ ਵਿਚ ਸ਼ਕਤੀ ਦਾ ਸ੍ਰੋਤ ਬਣਦਾ ਹੈ। ਜਿਹੜਾ ਭਰੋਸਾ ਪ੍ਰਤੱਖ ਸਤਿ ਦੇ ਅਨੁਭਵ ਤੇ ਟਿਕਿਆ ਹੋਇਆ ਹੈ, ਉਸ ਨੂੰ ਕੋਈ ਤਰਕ ਕੋਈ ਵਿਵੇਚਨ ਨਹੀਂ ਕਰ ਸਕਦਾ ਉਸ ਨੂੰ ਸ਼ਰਧਾ ਕਿਹਾ ਗਿਆ ਹੈ ਉਹ ਸ਼ਰਧਾ ਹੈ ਨਿਰੋਲ ਸ਼ਰਧਾ। ਇਸ ਤਰ੍ਹਾਂ ਦਾ ਭਰੋਸਾ ਬਹੁਤ ਲੰਮੇ ਸਮੇਂ ਨਾਲ ਬਣਦਾ ਹੈ। ਇਸ ਤਰ੍ਹਾਂ ਦੇ ਭਰੋਸੇ ਦੀ ਪ੍ਰੌੜਤਾ ਬਾਰ-ਬਾਰ ਅਨੁਭਵ ਨਾਲ ਹੁੰਦੀ ਹੈ, ਜਦੋਂ ਬਾਰ-ਬਾਰ ਅਨੁਭਵ ਹੁੰਦਾ ਹੈ ਤਾਂ ਇਹ ਭਰੋਸਾ ਦ੍ਰਿੜ੍ਹ ਹੁੰਦਾ ਜਾਂਦਾ ਹੈ। ਸਤਿ ਦਾ ਪ੍ਰਤੱਖ ਅਨੁਭਵ ਸਾਰੇ ਸ਼ੰਕੇ ਨਵਿਰਤ ਕਰ ਦਿੰਦਾ ਹੈ, ਨਾਲ ਹੀ ਜਗਿਆਸੂ ਨੂੰ ਇਕ ਨਿਰਣੇਪੂਰਵਕ ਗਿਆਨ ਦੇ ਦਿੰਦਾ ਹੈ। ਇਹੋ ਜਿਹੀ ਸਮਝ ਜਦੋਂ ਇਸ ਤਰ੍ਹਾਂ ਜਗਿਆਸੂ ਸਮਝ ਜਾਂਦਾ ਹੈ ਤਾਂ ਇਹੋ ਜਿਹਾ ਗਿਆਨ ਉਸ ਦਾ ਹਿੱਸਾ ਬਣ ਜਾਂਦਾ ਹੈ ਭਾਵ ਉਸ ਦੇ ਅੰਦਰ ਸਮਾਜ ਦਾ ਗਿਆਨ ਪੱਕਾ ਹੋ ਜਾਂਦਾ ਹੈ, ਫੇਰ ਉਹ ਉਸ ਗਿਆਨ ਦਾ ਪ੍ਰਮਾਣ ਨਹੀਂ ਢੂੰਡਦਾ। ਉਸ ਦਾ ਅੰਦਰ ਜਾਣ ਜਾਂਦਾ ਹੈ ਕਿ ਉਹ ਜਾਣਦਾ ਹੈ ਇਹ ਹੀ

ਵਿਸ਼ਵਾਸ਼ ਹੈ, ਭਰੋਸਾ ਹੈ। ਇਸੇ ਭਰੋਸੇ ਤੇ ਉਹ ਆਪਣੀ ਖੋਜ ਸ਼ੁਰੂ ਕਰਦਾ ਹੈ ਤੇ ਆਪਣੇ ਗੋਲ ਤੇ ਪਹੁੰਚ ਜਾਂਦਾ ਹੈ। ਦੇਖਣ ਵਿਚ ਆਇਆ ਹੈ ਕਿ ਆਮ ਤੌਰ ਤੇ ਲੋਕਾਂ ਦਾ ਭਰੋਸਾ ਇਸ ਤਰ੍ਹਾਂ ਦਾ ਨਹੀਂ ਹੁੰਦਾ, ਉਹ ਤਾਂ ਆਪਣੇ ਛੋਟੇ ਜਿਹੇ ਭਰੋਸੇ ਤੇ ਹੀ ਜੀਉਂਦੇ ਹਨ। ਪ੍ਰਮਾਤਮਾ ਦਾ ਵਿਸ਼ਵਾਸ਼ ਹੀ ਪ੍ਰਮਾਤਮਾ ਤੱਕ ਪਹੁੰਚਾ ਦਿੰਦਾ ਹੈ ਹਾਂ ਬਹੁਤ ਵਾਰੀ ਨਿਰਾਸ਼ਾ ਦਾ ਸਾਮ੍ਹਣਾ ਕਰਨਾ ਪੈਂਦਾ ਹੈ।

ਸੰਸਾਰ ਦੇ ਹਰ ਭਾਗ ਵਿਚ ਸੰਤਾਂ ਦੇ ਕੌਤਕ ਉਨ੍ਹਾਂ ਦੇ ਜੀਵਨ ਦੀਆਂ ਗਾਥਾ ਲੱਗਭੱਗ ਇਕੋ ਜਿਹੀਆਂ ਹੀ ਹੁੰਦੀਆਂ ਹਨ, ਅਨੇਕਾਂ ਕੌਤਕ ਉਨ੍ਹਾਂ ਦੇ ਜੀਵਨ ਵਿਚ ਵਾਪਰੇ ਹੁੰਦੇ ਹਨ ਜਿਨ੍ਹਾਂ ਦਾ ਕੋਈ ਜਵਾਬ ਨਹੀਂ ਹੋ ਸਕਦਾ। ਭਾਵੇਂ ਕੋਈ ਕਿੰਨਾ ਹੀ ਬੁੱਧੀ ਦੇ ਪੱਧਰ ਤੇ ਇਨ੍ਹਾਂ ਦਾ ਜਵਾਬ ਸੋਚੇ, ਭਾਵੇਂ ਕੋਈ ਕਿੰਨਾਂ ਵੀ ਦੁਬਿਧਾ ਵਿਚ ਹੋਵੇ, ਕਿਸੇ ਨਾ ਕਿਸੇ ਵੇਲੇ ਕਿਤੇ ਨਾ ਕਿਤੇ ਪਹੁੰਚ ਕੇ, ਮਨੁੱਖ ਨੂੰ ਰੱਬ ਦੀ ਹੋਂਦ ਮੰਨਣੀ ਪੈਂਦੀ ਹੈ ਉਸ ਅੱਗੇ ਸਿਰ ਝੁਕਾਣਾ ਹੀ ਪੈਂਦਾ ਹੈ, ਇਹ ਮੰਨਣਾ ਪੈਂਦਾ ਹੈ ਕਿ ਕੋਈ ਸ਼ਕਤੀ ਹੈ ਜਿਹੜੀ ਇਹ ਸ੍ਰਿਸ਼ਟੀ ਦੀ ਸਿਰਜਨਾ ਕਰਕੇ ਇਸਨੂੰ ਚਲਾ ਰਹੀ ਹੈ।

ਸਾਡੀ ਸੋਚ ਕ੍ਰਿਆ ਦੀ ਸ਼ਕਤੀ ਦੀ ਉਸ ਪ੍ਰਮਾਤਮਾ ਤੋਂ ਹੀ ਆਉਂਦੀ ਹੈ। ਸਰਬ ਵਿਆਪਕ ਹੋਣ ਕਾਰਣ ਪ੍ਰਮਾਤਮਾ ਦੀ ਸ਼ਕਤੀ ਮਨੁੱਖ ਦੀ ਸਾਰੀ ਦੀ ਸਾਰੀ ਹੋਂਦ ਵਿਚ ਵਿਆਪਕ ਹੈ ਸਾਰੇ ਅਨੁਭਵ ਉਸ ਦੀ ਸ਼ਕਤੀ ਦਾ ਹੀ ਪ੍ਰਮਾਣ ਹਨ, ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਕੇਵਲ ਉਹ ਹੀ ਵਿਚਰ ਰਿਹਾ ਹੈ ਉਹ ਪ੍ਰਮਾਤਮਾ ਦੀ ਸ਼ਕਤੀ ਮਨੁੱਖ ਦੀ ਅੰਦਰ ਦੀ ਸ਼ਕਤੀ ਹੈ ਉਹ ਹੀ ਮਨੁੱਖ ਦੀ ਸਭ ਤੋਂ ਉਤਮ ਮਿੱਤਰ ਹੈ। ਲੋੜ ਦੇ ਸਮੇਂ ਇਹ ਅੰਦਰ ਦਾ ਮਿਤ੍ਰ ਹੀ ਵਧੇਰੇ ਕੰਮ ਆਉਂਦਾ ਹੈ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ, ਐਥੋਂ ਲੈ ਕੇ ਅੱਗੇ ਤੱਕ ਉਸ ਦਾ ਮਾਰਗ ਦਰਸ਼ਨ ਕਰਦਾ ਹੈ, ਇਸ ਸੰਸਾਰ ਤੋਂ ਅੱਗੇ ਤੱਕ ਉਹ ਹੀ ਨਾਲ ਹੁੰਦਾ ਹੈ। ਉਹ ਪ੍ਰਮਾਤਮਾ ਦੀ ਸ਼ਕਤੀ ਦਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ ਹੋ ਸਕਦਾ ਸੰਸਾਰ ਦੀ ਕੋਈ ਵੀ ਵਸਤੂ ਨਾਲ ਉਸ ਦੀ ਤੁਲਨਾ ਬੇਅਰਥ ਹੈ। ਜਿਸਨੂੰ ਸ਼ਕਤੀ ਕਿਹਾ ਜਾਂਦਾ ਹੈ ਉਹ ਹੀ ਚੇਤਨਾ ਦਾ ਬਿੰਦੂ ਹੈ। ਸੰਸਾਰ ਦੇ ਵੱਖ-ਵੱਖ ਭਾਗਾਂ ਵਿਚ ਸ਼ਕਤੀ ਦੇ ਵੱਖ-ਵੱਖ ਨਾਮ ਦਿਤੇ ਗਏ ਹਨ ਸ਼ਕਤੀ ਨੂੰ ਵੱਖ-ਵੱਖ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ। ਆਪਣੀ-ਆਪਣੀ ਸੂਝ, ਆਪਣੀ-ਆਪਣੀ ਅੰਤਰ ਦ੍ਰਿਸ਼ਟੀ ਅਨੁਸਾਰ ਬਹੁਤ ਸਾਰੇ ਵਿਅਕਤੀ ਇਸ ਸ਼ਕਤੀ ਨੂੰ ਆਪਣਾ ਨਿਜੀ ਪ੍ਰਮਾਤਮਾ ਵੀ ਮੰਨਦੇ ਹਨ, ਹੋਰ ਬਹੁਤ ਸਾਰੇ ਇਸ ਨੂੰ ਵਿਸ਼ਵ ਸਤਿ ਮੰਨਦੇ ਹਨ, ਦੂਸਰੇ ਇਸਨੂੰ ਸੰਸਾਰ ਤੋਂ ਵੱਖ ਮੰਨਦੇ ਹਨ ਕੁਝ ਹੋਰ, ਇਸ ਸੰਸਾਰ ਨੂੰ ਇਸ ਸ਼ਕਤੀ ਦਾ ਹੀ ਪ੍ਰਗਟਾਵਾ ਮੰਨਦੇ ਹਨ। ਇਕ ਸੱਚਾ ਜਗਿਆਸੂ ਆਤਮ ਮਾਰਗ ਤੇ ਤੁਰ ਪੈਂਦਾ ਹੈ, ਉਦੋਂ ਤੱਕ ਨਹੀਂ ਰੁਕਦਾ ਠਹਿਰਦਾ ਜਦੋਂ ਤਕ ਉਸ ਸਤਿ ਦਾ ਸੰਪੂਰਨਤਾ ਦਾ ਪ੍ਰਤੱਖ ਅਨੁਭਵ ਦਾ ਹੋ ਜਾਵੇ।

ਸਤਿ ਪ੍ਰਾਪਤੀ ਦੀ ਸੰਯੁਕਤ ਕ੍ਰਿਆ ਹਰਿ ਮਨੁੱਖ ਦੇ ਅੰਦਰ ਹੈ। ਕਈਆਂ ਵਿਚ ਇਹ ਦਬੀ ਪਈ ਰਹਿੰਦੀ ਹੈ, ਦੂਸਰਿਆਂ ਵਿਚ ਜਾਗੀ ਹੁੰਦੀ ਹੈ। ਜਿਨ੍ਹਾਂ ਵੱਧ ਤੁਸੀਂ ਆਪਣੀ ਸਚੇਤਨਤਾ ਨੂੰ ਪ੍ਰਮਾਤਮਾ ਵਾਲੇ ਪਾਸੇ ਲਗਾਉਂਦੇ ਹੋ, ਉਨ੍ਹਾਂ ਹੀ ਤੁਹਾਨੂੰ ਸੰਸਾਰ ਦੀ ਨਾਸ਼ਵਰਤਾ ਦਾ ਸੰਸਾਰ ਦੇ ਖੋਖਲੇ ਹੋਣ ਦਾ ਅਹਿਸਾਸ ਹੁੰਦਾ ਹੈ। ਸੰਸਾਰ ਦੀ ਨਾਸ਼ਵਰਤਾ ਨੂੰ ਜਾਣ ਲੈਣ ਤੋਂ ਬਾਅਦ ਮਨੁੱਖ ਆਪਣੇ ਮਨ ਸੰਸਾਰ ਤੋਂ ਹਟਾ ਲੈਂਦਾ ਹੈ ਅਤੇ ਅੰਦਰ ਦੀ ਖੋਜ ਵਲ ਚਲਾ ਜਾਂਦਾ ਹੈ। ਪ੍ਰਮਾਤਮਾ ਦੀ ਪੂਰਨਤਾ ਪ੍ਰਾਪਤ ਕਰਕੇ, ਸੰਸਾਰ ਦੀ ਛਿਨ ਭੰਗਰਤਾ ਲਈ ਜਾਣੂ ਹੋ ਕੇ ਸੰਸਾਰ ਦੀਆਂ ਵਸਤਾਂ ਦੀ ਵਿਅਰਥਪਨ ਨੂੰ ਸਮਝ ਕੇ ਮਨੁੱਖ ਵੈਰਾਗੀ ਹੁੰਦਾ ਹੈ, ਬੇਲਾਗ ਹੁੰਦਾ ਹੈ, ਗੰਭੀਰ ਹੋ ਜਾਂਦਾ ਹੈ। ਗੰਭੀਰ ਹੋਣ ਤੋਂ ਬਾਅਦ ਨਿਰਲਿਪਤ ਹੋਣ ਤੋਂ ਬਾਅਦ ਜਗਿਆਸੂ ਇਛਾਵਾਂ ਤੋਂ ਮੁਕਤ ਹੋ ਜਾਂਦਾ ਹੈ, ਮਨ ਦੀਆਂ ਤਰੰਗਾਂ ਜਾਂਦੀਆਂ ਰਹਿੰਦੀਆਂ ਹਨ, ਲਾਲਸਾਵਾਂ ਤੋਂ ਮੁਕਤ ਹੋ ਜਾਂਦਾ ਹੈ, ਬੇਚੈਨੀ ਖਤਮ ਹੋ ਜਾਂਦੀ ਹੈ, ਅੰਤ ਵਿਚ ਸਾਰੇ ਵਿਘਨਾਂ ਤੋਂ ਮੁਕਤ ਹੋ ਕੇ ਫੇਰ ਉਹ ਆਪਣਾ ਅਭਿਆਸ ਸ਼ੁਰੂ ਕਰਦਾ ਹੈ, ਮੋਹ ਤੋਂ ਮੁਕਤ ਹੋ ਕੇ ਅਭਿਆਸ ਵਧੇਰੇ ਪੂਰਨ ਰੂਪ ਵਿਚ ਹੋ ਸਕਦਾ ਹੈ, ਅਭਿਆਸ ਮੋਹ ਤੋਂ ਮੁਕਤੀ ਇਨ੍ਹਾਂ ਦੋਨਾਂ ਦੀ ਪ੍ਰਾਪਤੀ ਨਾਲ ਉਹ ਖੋਜ ਕਰਦਾ ਆਪਣੇ ਗੋਲ ਤੇ ਪਹੁੰਚ ਜਾਂਦ ਹੈ।

ਆਪਣੇ ਅੰਦਰ ਮਨੁੱਖ ਜਾਣਦਾ ਹੈ ਕਿ ਉਸ ਦਾ ਗਿਆਨ ਅਜੇ ਪੂਰਣ ਨਹੀਂ ਅਧੂਰਾ ਹੀ ਹੈ। ਉਹ ਇਹ ਵੀ ਜਾਣਦਾ ਹੈ ਕਿ ਸੰਸਾਰ ਉਸਨੂੰ ਕੁਝ ਵੀ ਨਹੀਂ ਦੇ ਸਕਦਾ। ਇਕ ਵਾਰੀ ਜਦੋਂ ਜਗਿਆਸੂ ਜਦੋਂ ਆਪਣੀਆਂ ਇਛਾਵਾਂ ਦਾ, ਤਰੰਗਾਂ ਦਾ, ਲਾਲਸਾ ਦਾ ਵਿਸ਼ਲੇਸ਼ਨ ਕਰਦਾ ਹੈ ਉਹ ਇਸ ਨਤੀਜੇ ਤੇ ਪਹੁੰਚਦਾ ਹੈ ਕਿ ਇਛਾਵਾਂ ਦੀ ਪੂਰਤੀ ਕਦੀ ਵੀ ਨਹੀਂ ਹੋ ਸਕਦੀ, ਸੰਸਾਰ ਦੀਆਂ ਪਦਾਰਥਾਂ ਲੈ ਕੇ ਉਨ੍ਹਾਂ ਦੀ ਪ੍ਰਾਪਤੀ ਕਰਕੇ ਇਛਾਵਾਂ ਦੀ ਪੂਰਤੀ ਕਦੀ ਵੀ ਨਹੀਂ ਹੋ ਸਕਦੀ, ਚਾਹੇ ਜੋ ਕੁਝ ਵੀ ਤੁਸੀਂ ਪ੍ਰਾਪਤ ਕਰ ਲਵੋ ਫੇਰ ਵੀ ਮਨ ਵਿਚ ਇਹ ਲੱਗਾ ਰਹਿੰਦਾ ਹੈ, ਹੋਰ ਅਜੇ ਹੋਰ। ਇਸ ਤਰ੍ਹਾਂ ਨਾਲ ਅਸੰਤੁਸ਼ਟਤਾ ਬਣੀ ਰਹਿੰਦੀ ਹੈ, ਤ੍ਰਿਪਤੀ ਹੁੰਦੀ ਹੀ ਨਹੀਂ, ਭਾਵੇਂ ਕਿੰਨੀਆਂ ਵੀ ਪੂਰੀਆਂ ਕਰੋ, ਕਿੰਨੀ ਹੀ ਵਸਤੂਆਂ ਚੀਜ਼ਾਂ ਹੋਣ ਫੇਰ ਵੀ ਹੋਰ, ਹੋਰ ਲੱਗੀ ਰਹਿੰਦੀ ਹੈ ਪਰ ਜਦੋਂ ਅਸੀਂ ਆਤਮਕ ਪੱਖ ਤੋਂ ਦੇਖਦੇ ਹਾਂ ਤਾਂ ਇਹ ਬਹੁਤ ਹੀ ਇਕ ਸ਼ੁੱਭ ਸੰਕੇਤ ਹੈ, ਇਹ ਆਤਮ ਮਾਰਗ ਲਈ ਸਹਾਇਕ ਹੋ ਕੇ ਸਚੇਤਨਤਾ ਦਿੰਦਾ ਹੈ। ਇਹ ਪ੍ਰਾਪਤੀ ਸਤਿ ਦੀ ਖੋਜ ਲਈ ਪ੍ਰੇਰਨਾ ਦਿੰਦੀ ਹੈ ਤੇ ਸੰਸਾਰਕ ਪਦਾਰਥਾਂ ਤੋਂ ਉਪਰ ਰੱਖਦੀ ਹੈ। ਇਹ ਪ੍ਰਾਪਤੀ ਕਰਕੇ, ਮਨੁੱਖ ਦੀ ਸੰਸਾਰ ਤੋਂ ਕਿਸੇ ਵੀ ਪਰਾਪਤੀ ਤੋਂ ਆਸ ਖਤਮ ਹੋ ਜਾਂਦੀ ਹੈ। ਨਾਲ ਹੀ ਉਚੀਆਂ ਆਸਾਂ ਦੀ ਬਖਸ਼ਿਸ਼ ਹੁੰਦੀ ਹੈ, ਬਲ ਮਿਲਦਾ ਹੈ ਸ਼ਕਤੀ ਮਿਲਦੀ ਹੈ।

ਜਦੋਂ ਤੱਕ ਮਨੁੱਖ ਆਪਣੀ ਹਉਮੈ ਵਿਚ ਹੀ ਉਲਝਿਆ ਰਹੇਗਾ, ਉਹ ਸਤਿ ਦੀਆਂ ਉਚੀਆਂ ਤੇ ਡੂੰਘੀਆਂ ਪੱਧਰਾਂ ਨੂੰ

ਨਹੀਂ ਜਾਣ ਸਕਦਾ, ਸੰਸਕਾਰ ਸ਼ੁੱਧ ਹੋ ਜਾਣ ਨਾਲ ਜਗਿਆਸੂ ਹਉਮੈ ਤੋਂ ਉਪਰ ਉਠ ਜਾਂਦਾ ਹੈ ਤੇ ਸੰਸਾਰਕ ਵਸਤੂਆਂ ਦੀ ਵਰਤੋਂ ਨੂੰ ਬੜੀ ਚੰਗੀ ਤਰ੍ਹਾਂ ਨਾਲ ਸਮਝ ਜਾਂਦਾ ਹੈ ਜਿਵੇਂ ਹੀ ਮਨੁੱਖ ਸੰਸਾਰ ਦੀ ਛਿਨਭੰਗਰਤਾ ਨੂੰ ਜਾਣ ਕੇ, ਸਮਝ ਕੇ ਉਸ ਤੋਂ ਉਚਾਟ ਹੋ ਜਾਂਦਾ ਹੈ, ਪ੍ਰਮਾਤਮਾ ਦੀ ਚੇਤਨਾ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਸ ਦਾ ਹਿਰਦਾ ਪ੍ਰਮਾਤਮ ਪਿਆਰ ਨਾਲ ਭਰ ਜਾਂਦਾ ਹੈ, ਜਦੋਂ ਤੱਕ ਮਨ ਇਛਾਵਾਂ ਨਾਲ ਭਰਿਆ ਰਹਿੰਦਾ ਹੈ, ਨਾ ਤਾਂ ਉਸ ਦਾ ਭਰੋਸਾ ਬਣਦਾ ਹੈ, ਪ੍ਰਮਾਤਮਾ ਲਈ ਉਹ ਜਾਗਰੂਪ ਨਹੀਂ ਹੁੰਦਾ ਨਾ ਹੀ ਉਸ ਨੂੰ ਅਨੁਭਵ ਦੀ ਅਭਿਲਾਸਾ ਹੋ ਸਕਦੀ ਹੈ।

ਜਗਿਆਸੂ ਨੂੰ ਆਪਣੇ ਮਨ ਤੇ ਪੂਰਾ ਕਾਬੂ ਰੱਖਣਾ ਚਾਹੀਦਾ ਹੈ, ਮਨ ਨੂੰ ਕਾਬੂ ਕਰਕੇ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾ ਕੇ ਜਗਿਆਸੂ ਲਾਲਚ ਤੋਂ ਦਿਲ ਨੂੰ ਲੁਭਾਇਮਾਨ ਕਰਨ ਵਾਲੀਆਂ ਵਸਤਾਂ ਤੋਂ ਮੁਕਤੀ ਪਾ ਲੈਂਦਾ ਹੈ। ਮਾਇਆ ਜਾਲ ਤੋਂ ਮੁਕਤ ਹੋ ਕੇ ਜਦੋਂ ਮਨ ਵਿਚ ਕੁਝ ਹੋਰ ਨਹੀਂ ਕੇਵਲ ਪ੍ਰਮਾਤਮਾ ਦੀ ਹੀ ਤਾਂਘ ਰਹਿ ਜਾਂਦੀ ਹੈ। ਇਕ ਵਾਰੀ ਜਦੋਂ ਇਸ ਤਰ੍ਹਾਂ ਦੀ ਤਾਂਘ ਜਾਗ ਜਾਂਦੀ ਹੈ ਫੇਰ ਜਗਿਆਸੂ ਦਾ ਧਿਆਨ ਮੈਡੀਟੇਸ਼ਨ ਵਿਚ ਲਗ ਪੈਂਦਾ ਹੈ। ਜਦੋਂ ਧਿਆਨ ਮੈਡੀਟੇਸ਼ਨ ਕਰਦਿਆਂ ਸਮਾਂ ਲੰਘ ਜਾਂਦਾ ਹੈ, ਜਗਿਆਸੂ ਨੂੰ ਸਤਿ ਪ੍ਰਤੱਖ ਹੋਣ ਲਗ ਪੈਂਦਾ ਹੈ, ਜਿਸ ਨਾਲ ਉਸ ਦਾ ਭਰੋਸਾ ਹੋਰ ਪੱਕਾ ਹੁੰਦਾ ਜਾਂਦਾ ਹੈ। ਅੰਦਰ ਦਾ ਵਿਕਾਸ ਹੁੰਦਾ ਰਹਿੰਦਾ ਹੈ ਜਿਸ ਨਾਲ ਅੰਤ ਵਿਚ ਉਹ ਸ਼ਕਤੀ ਦਾ ਸ੍ਰੋਤ ਬਣ ਜਾਂਦਾ ਹੈ, ਇਹ ਜਗਿਆਸੂ ਲਈ ਇਕ ਪ੍ਰੇਰਨਾ ਹੁੰਦੀ ਹੈ ਉਹ ਠੀਕ ਮਾਰਗ ਤੇ ਹੈ, ਉਹ ਇਸ ਮਾਰਗ ਤੇ ਚਲਦਿਆਂ ਸੰਪੂਰਨ ਹੋ ਜਾਂਦਾ ਹੈ।

ਸਤਿ ਦੀ ਖੋਜ, ਪ੍ਰਮਾਤਮਾ ਦੀ ਪ੍ਰਾਪਤੀ ਦੀ ਖੋਜ ਆਪਣੇ ਆਪ ਵਿਚ ਹੀ ਇਕ ਬਹੁਤ ਵੱਡਾ ਸਦਗੁਣ ਹੈ ਪਿਛਲੇ ਚੰਗੇ ਕਰਮਾਂ ਕਰਕੇ, ਪ੍ਰਮਾਤਮਾ ਭਗਤੀ ਦੀ ਬਖਸ਼ਿਸ਼ ਹੁੰਦੀ ਹੈ। ਕਿੰਨੇ ਕੁ ਸੱਚੇ ਦਿਲ ਨਾਲ ਕਿੰਨੀ ਲਗਨ ਨਾਲ ਖੋਜ ਕਰਦੇ ਹੋ, ਉਹ ਜਗਿਆਸੂ ਦੇ ਮਨ ਦੀ ਸ਼ੁੱਧੀ ਤੇ ਤੀਖਣ ਬੁੱਧੀ ਦੇ ਅਨੁਸਾਰ ਹੈ। ਜਿੰਨਾਂ ਸ਼ੁੱਧ ਹਿਰਦਾ ਹੋਵੇਗਾ ਤੀਖਣ ਬੁੱਧੀ ਹੋਵੇਗੀ ਓਨਾਂ ਹੀ ਵੱਧ ਉਹ ਧਿਆਨ ਲਗਾ ਸਕੇਗਾ ਸਤਿ ਦੀ ਖੋਜ ਕਰ ਸਕੇਗਾ। ਜਿਵੇਂ ਕਿ ਕਿਹਾ ਹੈ ਕਿ ਜਿਸ ਜਿਸ ਤਰ੍ਹਾਂ ਧਿਆਨ ਲਗਾਓਗੇ, ਮੈਡੀਟੇਸ਼ਨ ਕਰੋਗੇ ਉਸ-ਉਸ ਤਰ੍ਹਾਂ ਹੀ ਸਤਿ ਤੁਹਾਡੇ ਅੱਗੇ ਆਉਂਦਾ ਜਾਏਗਾ, ਪ੍ਰਤੱਖ ਅਨੁਭਵ ਹੋਣਗੇ, ਇਸੇ ਤਰ੍ਹਾਂ ਕਰਦਿਆਂ ਤੁਹਾਡਾ ਵਿਸ਼ਵਾਸ਼ ਦ੍ਰਿੜ੍ਹ ਹੁੰਦਾ ਜਾਏਗਾ। ਜਿਸ ਤਰ੍ਹਾਂ ਹੌਲੀ-ਹੌਲੀ ਸਤਿ ਅੱਗੇ ਆਉਂਦਾ ਜਾਏਗਾ ਉਸ ਤਰ੍ਹਾਂ ਹੀ ਜਗਿਆਸੂ ਦੇ ਸ਼ੰਕੇ ਨਵਿਰਤ ਹੁੰਦੇ ਜਾਣਗੇ, ਫੇਰ ਉਸ ਦਾ ਵਿਸ਼ਵਾਸ਼ ਦ੍ਰਿੜ੍ਹ ਹੁੰਦਾ ਜਾਏਗਾ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........

ਪਤਾ/Address ..........

..........

..........

..........Pin Code..........

Phone.......... E-mail :..........

ਮੈਂ..........ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ..........ਮਿਤੀ..........ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

ਦਸਖਤ..........

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

ਆਤਮ ਮਾਰਗ ਦਾ ਪੈਂਡਾ, ਵਧੇਰੇ ਪ੍ਰਵੇਗ ਪਕੜ ਲੈਂਦਾ ਹੈ ਜਦੋਂ ਜਗਿਆਸੂ ਇਹ ਜਾਣ ਜਾਂਦਾ ਹੈ ਕਿ ਸੰਸਾਰ ਇਕ ਮਾਇਆ ਜਾਲ ਹੈ ਛਿਨ ਭੰਗਰ ਹੈ, ਨਾਸ਼ਵਰ ਹੈ, ਉਹ ਇਰ ਦੇਖ ਲੈਂਦਾ ਹੈ ਕਿ ਸੰਸਾਰਕ ਵਸਤੂਆਂ, ਉਨ੍ਹਾਂ ਦਾ ਅਨੁਭਵ ਬਹੁਤ ਹੀ ਸੀਮਤ ਹੈ, ਜਗਿਆਸੂ ਉਨ੍ਹਾਂ ਦਾ ਪਿੱਛਾ ਛੱਡ ਕੇ ਅੰਤਰਮੁਖੀ ਹੋ ਜਾਂਦਾ ਹੈ ਉਹ ਇੰਦ੍ਰੀਆਂ ਦੇ ਭੋਗ ਦਾ ਤਿਆਗ ਕਰਦਾ ਹੈ, ਉਸ ਦੀ ਸ਼ਕਤੀ ਅੰਤਰਮੁਖੀ ਹੋ ਜਾਂਦੀ ਹੈ, ਉਹ ਅੰਤਰ ਦੀ ਸ਼ਕਤੀ ਨੂੰ ਪ੍ਰਗਟ ਕਰਨ ਤੇ ਲਗ ਜਾਂਦਾ ਹੈ, ਉਹ ਸੰਸਾਰ ਤੋਂ ਉਪਰ ਉਠ ਕੇ, ਅੰਤਰ ਦੀ ਅਸੀਮ ਸ਼ਕਤੀ ਨੂੰ ਖੋਜਣ ਲਗ ਪੈਂਦਾ ਹੈ। ਜਦੋਂ ਤੱਕ ਜਗਿਆਸੂ ਨੂੰ ਸੰਸਾਰ ਦੀ ਸੰਸਾਰਕ ਪਦਾਰਥਾਂ ਦੀ ਤੁਛਤਾ ਦੀ ਸਮਝ ਨਹੀਂ ਆਉਂਦੀ, ਪ੍ਰਮਾਤਮਾ ਦੀ ਮਿਹਰ ਸ਼ਕਤੀ ਦਾ ਅਨੁਭਵ ਨਹੀਂ ਹੁੰਦਾ, ਪ੍ਰਮਾਤਮਾ ਵਿਚ ਜਗਿਆਸੂ ਦਾ ਵਿਸ਼ਵਾਸ਼ ਪੱਕਾ ਨਹੀਂ ਹੁੰਦਾ, ਫਲਦਾਇਕ ਨਹੀਂ ਹੁੰਦਾ। ਪੱਕੇ ਵਿਸ਼ਵਾਸ਼ ਤੋਂ ਬਿਨਾਂ, ਫਲਦਾਇਕ ਵਿਸ਼ਵਾਸ਼ ਤੋਂ ਬਿਨਾਂ ਵਿਸ਼ਵਾਸ਼ ਪੱਕਾ ਹੁੰਦਾ ਹੀ ਨਹੀਂ ਉਹ ਇਕ ਦਿਖਾਵਾ ਹੀ ਹੋਇਆ ਕਰਦਾ ਹੈ। ਇਸੇ ਕਰਕੇ ਰੋਜ਼ ਦੇ ਜੀਵਨ ਵਿਚ ਜਦੋਂ ਸਫਲਤਾ ਮਿਲਦੀ ਹੈ ਜਾਂ ਨਿਰਾਸਤਾ ਮਿਲਦੀ ਹੈ ਉਨ੍ਹਾਂ ਦਾ ਪ੍ਰਭਾਵ ਜਦੋਂ ਉਸ ਉਤੇ ਪੈਂਦਾ ਹੈ ਤਾਂ ਉਹ ਸੰਸਾਰ ਤੋਂ ਸਹਾਇਤਾ ਮੰਗਦਾ ਹੈ ਡਰ ਹੋਣਾ ਕਿਸ ਚੀਜ਼ ਦਾ ਭੈ ਰੱਖਾਂ, ਦੁਰਬਲਤਾ ਹੋਣੀ ਇਹ ਇਕ ਤਰ੍ਹਾਂ ਨਾਲ ਇਸ ਗੱਲ ਦਾ ਸੰਕੇਤ ਹੁੰਦੇ ਹਨ ਕਿ ਤੁਹਾਡਾ ਵਿਸ਼ਵਾਸ਼ ਸੰਸਾਰ ਵਿਚ ਵਧੇਰੇ ਹੈ, ਪ੍ਰਮਾਤਮਾ ਵਿਚ ਘੱਟ ਹੈ। ਜਿਸ ਮਨੁੱਖ ਦਾ ਵਿਸ਼ਵਾਸ਼ ਪ੍ਰਮਾਤਮਾ ਵਿਚ ਵਧੇਰੇ ਹੋਵੇਗਾ ਉਹ ਆਪਣੇ ਮਨ ਦੀ ਸ਼ਾਂਤੀ ਸੰਸਾਰ ਵਿਚ ਨਹੀਂ ਖ੍ਵੈ ਕਰੇਗਾ। ਸੰਸਾਰਕ ਲਾਭ ਜਾਂ ਹਾਨੀ ਨਾਲ ਆਪਣੇ ਮਨ ਨੂੰ ਅਸ਼ਾਂਤ ਨਹੀਂ ਹੋਣ ਦੇਵੇਗਾ। ਉਸ ਦੇ ਜੀਵਨ ਵਿਚ ਹਰ ਹਾਲਾਤ, ਹਰ ਚੀਜ਼ ਜੀਵਨ ਦੀ ਹਰ ਘਟਨਾ ਸਭ ਕੁਝ ਚੰਗਾ ਹੀ ਚੰਗਾ ਹੈ ਅੱਛਾ ਹੀ ਅੱਛਾ ਹੈ, ਮਾੜਾ ਕੁਝ ਹੈ ਹੀ ਨਹੀਂ, ਕਿਉਂਕਿ ਉਸ ਦਾ ਜੀਵਨ ਪ੍ਰਮਾਤਮਾ ਦੇ ਅਧੀਨ ਹੈ ਪ੍ਰਮਾਤਮਾ ਦੀ ਦੇਖ ਰੇਖ ਵਿਚ ਹੈ।

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 03, 10, 17, 24 ਫਰਵਰੀ

**ਸੰਗਰਾਂਦ** – 12 ਫਰਵਰੀ, ਦਿਨ ਮੰਗਲਵਾਰ।

**ਪੂਰਨਮਾਸ਼ੀ** – 21 ਫਰਵਰੀ, ਦਿਨ ਵੀਰਵਾਰ।
(ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 23 ਫਰਵਰੀ 2008, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/– |
| 2. | ਕਿਵ ਕੂੜੈ ਤੁਟੈ ਪਾਲਿ | 40/– | 35/– |
| 3. | ਬਾਤ ਅਗੰਮ ਕੀ –ਸੱਤ ਭਾਗਾਂ ਵਿਚ | 155/– | 235/– |
| 4. | ਕਿਵ ਸਚਿਆਰਾ ਹੋਈਐ –੧ | 30/– | 35/– |
| 5. | ਕਿਵ ਸਚਿਆਰਾ ਹੋਈਐ –੨ | 60/– | 65/– |
| 6. | ਕਿਵ ਸਚਿਆਰਾ ਹੋਈਐ – ੩ | 100/– | 100/– |
| 7. | ਹੋਵੈ ਅਨੰਦੁ ਘਣਾ | 25/– | 30/– |
| 8. | ਚਉਥੈ ਪਹਰਿ ਸਬਾਹ ਕੈ | 55/– | 60/– |
| 9. | ਸੁਰਤਿਆਂ ਉਪਜੈ ਚਾਉ | 40/– | 40/– |
| 10. | ਬਾਬਾਣੀਆਂ ਕਹਾਣੀਆਂ | 50/– | 50/– |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 12. | ਅੰਮ੍ਰਿਤ ਫੁਹਾਰ | 10/– | 10/– |
| 13. | ਅਗੰਮ ਅਗੋਚਰ ਦਾ ਮਾਰਗ | 60/– | 70/– |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/– | 15/– |
| 15. | ਅਮਰ ਜੋਤਾਂ | 15/– | 15/– |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/– | |
| 18. | ਅਮਰ ਗਾਥਾ | 100/– | 100/– |
| 19. | ਧਰਮ ਯੁਧ ਕੇ ਚਾਇ | 50/– | |
| 20. | ਪਵਿਤਰ ਪੈਂਡਾ | 25/– | |
| 21. | ਭਗਤ ਪ੍ਰਹਿਲਾਦ | 10/– | 10/– |
| 22. | ਵੈਸਾਖੀ | 10/– | |
| 23. | ਰਾਜ ਯੋਗ | 40/– | |
| 24. | ਸਾਜਨ ਚਲੇ ਪਿਆਰਿਆ | 10/– | 10/– |
| 25. | ਅਬਿਨਾਸੀ ਜੋਤ ਭਾਗ–1 | 90/– | |
| 26. | ਅਬਿਨਾਸੀ ਜੋਤ ਭਾਗ–2 | 90/– | |
| 27. | ਰੂਹਾਨੀ ਗੁਲਦਸਤਾ –1 | 60/– | |
| 28. | ਰੂਹਾਨੀ ਗੁਲਦਸਤਾ – 2 | 60/– | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/– | |
| 31. | ਗੁਰੂ ਅਮਰਦਾਸ ਪਰਸੀਐ | 50/– | |
| 32. | ਭਗਵਤ ਗੀਤਾ.............। | 100/– | |
| 33. | ਬਿਨ ਗੁਰ ਮੁਕਤਿ ਨ ਹੋਵਈ | 10/– | |
| 34. | ਅਨੰਦਮਈ ਜੀਵਨ ਜਾਚ | 50/– | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/– | |
| 36. | ਅਨੁਭਵੀ ਪ੍ਰਵਚਨ | 50/– | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/– | |
| 38. | ਅੰਦਰਲੀ ਖੋਜ | 130/– | |
| 39. | ਸਿਮਰਤ ਕਹਾਂ ਨਹੀਂ | 135/– | |
| 40. | ਰੂਹਾਨੀ ਪ੍ਰਵਚਨ | 35/– | |
| 41. | 'ਸੇਵਾ ਸਿਮਰਨ ਜੁਗਤੀਆਂ' | 160/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| **16.** | **Divine Word Contemplation Path**', | 70/- |